# ਸਮਤਾ

ਫਰਵਰੀ 1984 (ਅੰਕ 45)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਫਰਵਰੀ 1984

45

ਮੁੱਲ—ਦੋ ਰੁਪਏ

## ਸੰਪਾਦਕੀ ਟਿੱਪਣੀਆਂ

**1. ਬੁਰਜੂਆ ਸਿਆਸਤ ਦਾ ਜਾਲ :**

ਦੇਸ਼ ਦੀਆਂ ਬੁਰਜੂਆ ਪਾਰਲੀਮਾਨੀ ਪਾਰਟੀਆਂ ਦੇਸ਼ ਦੀ ਸਾਰੀ ਸਿਆਸਤ ਦਾ ਕਾਂਟਾ ਮੋੜਨ ਲਈ ਇਕ ਬੜੀ ਭਾਰੀ ਸਾਜ਼ਸ਼ ਕਰ ਰਹੀਆਂ ਹਨ ਅਤੇ ਮੰਦੇ ਭਾਗਾਂ ਨੂੰ ਖੱਬੀ ਧਿਰ ਦੀ ਸਿਆਸਤ ਵੀ ਜਾਣੇ ਅਤੇ ਅਣਜਾਣੇ ਇਸ ਦੇ ਜਾਲ ਵਿਚ ਫਸ ਰਹੀ ਹੈ। ਮਹਿੰਗਾਈ ਸਿਖ਼ਰਾਂ ਨੂੰ ਛੂਹ ਗਈ ਹੈ। ਸਰਕਾਰ ਦੀਆਂ ਗ਼ਲਤ ਨੀਤੀਆਂ ਅਤੇ ਨਾਲਾਇਕ ਅਤੇ ਭ੍ਰਿਸ਼ਟਾਚਾਰੀ ਸਰਕਾਰੀ ਅਮਲੇ ਦੀ ਬਦੌਲਤ ਸਾਧਾਰਨ ਬੰਦਾ ਤ੍ਰਾਹ ਤ੍ਰਾਹ ਕਰ ਰਿਹਾ ਹੈ। ਸੌਲ੍ਹਾਂ ਸੌਲ੍ਹਾਂ ਘੰਟੇ ਬਿਜਲੀ ਬੰਦ ਹੋਣ ਕਰਕੇ ਛੋਟੀ ਸਨਅਤ ਤੇ ਲੱਗੇ ਮਜ਼ਦੂਰ ਵਿਹਲੇ ਬੈਠੇ ਹਨ। ਛੋਟੇ ਕਾਰਖ਼ਾਨੇਦਾਰ ਵੱਧ ਸੰਕਟ ਵਿਚ ਹਨ। ਕਿਸਾਨ ਨੂੰ ਆਪਣੀ ਜਿਨਸ ਦਾ ਮੁੱਲ ਨਹੀਂ ਮਿਲਦਾ। ਮਿਲਾਵਟ ਵਾਲੀਆਂ ਖਾਦਾਂ ਅਤੇ ਦਵਾਈਆਂ ਉਹਦੀ ਫਸਲ ਨੂੰ ਤਬਾਹ ਕਰ ਰਹੀਆਂ ਹਨ। ਪਰ ਦੇਸ਼ ਦੀ ਸਿਆਸਤ ਦਾ ਧੁਰਾ ਕਿਧਰੇ ਵੀ ਇਸ ਸੰਕਟ ਉਤੇ ਨਹੀਂ ਹੈ, ਤੇ ਨਾ ਹੀ ਇਹਨਾਂ ਗੱਲਾਂ ਵਲ ਧਿਆਨ ਹੈ। ਸਗੋਂ ਸਾਰਾ ਧਿਆਨ ਦੋ ਹੀ ਗੱਲਾਂ ਉਤੇ ਲੱਗਾ ਹੋਇਆ ਹੈ। ਦੇਸ਼ ਦੀਆਂ ਵੱਡੀਆਂ ਵਿਰੋਧੀ ਪਾਰਟੀਆਂ ਅਤੇ ਇਲਾਕਾਈ ਪਾਰਟੀਆਂ ਜਿਨ੍ਹਾਂ ਵਿਚ ਜੰਮੂ-ਕਸ਼ਮੀਰ ਦੀ ਨੈਸ਼ਨਲ-ਕਾਨਫਰੰਸ, ਪੰਜਾਬ ਦੀ ਅਕਾਲੀ ਪਾਰਟੀ ਆਂਧਰਾ ਦੀ ਤੇਲਗੂ-ਦੇਸ਼ਮ, ਕਰਨਾਟਕ ਦੀ ਜੰਤਾ ਪਾਰਟੀ, ਬੰਗਾਲ ਦੀ ਮਾਰਕਸੀ ਪਾਰਟੀ, ਆਸਾਮ ਦੀ ਗਣਤੰਤਰ ਜਾਂ ਵਿਦਿਆਰਥੀਆਂ ਦੀ ਪਾਰਟੀ, ਇਹਨਾਂ ਸਾਰਿਆਂ ਦਾ ਜ਼ੋਰ ਹੁਣ ਸੈਂਟਰ ਕੋਲੋਂ ਵੱਧ ਅਧਿਕਾਰ ਲੈਣ ਦਾ ਹੈ ਅਤੇ ਪ੍ਰਧਾਨ ਮੰਤਰੀ ਦੀ ਸ਼ਖ਼ਸੀਅਤ ਇਹਨਾਂ ਦੇ ਹਮਲੇ ਦਾ ਨਿਸ਼ਾਨਾ ਹੈ। ਸ਼ੁਆਂ ਰਾਹੀਂ, ਤਕਰੀਰਾਂ ਜਾਂ ਆਪਣੇ ਸੂਬਿਆਂ ਵਿਚ ਸਰਕਾਰੀ ਸਹਾਇਤਾ ਨਾਲ 'ਸੂਬਾ ਬੰਦ' ਤਹਿਰੀਕਾਂ ਨਾਲ ਇਹ ਇਹੀ ਸਾਬਤ ਕਰਨਾ ਚਾਹੁੰਦੀਆਂ ਹਨ ਕਿ ਪ੍ਰਧਾਨ ਮੰਤਰੀ ਉਹਨਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਤੋੜਨਾ ਚਾਹੁੰਦੀ ਹੈ। ਜਮਹੂਰੀਅਤ ਨੂੰ ਪ੍ਰਧਾਨ ਮੰਤਰੀ ਕੋਲੋਂ ਖ਼ਤਰਾ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਅਤੇ ਉਹਦੀ ਕਾਂਗਰਸ ਨੇ ਵੀ ਆਪਣੀ ਸਾਰੀ ਸਿਆਸਤ ਦਾ ਧੁਰਾ ਇਸ ਗੱਲ ਤੇ ਮੋੜਿਆ ਹੋਇਆ ਹੈ ਕਿ ਵੱਖਵਾਦੀ ਤਹਿਰੀਕਾਂ ਦੇਸ਼ ਦੀ ਏਕਤਾ ਨੂੰ ਖ਼ਤਰਾ ਹਨ ਅਤੇ ਜਮਹੂਰੀਅਤ ਨੂੰ ਵਿਰੋਧੀ ਧਿਰ ਵਲੋਂ ਖ਼ਤਰਾ ਹੈ। ਇਹਨਾਂ ਕਥਿਤ ਦੋ ਧਿਰਾਂ ਦੀ ਲੜਾਈ ਵਿਚ ਕਿਧਰੇ ਵੀ ਲੋਕਾਂ ਦੇ ਮਸਲੇ ਤਸਵੀਰ ਵਿਚ ਨਹੀਂ ਆਉਂਦੇ। ਹੁਣ ਇਹ ਕੋਈ ਭੁੱਲਿਆ ਹੋਇਆ ਤਾਂ ਨਹੀਂ ਕਿ ਇਲਾਕਾਈ ਪਾਰਟੀਆਂ ਜਿਥੇ ਹਕੂਮਤ ਕਰ ਰਹੀਆਂ ਹਨ ਜਾਂ ਅਕਾਲੀਆਂ ਵਾਂਗ ਜਿਨ੍ਹਾਂ ਨੇ ਦੋ ਤਿੰਨ ਵਾਰ ਆਪਣੇ ਸੂਬੇ ਵਿਚ ਹਕੂਮਤ ਦੀ ਵਾਗਡੋਰ ਸਾਂਭੀ ਵੀ ਹੈ, ਆਪਣੇ ਲੋਕਾਂ ਨੂੰ ਕੋਈ ਚੰਗੀ ਸਰਕਾਰ ਨਹੀਂ ਦੇ ਸਕੀਆਂ। ਇਸ ਲਈ ਇਹਨਾਂ ਦੀ ਸਰਦਾਰੀ ਵਿੱਚ ਬਣੀ ਕੋਈ ਵੱਧ ਅਧਿਕਾਰਾਂ ਵਾਲੀ ਸਰਕਾਰ ਵੀ ਲੋਕਾਂ ਦਾ ਕੁਝ ਨਹੀਂ ਸੰਵਾਰਨ

---

ਇਸ ਅੰਕ ਵਿਚ :

ਸੰਪਾਦਕੀ ਟਿੱਪਣੀਆਂ : ਬੁਰਜੂਆ ਸਿਆਸਤ ਦਾ ਜਾਲ; ਲੋਕ ਭਲਾਈ ਸਕੀਮਾਂ ਤੇ ਸਾਡਾ ਫ਼ਰਜ਼

ਵਿਚਾਰ ਚਰਚਾ : ਵੱਖਵਾਦੀ ਲਹਿਰਾਂ ਜਾਂ ਮੁਕਤੀ ਲਹਿਰਾਂ, ਲੁਧਿਆਣਾ ਜੇਲ੍ਹ ਤੋਂ ਸਾਥੀਆਂ ਦੀ ਇਕ ਚਿੱਠੀ, ਪ੍ਰਦੇਸਾਂ ਵਿਚ ਬੈਠੇ ਹਿੰਦੋਸਤਾਨੀਆਂ ਵਲੋਂ ਇਕ ਟਿੱਪਣੀ, ਕੇਂਦਰੀ ਲਿਖਾਰੀ ਸਭਾ ਦੇ ਸਮਾਗਮ ਬਾਰੇ ਇਕ ਰੀਪੋਰਟ

ਸਾਹਿਤ-ਸੈਮੀਨਾਰ : ਕਿਰਪਾਲ ਕਜ਼ਾਕ ਅਤੇ ਮੁਖ਼ਤਿਆਰ ਸਿੰਘ ਦੀਆਂ ਕਹਾਣੀਆਂ ਅਤੇ ਉਹਨਾਂ ਦੀ ਕਹਾਣੀ ਕਲਾ ਬਾਰੇ ਸ਼ਬਿੰਦਰਜੀਤ ਸਾਗਰ ਅਤੇ ਸ਼ਹਰਯਾਰ ਦੇ ਪੇਪਰ

ਪਾਠਕ ਲੇਖਕ ਫੋਰਮ : ਜਸਵੰਤ ਸਿੰਘ ਕੰਵਲ ਵਲੋਂ ਹੋਰ ਸਪੱਸ਼ਟਤਾ ਅਤੇ ਪ੍ਰੀਤਮ ਸਿੰਘ ਪਰਵਾਨਾ ਦਾ ਲੇਖ 'ਕੰਵਲ ਨੂੰ ਕੀ ਹੋ ਗਿਆ'।

ਲੱਗੀ । ਆਂਧਰਾ ਵਿਚ ਟੀ ਰਾਮਾ ਰਾਓ ਦੀ ਸਰਕਾਰ ਜਿਸ ਤਰ੍ਹਾਂ ਪੁਲਸ ਰਾਜ ਕਾਇਮ ਕਰਕੇ ਜਮਹੂਰੀ ਕਦਰਾਂ ਕੀਮਤਾਂ ਨੂੰ ਅਤੇ ਖਾਸ ਕਰਕੇ ਦੱਬੇ ਕੁਚਲੇ ਲੋਕਾਂ ਦੀਆਂ ਲਹਿਰਾਂ ਨੂੰ ਦਬਾਉਣ ਲਈ ਜਬਰ ਦਾ ਚੱਕਰ ਚਲਾ ਰਹੀ ਹੈ, ਉਹ ਇਕ ਮਿਸਾਲ ਹੈ ਕਿ ਜਿਥੋਂ ਤੱਕ ਮੇਹਨਤਕਸ਼ ਲੋਕਾਂ ਦਾ ਸਵਾਲ ਹੈ, ਇਹ ਸਰਕਾਰ ਕਾਂਗਰਸ ਦੀ ਸਰਕਾਰ ਨਾਲੋਂ ਵੀ ਵਧ ਜਾਬਰ ਹੈ । ਮਦਰਾਸ ਵਿਚ ਅੰਨਾ. ਡੀ. ਐਮ. ਕੇ. ਸਰਕਾਰ ਦਾ ਸ਼ਹਿਰੀ ਹੱਕਾਂ ਬਾਰੇ ਰੀਕਾਰਡ ਬੜਾ ਮਾੜਾ ਹੈ । ਜੰਮੂ ਕਸ਼ਮੀਰ ਦੀ ਸਰਕਾਰ ਭ੍ਰਿਸ਼ਟਾਚਾਰ ਦੇ ਲਿਹਾਜ਼ ਨਾਲ ਬਹੁਤ ਹੀ ਮਾੜੀ ਹੈ । ਖੱਬੀ ਧਿਰ ਦੀ ਸਿਆਸਤ ਦਾ ਤਾਂ ਇਹ ਫਰਜ਼ ਬਣਦਾ ਸੀ ਕਿ ਲੋਕਾਂ ਨੂੰ ਸਹੀ ਸਿਆਸਤ ਬਾਰੇ ਜਾਗ੍ਰਿਤ ਕਰਨ ਕਿ ਕਿਸਤਰ੍ਹਾਂ ਮੌਜੂਦਾ ਅਰਥਚਾਰਾ ਲੋਕ-ਦੁਸ਼ਮਣ ਖਾਸਾ ਰੱਖਦਾ ਹੈ ਜਿਸ ਵਿਚ ਮਿਹਨਤ ਕਰਨ ਵਾਲੇ ਨੇ ਲੁਟੀਣਾ ਹੀ ਲੁਟੀਣਾ ਹੈ। ਭਾਵੇਂ ਉਹ ਕਿਸਾਨ ਹੋਵੇ, ਸਨਅਤੀ ਮਜ਼ਦੂਰ ਹੋਵੇ ਜਾਂ ਖੇਤ ਮਜ਼ਦੂਰ ਹੋਵੇ । ਪਰ ਜਦੋਂ ਅਸੀਂ ਵੀ ਕੌਮ ਜਾਂ ਕੌਮੀਅਤਾਂ ਦੇ ਚੱਕਰ ਵਿਚ ਫਸ ਜਾਂਦੇ ਹਾਂ, ਕੇਂਦਰ ਜਾਂ ਸੂਬੇ ਦੇ ਵੱਧ ਅਧਿਕਾਰਾਂ ਦੀ ਸਿਆਸਤ ਦੀ ਬਹਿਸ ਵਿਚ ਪੈ ਜਾਂਦੇ ਹਾਂ, ਚੰਡੀਗੜ੍ਹ ਦੇ ਮਸਲਿਆਂ ਨੂੰ ਮੁੱਖ ਮਸਲਾ ਕਰਾਰ ਦੇ ਦਿੰਦੇ ਹਾਂ ਤਾਂ ਅਸੀਂ ਬੁਰਜੂਆ ਸਿਆਸਤ ਦੀ ਲੋਕ ਦੁਸ਼ਮਣ ਨੀਤੀਆਂ ਦਾ ਭਾਗ ਬਣ ਜਾਂਦੇ ਹਾਂ । ਲੋੜ ਹੈ ਕਿ ਆਪਣੀ ਸਿਆਸਤ ਨੂੰ ਤੀਜੀ ਧਿਰ ਦੇ ਤੌਰ ਤੇ ਬੜੇ ਸਪੱਸ਼ਟ ਤਰੀਕੇ ਨਾਲ ਤੇ ਬੜੇ ਸਪੱਸ਼ਟ ਸ਼ਬਦਾਂ ਵਿਚ ਲੈ ਕੇ ਜਾਈਏ । ਸਾਡੀ ਸਾਰੀ ਸਿਆਸਤ ਦਾ ਧੁਰਾ ਇਸ ਨਿਜ਼ਾਮ ਨੂੰ ਬਦਲਣ ਵਾਲਾ ਹੋਵੇ । ਇਹਦੇ ਲਈ ਲੋਕਾਂ ਦੀਆਂ ਆਰਥਕ ਮੰਗਾਂ ਦੇ ਦੁਆਲੇ ਸੰਘਰਸ਼ਾਂ ਨੂੰ ਲਾਮਬੰਦ ਕਰੀਏ ਅਤੇ ਉਹਨਾਂ ਦੀ ਅਗਵਾਈ ਸਾਂਭਦੇ ਹੋਏ ਇਹਨਾਂ ਸੰਘਰਸ਼ਾਂ ਨੂੰ ਸਿਸਟਮ ਨੂੰ ਬਦਲਣ ਦੀ ਦਿਸ਼ਾ ਵਲ ਮੋੜੀਏ । ਇਹ ਸੰਘਰਸ਼ ਹੀ ਲੋਕਾਂ ਦੀ ਸਹੀ ਪੜ੍ਹਾਈ ਦਾ ਸਾਧਨ ਬਣਨਗੇ । ਬਜਾਏ ਇਹਦੇ ਕਿ ਬੁਰਜੂਆ ਪਾਰਟੀਆਂ ਵਲੋਂ ਉਠਾਏ ਗਏ ਮਸਲਿਆਂ ਬਾਰੇ ਬਹੁਤੀਆਂ ਟਿੱਪਣੀਆਂ ਕਰਦੇ ਹੋਏ ਆਪਸ ਵਿਚ ਵਾਦ-ਵਿਵਾਦ ਵਿਚ ਪਈਏ, ਅਸੀਂ ਲੋਕਾਂ ਦਾ ਧਿਆਨ ਪ੍ਰਮੁੱਖ ਮਸਲੇ ਵਲ ਦਿਵਾਈਏ ਅਤੇ ਬੀਮਾਰੀ ਦੀ ਜੜ੍ਹ ਉਤੇ ਉਂਗਲ ਰੱਖੀਏ । ਸਾਡੀ ਸਫਲਤਾ ਦੀ ਕਸੁਵੱਟੀ ਇਹ ਗੱਲ ਹੋਵੇਗੀ ਕਿ ਸੱਥ ਚਰਚਾ ਦਾ ਕੇਂਦਰ ਕਿਹੜੇ ਮਸਲੇ ਬਣਦੇ ਹਨ । ਲੋਕਾਂ ਦੀ ਜ਼ਿੰਦਗੀ ਵਿਚੋਂ ਨਿੱਕੀਆਂ ਨਿੱਕੀਆਂ ਮਿਸਾਲਾਂ ਲੈ ਕੇ ਉਹਨਾਂ ਨੂੰ ਇਸ ਨਿਜ਼ਾਮ ਦੇ ਗ਼ਲਤ ਅਰਥਚਾਰੇ ਬਾਰੇ ਜਾਗ੍ਰਿਤ ਕਰਨਾ ਸਾਡਾ ਫਰਜ਼ ਹੈ ਅਤੇ ਇਹੀ ਸਾਨੂੰ ਵੀ ਅਤੇ ਲੋਕਾਂ ਨੂੰ ਬੁਰਜੂਆ ਸਿਆਸਤ ਦੇ ਜਾਲ ਤੋਂ ਫਸਣੋਂ ਬਚਾ ਸਕਦਾ ਹੈ ।

## 2. ਲੋਕ ਭਲਾਈ ਸਕੀਮਾਂ ਤੇ ਸਾਡਾ ਫਰਜ਼

ਸਰਕਾਰ ਨੇ ਲੋਕ ਭਲਾਈ ਦੀਆਂ ਬਹੁਤ ਸਾਰੀਆਂ ਸਕੀਮਾਂ ਆਪਣੇ ਵੱਖ ਵੱਖ ਮਹਿਕਮਿਆਂ ਦੇ ਰਾਹੀਂ ਚਲਾਈਆਂ ਹੋਈਆਂ ਹਨ । ਲੋਕਾਂ ਵਿਚ ਆਪਣੀ ਸਾਖ ਕਾਇਮ ਕਰਨ ਲਈ, ਹਕੂਮਤੀ ਪਾਰਟੀ ਲਈ ਵੋਟਾਂ ਹਾਸਲ ਕਰਨ ਲਈ ਅਤੇ ਇਹਦੇ ਨਾਲ ਹੀ ਭ੍ਰਿਸ਼ਟ ਨੌਕਰਸ਼ਾਹੀ ਨੂੰ ਖੁਰਾਕ ਪੁਚਾਣ ਲਈ ਸਰਕਾਰ ਲਈ ਇਹ ਲੋਕ-ਭਲਾਈ ਸਕੀਮਾਂ ਚਲਾਉਣਾ ਇਕ ਮਜਬੂਰੀ ਵੀ ਹੈ । ਕੌਮੀ ਕੀਤੇ ਬੈਂਕਾਂ ਵਲੋਂ ਗਰੀਬ ਲੋਕਾਂ ਨੂੰ ਪਸ਼ੂਆਂ ਲਈ ਕਰਜ਼ੇ ਦੇਣੇ, ਰਿਕਸ਼ਾ ਚਾਲਕਾਂ ਨੂੰ ਆਪਣੇ ਰਿਕਸ਼ੇ ਬਣਾਉਣ ਲਈ ਕਰਜ਼ੇ ਦੇਣੇ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਛੋਟੀ ਮੋਟੀ ਇੰਡਸਟਰੀ ਲਗਾਉਣ ਲਈ ਕਰਜ਼ੇ ਦੇਣੇ ਲੋਕ ਭਲਾਈ ਦੇ ਕਦਮ ਕਹੇ ਜਾ ਸਕਦੇ ਹਨ । ਇਸੇ ਤਰ੍ਹਾਂ ਕਿਸੇ ਪਿੰਡ ਨੂੰ ਇਕ ਮਾਡਲ ਜਾਂ ਤਜਰਬੇ ਵਾਲਾ ਪਿੰਡ ਕਰਾਰ ਦੇ ਕੇ ਉਥੇ ਪੱਕੀਆਂ ਗਲੀਆਂ ਬਣਾਉਣੀਆਂ, ਗੋਬਰ ਗੈਸ ਦੇ ਪਲਾਂਟ ਲਗਾਉਣੇ, ਸੁਥਰੇ ਪਾਣੀ ਲਈ ਟੈਂਕੀਆਂ ਬਣਵਾਉਣੀਆਂ, ਡੰਗਰ ਹਸਪਤਾਲ ਕਾਇਮ ਕਰਨਾ ਜਾਂ ਹੋਰ ਸਹੂਲਤਾਂ ਦੇਣੀਆਂ, ਇਹ ਸਾਰਾ ਲੋਕ ਭਲਾਈ ਵਿਚ ਦਾ ਕੰਮ ਕਰਾਰ ਦਿੱਤਾ ਜਾ ਸਕਦਾ ਹੈ ਕਿ ਇਹ ਜਾਣਦੇ ਹੋਏ ਵੀ ਇਸ ਸਾਰੀ ਲੋਕ ਭਲਾਈ ਵਿਚ ਮਿੱਥੀ ਹੋਈ ਰਕਮ ਦਾ ਕੁਝ ਹਿੱਸਾ ਹੀ ਅਸਲ ਕੰਮ ਵਿਚ ਲੱਗਦਾ ਹੈ, ਬਾਕੀ ਖਾਧਾ ਹੀ ਜਾਂਦਾ ਹੈ, ਸਾਡਾ ਲੋਕ ਪੱਖੀ ਧਿਰ ਵਾਲਿਆਂ ਦਾ ਇਹਨਾਂ ਸਕੀਮਾਂ ਵਲ ਧਿਆਨ ਦੇਣਾ ਜਾਂ ਇਹਨਾਂ ਨੋਟਿਸ ਲੈਣਾ ਜ਼ਰੂਰੀ ਹੈ । ਇਹਨਾਂ ਨੂੰ ਐਵੇਂ ਸਰਕਾਰ ਦੀਆਂ ਅੱਥਰੂ ਪੂੰਝਣ ਵਾਲੀਆਂ ਕਾਰਵਾਈਆਂ ਕਹਿਕੇ ਅਖੋਂ ਪਰੋਖੇ ਨਹੀਂ ਕਰਨਾ ਚਾਹੀਦਾ । ਇਹ ਯਤਨ ਕਰਨਾ ਚਾਹੀਦਾ ਹੈ ਕਿ ਇਹਨਾਂ ਭਲਾਈ ਦੀਆਂ ਸਕੀਮਾਂ ਦਾ ਪੈਸਾ ਅਸਲ ਲੋਕਾਂ ਉਤੇ ਖਰਚ ਹੋਵੇ ਅਤੇ ਖਾਹਮਖਾਹ ਦੇ ਚੌਧਰੀ ਇਸਨੂੰ ਹੜੱਪ ਨਾ ਕਰ ਜਾਣ । ਸਾਰੇ ਕੌਮੀ ਕੀਤੇ ਬੈਂਕਾਂ ਦੇ ਮੁਲਾਜ਼ਮ ਯੂਨੀਅਨ ਦੇ ਮੈਂਬਰ ਹਨ । ਬਹੁਤੇ ਉਹਨਾਂ ਵਿਚ ਲੋਕ-ਦੁਸ਼ਮਣ ਨਹੀਂ । ਰਿਕਸ਼ਾ ਚਾਲਕਾਂ ਦੀਆਂ ਸਕੀਮਾਂ ਵਿਚ ਜੇਕਰ ਥੜ੍ਹਾ ਜਿਹਾ ਵੀ ਸਰਗਰਮ ਹੋਣ ਤਾਂ ਬਹੁਤ ਸਾਰੇ ਗਰੀਬ ਲੋਕਾਂ ਦੀ ਸਹਾਇਤਾ ਹੋ ਸਕਦੀ ਹੈ । ਹੁਣ ਇਹ ਹੁੰਦਾ ਹੈ ਕਿ ਵਿਚੋਲੇ ਚੌਧਰੀ ਜਿਹੜੇ ਬਹੁਤੇ ਖੱਦਰਧਾਰੀ ਹੀ ਹਨ, ਰਿਕਸ਼ਾ ਚਾਲਕਾਂ ਕੋਲੋਂ ਅੱਧ ਦਾ ਵਾਅਦਾ ਲੈ ਕੇ ਉਹਨਾਂ ਨੂੰ ਬੈਂਕਾਂ ਤੋਂ ਪੈਸਾ ਦਵਾ ਦੇਂਦੇ ਹਨ ਅਤੇ ਨਾਲ ਇਹ ਵੀ ਉਹਨਾ ਨੂੰ ਸਮਝਾ ਦੇਂਦੇ ਹਨ ਕਿ ਇਹ ਪੈਸਾ ਬੈਂਕ ਨੂੰ ਵਾਪਸ ਨਹੀਂ ਕਰਨਾ, ਸਮਝੋ ਤੁਹਾਨੂੰ ਤੁਹਫਾ ਹੀ ਮਿਲ ਗਿਆ ਹੈ । ਮੁਫਤ ਦਾ ਇਸਤਰ੍ਹਾਂ ਪੈਸਾ ਲਿਆਂ ਬਹੁਤੀ ਵਾਰ ਸ਼ਰਾਬ ਆਦਿਕ ਵਿਚ ਹੀ ਉਡ ਜਾਂਦਾ ਹੈ ਅਤੇ ਭ੍ਰਿਸ਼ਟਾਚਾਰੀ ਕਲਚਰ ਦਾ ਪਸਾਰਾ ਵੱਧਦਾ ਹੈ । ਠੀਕ ਲੋਕਾਂ ਨੂੰ ਦਿਵਾਇਆ ਪੈਸਾ ਅਤੇ ਨਾਲ ਹੀ ਉਹਨਾਂ ਨੂੰ ਇਹ ਸੂਝ ਵੀ ਦਿੱਤੀ ਜਾਂਦੀ ਕਿ ਸਮੇਂ ਸਿਰ ਕਿਸ਼ਤ ਜੇਕਰ ਤਾਰ ਦਿੱਤੀ ਜਾਏ ਤਾਂ ਇਹਦੇ ਵਿਚੋਂ ਹੋਰਨਾਂ ਦਾ ਵੀ ਫਾਇਦਾ ਹੋ ਸਕਦਾ ਹੈ ਅਤੇ ਸਕੀਮਾਂ ਅਗੇ ਤੁਰ ਸਕਦੀਆਂ ਹਨ, ਲਾਭਦਾਇਕ ਹੋਵੇਗਾ ।

ਸੂਝਵਾਨ ਲੋਕਾਂ ਵਲੋਂ ਸਾਧਾਰਨ ਲੋਕਾਂ ਦੀ ਰੋਜ਼ ਦੀ ਜ਼ਿੰਦਗੀ ਵਿਚ ਇਹ ਦਖਲ ਅੰਦਾਜ਼ੀ ਸਮਾਜਕ ਗਿਆਨ ਨੂੰ ਵਧਾਂਦੀ ਹੈ। ਇਹ ਗਿਆਨ ਮੁਕਤੀ ਲਈ ਸੰਘਰਸ਼ ਦੇ ਰਾਹ ਨੂੰ ਸੌਖਾ ਬਣਾਉਂਦਾ ਹੈ। ਪਿੰਡਾਂ ਵਿਚ ਵੀ ਜੇਕਰ ਸੂਝਵਾਨ ਲਕ ਦਖਲ ਅੰਦਾਜ਼ੀ ਕਰਨ ਤਾਂ ਝੂਠੇ ਚੌਧਰੀਆਂ ਦਾ ਕੰਮ ਮੁਸ਼ਕਲ ਹੋ ਜਾਦਾ ਹੈ। ਇਸ ਸਿਲਸਲੇ ਵਿਚ ਬਲਾਚੋਰ ਬਲਾਕ ਦੇ ਕੁਝ ਨੌਜਵਾਨਾਂ ਦੇ ਕੰਮ ਦੀ ਮਿਸਾਲ ਦਿਤੀ ਜਾ ਸਕਦੀ ਹੈ, ਜਿਹੜੇ ਪਿੰਡ ਦੇ ਕੰਮਾਂ ਵਿਚ ਦਖਲ ਅੰਦਾਜ਼ੀ ਕਰਦੇ ਹਨ। ਇਸ ਗਲ ਦੀ ਪਹਿਰੇਦਾਰੀ ਕਰਦੇ ਹਨ ਕਿ ਸਰਕਾਰ ਵਲੋਂ ਚਲਾਈਆਂ ਗਈਆਂ ਸਕੀਮਾਂ ਦਾ ਲਾਭ ਅਸਲ ਬੰਦਿਆਂ ਨੂੰ ਹੋਵੇ। ਇਸ ਕੰਮ ਨਾਲ ਪਿੰਡ ਦੇ ਗਰੀਬ ਲੋਕਾਂ ਵਿਚ ਉਹਨਾਂ ਦੀ ਸਾਖ ਵਧੀ ਹੈ ਅਤੇ ਉਹਨਾਂ ਵਲੋਂ ਕੀਤਾ ਸਿਆਸੀ ਪਰਚਾਰ ਵੀ ਲੋਕਾਂ ਵਿਚ ਪੂਰੀ ਕਾਟ ਕਰਦਾ ਹੈ। ਬਹੁਤ ਥਾਂ ਇਹ ਦੇਖਿਆ ਗਿਆ ਹੈ ਕਿ ਸਾਡਾ ਰਵਈਆ ਇਹਨਾਂ ਸਾਰੇ ਕੰਮਾਂ ਵਲ ਮਨਫੀ ਹੁੰਦਾ ਹੈ। ਇਹੋ ਜਹੀ ਸਰਗਰਮੀ ਦਾ ਬਾਈਕਾਟ ਅਸੀ ਆਪਣਾ ਇਨਕਲਾਬੀ ਫਰਜ਼ ਸਮਝਦੇ ਹਾਂ। ਇਸੇ ਕਰਕੇ ਸਾਡੀ ਬਹੁਤ ਸਾਰੀ ਸਿਆਸਤ ਲੋਕਾਂ ਦੇ ਸਿਰਾ ਦੇ ਉਤੋਂ ਦੀ ਲੰਘ ਜਾਂਦੀ ਜਾਂਦੀ ਹੈ। ਸਾਡੀ ਇਹ ਪਹੁੰਚ ਝੂਠੇ ਚੌਧਰੀਆਂ ਲਈ ਰਾਹ ਖੁਲ੍ਹਾ ਛਡ ਦੇਂਦੀ ਹੈ। ਭਲਾਈ ਸਕੀਮਾਂ ਦਾ ਬਾਈਕਾਟ ਨਹੀਂ ਸਗੋਂ ਇਹਨਾਂ ਵਿਚ ਸਰਗਰਮ ਦਖਲ ਅੰਦਾਜ਼ੀ ਹੀ ਸਹੀ ਰਾਹ ਹੈ। ਲੋਕ ਜਥੇਬੰਦੀਆਂ ਨੂੰ ਇਸ ਅਮਲ ਵਲ ਧਿਆਨ ਦੇਣਾ ਚਾਹੀਦਾ ਹੈ।

**ਗੁਰਸ਼ਰਨ ਸਿੰਘ**

---

## ਪੰਜਾਬ ਲੋਕ ਸਭਿਆਚਾਰ ਮੰਚ ਵਲੋਂ ਸਥਾਪਨਾ ਦਿਵਸ ਤੇ ਲੋਕ ਪੱਖੀ ਨਾਟਕਾਂ ਦਾ ਭਰਾਤਰੀ ਮੁਕਾਬਲਾ

- 10-11 ਮਾਰਚ ਨੂੰ ਇਹ ਮੁਕਾਬਲਾ ਪਿੰਡ ਛਦੜਾਂ (ਲੁਧਿਆਨਾ—ਸਮਰਾਲਾ ਰੋਡ) ਵਿਖੇ ਹੋ ਰਿਹਾ ਹੈ।
- ਮੁਕਾਬਲੇ ਲਈ ਨਾਟਕ ਟੀਮ ਦੀ ਦਾਖਲਾ ਫੀਸ 25/- ਹੈ।
- ਨਾਟਕ ਦੇ ਕਰਨ ਦਾ ਸਮਾਂ ਵੱਧ ਤੋਂ ਵੱਧ 90 ਮਿੰਟ ਹੋ ਸਕਦਾ ਹੈ।
- 25 × 15 ਫੁਟ ਦੀ ਪੱਕੀ ਸਟੇਜ ਅਤੇ ਸਾਦਾ ਰੌਸ਼ਨੀਆਂ ਦਾ ਲਾਈਟ ਅਰੇਂਜਮੈਂਟ ਪ੍ਰਬੰਧਕਾਂ ਵਲੋਂ ਹੋਵੇਗਾ। ਸਪੈਸ਼ਲ ਲਾਈਟਾਂ ਨਾਟਕ ਟੀਮਾਂ ਆਪਣੀਆਂ ਲਿਆ ਸਕਦੀਆਂ ਹਨ।
- ਟੀਮਾਂ ਦੇ ਰਹਿਣ ਦਾ ਅਤੇ ਰੋਟੀ ਪਾਣੀ ਦਾ ਪ੍ਰਬੰਧ ਪਲਸ ਮੰਚ ਵਲੋਂ ਕੀਤਾ ਜਾਏਗਾ।
- ਫੱਸਟ, ਸੈਕੰਡ ਅਤੇ ਥਰਡ ਆਉਣ ਵਾਲੀਆਂ ਟੀਮਾਂ ਨੂੰ ਕਰਮਵਾਰ 300/-, 200/- ਅਤੇ 100/- ਦਾ ਨੱਕਦ ਇਨਾਮ ਦਿਤਾ ਜਾਏਗਾ।
- 10-11 ਮਾਰਚ ਦੀ ਦਰਮਿਆਨੀ ਰਾਤ ਟੀਮਾਂ ਦੀ ਠਹਿਰਨੇ ਵਾਲੀ ਥਾਂ ਤੇ ਇਕ ਕੈਂਪ ਫਾਇਰ ਦੀ ਸ਼ਕਲ ਵਿਚ ਲੋਕ ਪੱਖੀ ਗੀਤਾਂ ਦਾ ਸਮਾਗਮ ਹੋਵੇਗਾ।
- 11 ਮਾਰਚ ਸ਼ਾਮ 3–5 ਵਜੇ, ਸਕੂਲ ਦੇ ਬਚਿਆਂ ਦਾ ਗੀਤ ਮੁਕਾਬਲਾ ਹੋਵੇਗਾ, ਜਿਸ ਵਿਚ ਕਿਤਾਬਾਂ ਦੀ ਸ਼ਕਲ ਵਿਚ ਇਨਾਮ ਦਿਤੇ ਜਾਣਗੇ।
- ਪਲਸ ਮੰਚ ਦੇ ਅਹੁਦੇਦਾਰਾਂ ਦੀ ਚੋਣ 11 ਮਾਰਚ ਦੁਪਹਿਰ 2 ਵਜੇ ਕੀਤੀ ਜਾਵੇਗੀ। ਜਿਹੜੇ ਵੀ ਸਾਹਿਤਕਾਰ, ਕਲਾਕਾਰ, ਗੀਤਕਾਰ 11 ਮਾਰਚ ਸਵੇਰੇ ਦੱਸ ਵਜੇ ਤਕ 5/- ਫੀਸ ਦੇ ਕੇ ਪਲਸ ਮੰਚ ਦੀ ਮੈਂਬਰਸ਼ਿਪ ਲੈ ਲੈਣਗੇ, ਉਹ ਇਸ ਚੋਣ ਵਿਚ ਹਿੱਸਾ ਲੈ ਸਕਣਗੇ। ਮੈਂਬਰਸ਼ਿਪ ਲਈ ਖੁਲ੍ਹਾ ਸੱਦਾ ਹੈ।
- ਟੀਮਾਂ ਦੀ ਐਂਟਰੀ ਦੀ ਇਤਲਾਹ ਗੁਰਸ਼ਰਨ ਸਿੰਘ ਪ੍ਰਧਾਨ ਪਲਸ ਮੰਚ, ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ ਅਮ੍ਰਿਤਸਰ, ਦੇ ਪਤੇ ਤੇ 20 ਫਰਵਰੀ ਤਕ ਜ਼ਰੂਰ ਮਿਲਣੀ ਚਾਹੀਦੀ ਹੈ ਅਤੇ ਇਹਦੇ ਵਿਚ ਨਾਟਕ ਅਤੇ ਲੇਖਕ ਦਾ ਨਾਂ ਜ਼ਰੂਰ ਦਸਿਆ ਜਾਏ।

ਪਲਸ ਮੰਚ ਪੰਜਾਬ ਵਿੱਚ ਲੋਕ ਪੱਖੀ ਸਭਿਆਚਾਰ ਦਾ ਇਕ ਫੋਰਮ ਹੈ। ਨਰੋਏ ਸਭਿਆਚਾਰ ਦੇ ਚਾਹਵਾਨ ਲੋਕਾਂ ਨੂੰ ਅਪੀਲ ਹੈ ਕਿ ਮੰਚ ਦੇ ਸਮਾਗਮ ਵਿਚ ਸ਼ਾਮਲ ਹੋਕੇ ਇਸ ਦੀ ਸਫਲਤਾ ਲਈ ਵਡੇ ਪੈਮਾਨੇ ਤੇ ਸਹਿਯੋਗ ਦੇਣ।

ਛਦੜਾਂ ਪਿੰਡ ਵਿਚ ਈਪਾਨਾ (ਕਨੇਡਾ) ਵਲੋਂ ਭੇਜੀ ਗਈ ਸਹਾਇਤਾ ਨਾਲ ਪੱਕੀ ਸਟੇਜ ਉਸਾਰੀ ਜਾ ਰਹੀ ਹੈ। ਨਾਟਕ ਮੁਕਾਬਲੇ ਦੇ ਇਨਾਮ ਦੀ ਰਕਮ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦੀ ਬਰਮਿੰਘਮ ਬਰਾਂਚ ਦੇ ਇਕ ਸਾਥੀ ਵਲੋਂ ਭੇਜੀ ਗਈ ਹੈ। ਪਲਸ ਮੰਚ ਪ੍ਰਦੇਸਾਂ ਵਿਚ ਬੈਠੇ ਆਪਣੇ ਹਿੰਦੋਸਤਾਨੀ ਸਾਥੀਆਂ ਦੀਆਂ ਅਤੇ ਭਰਾਤਰੀ ਸੰਸਥਾਵਾਂ ਦੀ ਧੰਨਵਾਦੀ ਹੈ, ਜੋ ਦਿਲੋਂ ਆਪਣੇ ਦੇਸ਼ ਵਿਚ ਲੋਕ ਪੱਖੀ ਸਭਿਆਚਾਰ ਵਾਸਤੇ ਦਿਲਚਸਪੀ ਰੱਖਦੇ ਹਨ।

ਸਬਜਿੰਦਰ ਕੇਦਾਰ, ਜ.ਸ. ਪਲਸ ਮੰਚ — ਗੁਰਸ਼ਰਨ ਸਿੰਘ, ਪ੍ਰਧਾਨ ਪਲਸ ਮਚ

---

# 1. ਵੱਖਵਾਦੀ ਕਿ ਕੌਮੀ ਮੁਕਤੀ ਘੋਲ ਬਾਰੇ ਕੁਝ ਹੋਰ

**ਜਗਰੂਪ ਸਿੰਘ**

ਮੈਂ ਸੁਰਿੰਦਰ ਕੈਲੇ ਦੇ ਅਹਿਮ ਲੇਖ; ਕੀ ਭਾਰਤ ਟੁਕੜੇ 2 ਹੋ ਜਾਵੇਗਾ ? ਤੇ ਅਪਣੇ ਵਿਚਾਰ 'ਵੱਖਵਾਦੀ ਕਿ ਕੌਮੀ ਮੁਕਤੀਘੋਲ' ਨਾਂ ਹੇਠਾਂ ਪੇਸ਼ ਕੀਤੇ ਸਨ । ਜੋ ਸਮਤਾ, ਦਸੰਬਰ 1983 ਵਿੱਚ ਛਪੇ ਹਨ । ਸਾਥੀ ਚਰਨ ਸਿੰਘ ਦਾ ਮੇਰੇ ਵਿਚਾਰਾਂ ਨੇ, ਧਿਆਨ ਖਿੱਚਿਐ, ਬਹੁਤ ਖੁਸ਼ੀ ਹੋਈ । ਸਾਥੀ ਨੇ ਬਿਨ੍ਹਾਂ ਚੰਗੀ ਤਰ੍ਹਾਂ ਪੜੇ, ਸੋਚੇ, ਵਿਚਾਰੇ, ਮੈਨੂੰ ਖਾਲਿਸਤਾਨ ਦਾ ਮੁੱਦਈ ਐਲਾਨ ਕਰ ਦਿੱਤੈ, ਇਸ ਤੇ ਬਹੁਤ ਦੁੱਖ ਹੋਇਆ । ਮੈਂ ਆਪਣੀ ਲਿਖਤ'ਚ 'ਪੰਜਾਬ'ਚ ਮਿਲਦੇ ਹਰ ਰੰਗ ਦੇ ਕਾਮਰੇਡ' ਵਾਕ ਵਰਤਿਆ ਸੀ । ਲਗਦੈ 'ਦੂਰ ਦਰਸ਼ੀ ਸੋਚਣੀ ਦੇ ਮਾਲਕ' ਚਰਨ ਸਿੰਘ ਨੂੰ ਮੇਰੇ ਇਹ ਸ਼ਬਦ ਚੁੱਭ ਗਏ ਕਿਉਂਕਿ ਮੈਂ ਹਰ ਰੰਗ ਦੇ ਕਾਮਰੇਡਾਂ ਨੂੰ 'ਸਮਤਾ' ਦੀ ਸੱਥ 'ਚ ਖਿੱਚ ਲਿਆਇਆ ਹਾਂ । ਕੌਮਾਂ ਦੇ ਆਪਾ ਨਿਰਣੇ ਦੇ ਹੱਕ ਦੀ ਦ੍ਰਿੜਤਾ ਨਾਲ ਵਕਾਲਤ ਕਰਨ ਵਾਲੇ, ਪੰਜਾਬ ਦੇ ਹਰ ਰੰਗ ਦੇ ਕਾਮਰੇਡਾਂ ਦੀ, ਕੌਮੀ ਮੁਕਤੀ ਲਹਿਰਾਂ ਪ੍ਰਤੀ ਪਹੁੰਚ, ਪੰਜਾਬੀ ਤੇ ਹਿੰਦੀ (ਹਿੰਦੀ ਭਾਸ਼ੀ ਇਲਾਕੇ ਦੀ) ਦਲਾਲ ਸਰਮਾਏਦਾਰੀ ਵਾਲੀ ਹੀ ਹੈ। ਇਸ ਲਈ ਉਹ ਅਚੇਤ ਜਾ ਸੁਚੇਤ ਰੂਪ 'ਚ ਦਲਾਲ ਸਰਮਾਏਦਾਰੀ ਦੇ ਪੱਖ 'ਚ ਭੁਗਤਦੇ ਹਨ । ਕਿਸੇ ਇਕ ਸਮੱਸਿਆ ਸੰਬੰਧੀ, ਸਾਮਰਾਜ ਤੇ ਦਲਾਲ ਸਰਮਾਏਦਾਰੀ ਦੀ ਪਹੁੰਚ ਇੱਕ ਹੁੰਦੀ ਹੈ ਤੇ ਪ੍ਰੋਲੇਤਾਰੀ ਜ਼ਮਾਤ ਦੀ ਉਨਾਂ ਤੋਂ ਬਿਲਕੁਲ ਅੱਲਗ, ਬਿਲਕੁਲ ਉਲਟ ।

ਸਾਥੀ ਚਰਨ ਸਿੰਘ ਨੇ ਆਪਾ ਵਿਰੋਧੀ ਗੱਲਾਂ ਕੀਤੀਆਂ ਹਨ । ਉਹ ਲਿਖਦਾ ਹੈ, "ਜਿੱਥੋਂ ਤੱਕ ਅਕਾਲੀ ਮੋਰਚੇ ਦੀਆਂ ਮੰਗਾਂ ਦਾ ਸੰਬੰਧ ਹੈ ਉਹ ਜਾਇਜ਼ (ਕਾਫ਼ੀ ਹੱਦ ਤੱਕ) ਹਨ..." "ਜਿਥੋਂ ਤੱਕ ਲਹਿਰਾਂ ਦੀਆਂ ਮੰਗਾਂ ਦਾ ਸੰਬੰਧ ਹੈ ਜਾਇਜ਼ ਨੇ, ਪਰ ਜੋ ਸਾਥੀ (ਜਗਰੂਪ) ਜਾਂ ਕੋਈ ਹੋਰ ਸੋਚੇ ਕਿ ਖਾਲਿਸਤਾਨ, ਬਲੋਚਸਤਾਨ ਨਾਲ ਕੌਮਾਂ ਦੀ ਲੁੱਟ ਖਤਮ ਹੋ ਜਾਊ ਤਾਂ ਗਲਤ ਹੈ ।" ਅਖੀਰ 'ਚ "ਇਹ ਸਾਰੀ ਇਸ ਲੋਟੂ ਪ੍ਰਬੰਧ ਦੀ ਦੇਣ ਹੈ",... "ਸੋ ਅਸਲ ਲੋੜ ਹੈ ਇਨ੍ਹਾਂ ਨੂੰ ਇਨਕਲਾਬੀ ਸੇਧ ਦੇਣ ਦੀ" ਦੀ ਸਿਖਿਆ ਦੇ ਕੇ ਤੇ ਅਪਣਾ 'ਖਰੇ ਕਾਮਰੇਡਾਂ' ਵਾਲਾ ਫਰਜ਼ ਪੂਰਾ ਕਰਕੇ ਚੁੱਪ ਕਰ ਜਾਂਦਾ ਹੈ ।

ਮੇਰੇ ਕੁਮੈਂਟ ਨਾਂ "ਵੱਖਵਾਦੀ ਕਿ ਕੌਮੀ ਮੁਕਤੀ ਘੋਲ ?" ਦਾ ਅਕਾਲੀ ਮੋਰਚੇ ਜਾਂ ਖਾਲਿਸਤਾਨ ਨਾਲ ਦੂਰ ਨੇੜੇ ਦਾ ਕੋਈ ਵੀ ਰਿਸਤਾ ਨਹੀਂ । ਲਗਦੈ ਸਾਥੀ ਚਰਨ ਸਿੰਘ ਨੂੰ ਤਾਂ, "ਜਿਹੜੇ ਪਾਸੇ ਦੇਖਾਂ ਮੈਨੂੰ ਤੂੰ ਦਿਸਦਾ" ਅਨੁਸਾਰ ਹਰ ਪਾਸੇ, ਖੱਬੇ ਵੀ, ਸੱਜੇ ਵੀ, ਹੇਠਾਂ ਵੀ, ਉੱਤੇ ਵੀ, ਜਾਗਦੇ ਨੂੰ ਵੀ ਤੇ ਸੁੱਤੇ ਨੂੰ ਵੀ ਖਾਲਿਸਤਾਨ ਨਜ਼ਰ ਆਉਂਦੈ । ਜਿਵੇਂ ਅੱਜ ਕੱਲ ਹਰ ਰੰਗ ਦੇ ਕਾਮਰੇਡਾਂ ਨੂੰ ਸੁਪਨਿਆਂ 'ਚ ਖਾਲਿਸਤਾਨ ਦਾ ਭੂਤ ਅਕਸਰ ਵਿਖਾਈ ਦਿੰਦਾ ਰਹਿੰਦੈ । ਮੈਂ ਚਰਨ ਸਿੰਘ ਨੂੰ ਖਾਸ ਕਰਕੇ ਤੇ ਬਾਕੀ ਪਾਠਕਾਂ ਨੂੰ ਆਮ ਕਰਕੇ ਇੱਕ ਬੇਨਤੀ ਕਰਦਾ ਹਾਂ । ਜਦੋਂ ਕਿਸੇ ਲਿਖਤ ਦੇ ਅਪਣੇ ਵਿਚਾਰ ਭੇਜਣੇ ਹੋਣ ਤਾਂ ਘੱਟੋ ਘਟ ਉਸ ਨੂੰ ਦਸ ਵਾਰ ਪੜ੍ਹਨ । ਜੋ ਕੁਝ ਲਿਖ ਕੇ ਸਮਤਾ ਨੂੰ ਭੇਜਣੈ ਉਹ ਵੀ ਦਸ ਵਾਰ ਜ਼ਰੂਰ ਪੜ੍ਹਨ ਕਿਉਂਕਿ ਉਹ ਬਹੁਤੇ ਲੋਕਾਂ ਨੇ ਪੜ੍ਹਨਾ ਹੁੰਦੈ । ਸਾਥੀ ਚਰਨ ਸਿੰਘ ਵਰਗਾ ਕਹਿ ਸਕਦਾ ਹੈ ਕਿ ਸਾਡੇ ਕੋਲ ਇਨ੍ਹਾਂ ਸਮਾਂ ਕਿਥੇ ਹੈ ? ਅਸੀਂ ਤਾਂ ਕੌਮੀ ਮੁਕਤੀ ਲਹਿਰਾਂ ਨੂੰ "ਇਨਕਲਾਬੀ ਦਿਸ਼ਾ" ਦੇਣ 'ਚ ਲੱਗੇ ਹੋਏ ਹਾਂ । ਜੋ ਉਹਨਾਂ ਨੇ ਮੈਗਜ਼ੀਨ 'ਚ ਅਪਣਾ ਨਾਂ ਹੀ ਛਪਵਾਉਣਾ ਹੈ ਫਿਰ 'ਕੌਮੀ ਏਕਤਾ' ਨੂੰ ਹਰ ਮਹਿਨੇ ਲਿਖ ਭੇਜਿਆ ਕਰਨ, "ਬਈ ਤੁਸੀਂ ਪੰਥ ਦੀ ਬੜੀ ਸੇਵਾ ਕੀਤੀ ਹੈ । ਤੁਹਾਡੀ ਨਿਡਰ ਤੇ ਨਿਰਪੱਖ ਕਲਮ ਨੂੰ ਅਕਾਲ ਪੁਰਖ ਬਲ ਬਖਸ਼ੇ ਬਸ ਇਨਾਂ ਹੀ ਕਾਫ਼ੀ ਹੈ ।

ਸਾਥੀ ਨੇ ਹੋਰ ਸਿਖਿਆ ਦਿੱਤੀ ਹੈ, "ਸਾਥੀ ਇਹ ਮੋਰਚਾ ਕੋਈ ਕੌਮ ਦੀ ਮੁਕਤੀ ਲਈ ਨਹੀਂ, ਬਲਕਿ ਇਹ ਤੇ ਕੁਰਸੀ ਯੁੱਧ ਹੈ...।" ਜਿਵੇਂ ਮੈਨੂੰ ਪਤਾ ਨਹੀਂ ਹੁੰਦਾ । ਉਂਞ ਮੇਰੀ ਪਹਿਲੀ ਲਿਖਤ ਦਾ ਅਕਾਲੀ ਮੋਰਚੇ ਨਾਲ ਕੋਈ ਰਿਸ਼ਤਾ ਨਹੀਂ ਜਿਵੇਂ ਮੈਂ ਉਪਰ ਵੀ ਕਿਹਾ ਹੈ । ਪਰ ਸਾਥੀ ਦੀ ਇਸ ਸਿਖਿਆ ਦਾ ਜਵਾਬ ਦੇਣਾ ਵੀ ਬਣਦੈ । ਸਾਥੀ ਚਰਨ ਸਿੰਘ ਵਰਗੇ ਤੇ ਹਰ ਰੰਗ ਦੇ ਹੋਰ ਕਾਮਰੇਡ ਇਨ੍ਹਾਂ ਕਹਿ ਕੇ ਗੱਲ ਨੂੰ ਆਈ ਗਈ ਕਰ ਦਿੰਦੇ ਹਨ । ਆਪਣੀ ਜਮਾਤੀ ਸਮਾਜ ਦੇ ਇਤਹਾਸ ਦੇ 'ਡੂੰਘੀ ਸਮਝ' ਤੇ ਉਸ ਉੱਤੇ 'ਮਜਬੂਤ ਪਕੜ' ਦਾ ਸਬੂਤ ਦਿੰਦੇ ਹਨ । ਭਾਈ ਸਾਹਿਬ ਅਕਾਲੀ ਇੱਕ ਜਮਾਤ ਦੀ ਪ੍ਰਤੀਨਿਧਤਾ ਕਰਦੇ ਹਨ (ਜਿਸ ਬਾਰੇ ਹਾਲੇ ਤੱਕ ਕਾਮਰੇਡ ਕੋਈ ਸਰਵ ਪ੍ਰਵਾਨਿਤ ਨਿਰਣਾ ਨਹੀਂ ਕਰ ਸਕੇ । ਉਸ ਜਮਾਤ ਨੇ (ਜਿਸ ਦੀ ਪ੍ਰਤੀਨਿਧਤਾ ਅਕਾਲੀ ਕਰਦੇ ਹਨ) ਧਨੀ ਕਿਸਾਨੀ, ਮੱਧ ਕਿਸਾਨੀ, ਗਰੀਬ ਕਿਸਾਨੀ ਤੇ ਕਿਸੇ ਹੱਦ ਤੱਕ ਮਜਦੂਰਾਂ ਤੇ ਪੜ੍ਹੀ ਲਿਖੀ ਮੱਧ ਸ਼ਰੇਣੀ ਦੇ ਵੱਡੇ ਹਿੱਸੇ ਨੂੰ ਅਪਣੇ ਵੱਲ ਖਿੱਚ ਰੱਖਿਆ ਹੈ । (ਮੋਰਚੇ 4. 8. 1982 ਤੋਂ 10. 1. 1984 ਤੱਕ ਕੁਲ ਗ੍ਰਿਫਤਾਰੀ–166280. ਮਰਦ–ਔਰਤਾਂ । ਪੰਜਾਬੀ ਟ੍ਰਿਬਿਊਨ

10.1.1984) ਅਕਾਲੀ ਬਿਲਕੁਲ ਉਹ ਕਰਦੇ ਹਨ ਜੋ ਕਿਸੇ ਜਮਾਤ ਦੀ ਪਾਰਟੀ ਨੂੰ ਕਰਨਾ ਚਾਹੀਦਾ ਹੈ। ਪ੍ਰੋਲੇਤਾਰੀ ਜਮਾਤ ਦੀਆਂ ਪ੍ਰਤੀਨਿਧੀ ਕਮਿਊਨਿਸਟ ਪਾਰਟੀਆਂ ਦੀ ਆਪਣੀ ਜਮਾਤ ਦੇ ਸਤਾ ਤੇ ਕਬਜ਼ੇ ਲਈ ਨਹੀਂ ਲੜਦੀਆਂ (ਕਿ ਕਮਿਊਨਿਸਟ ਕਿਸੇ ਹੋਰ ਮੰਤਵ ਲਈ ਕੁਰਬਾਨੀਆਂ ਦਿੰਦੇ ਹਨ) ਜਦੋਂ ਪੰਜਾਬ ਦੇ ਪ੍ਰੋਲੇਤਾਰੀਏ ਤੇ ਉਸ ਦੇ ਸੰਗੀਆਂ ਦੇ ਆਗੂ 'ਹਰ ਰੰਗ' ਦੇ ਕਾਮਰੇਡ' ਪ੍ਰੋਲੇਤਾਰੀਏ ਨੂੰ ਯਤੀਮ ਛੱਡ ਕੇ ਕੌਮਾਂਤਰੀ ਸਮੱਸਿਆਵਾਂ ਤੇ ਬਹਿਸ਼ ਕਰ ਰਹਿ ਹਨ। ਤਾਂ ਤੁਸੀ ਚਾਹੁੰਦੇ ਹੋਵੋਗੇ ਕਿ ਅਕਾਲੀ, ਕਾਂਗਰਸੀ ਵੀ ਆਪਣੀਆਂ ਜਮਾਂਤਾਂ ਨੂੰ ਯਤੀਮ ਛੱਡ ਕੇ ਉਨਾਂ ਚਿਰ ਘਰੇ ਬਹਿ ਜਾਣ ਤੇ ਕਾਮਰੇਡਾਂ ਦੀ ਤਰ੍ਹਾਂ ਅਪਣੀ ਜਮਾਤ ਨਾਲ ਗਦਾਰੀ ਕਰਨ। ਨਹੀਂ ਸਾਥੀ ਅਪਣੀ ਜਮਾਤ ਪ੍ਰਤੀ ਵਫ਼ਾਦਾਰ ਪਾਰਟੀਆਂ ਇਦਾਂ ਨਹੀਂ ਕਰਦੀਆਂ (ਸਾਥੀ ਕਹਿਣਗੇ ਮੈਂ ਕਮਿਊਨਿਸਟ ਲਹਿਰ ਦੇ ਕੌਮਾਂਤਰੀਪਣ ਨੂੰ ਨਹੀਂ ਸਮਝਦਾ? ਹਾਂ ਕੌਮੀ ਤੇ ਕੌਮਾਂਤਰੀ ਹਿਤਾਂ ਦਾ ਸੰਬੰਧ ਦਵੰਦ ਵਾਦੀ ਹੈ। ਕਿਸੇ ਇੱਕ ਦੇ ਹਿੱਤ ਕਿਸੇ ਦੂਸਰੇ ਦੇ ਹਿੱਤਾਂ ਤੋਂ ਕੁਰਬਾਨ ਨਹੀਂ ਕੀਤੇ ਜਾ ਸਕਦੇ. ਰੂਸੀ, ਚੀਨੀ ਇਨਕਲਾਬ ਦੇ ਪੁੱਠੇ ਗੇੜ ਦੇ ਕਈ ਕਾਰਨਾ 'ਚੋਂ ਇੱਕ ਕਾਰਣ ਇਹ ਸੀ ਕਿ ਉਹ ਕੌਮਾਂਤਰੀ ਹਿੱਤਾਂ ਨੂੰ ਮਗਰ ਸਿੱਟ ਕੇ ਕੌਮੀ ਸ਼ਾਵਨਵਾਦ ਦਾ ਸ਼ਿਕਾਰ ਹੋਵੇ। ਪਰ ਭਾਰਤੀ ਕਮਿਊਨਿਸਟ ਲਹਿਰ ਦਾ ਇਤਿਹਾਸ ਦਸਦੈ (1919 ਤੋਂ 1984 ਤੱਕ) ਕਿ ਸਾਥੀਆਂ ਨੇ ਕੌਮੀ ਹਿੱਤਾਂ ਨੂੰ ਕੁਰਬਾਨ ਕਰਕੇ ਹਰ ਸਮੇਂ ਕੌਮਾਂਤਰੀ ਦੀ ਪੂਛ ਘੁੱਟ ਕੇ ਫੜੀ ਰਖੀ ਹੈ। ਚਾਹੀਦਾ ਇਹ ਸੀ ਕਿ ਦੋਹਾਂ ਕੌਮਾਂਤਰੀ ਤੇ ਕੌਮੀ ਹਿੱਤਾਂ ਦਾ ਤਵਾਜ਼ਨ ਕਾਇਮ ਕੀਤਾ ਜਾਂਦਾ।)

ਮੈਂ ਅਪਣੇ ਲੇਖ ਦੇ ਤੀਜੇ ਪਹਿਰੇ ਵਿੱਚ ਲਿਖਿਐ, "ਕੌਮ ਤੋਂ ਮੇਰਾ ਭਾਵ ਇੱਕ ਖਾਸ ਇਲਾਕੇ 'ਚ ਰਹਿੰਦੇ, ਇੱਕ ਬੋਲੀ ਤੇ ਸਭਿਆਚਾਰ ਵਾਲੇ ਲੋਕਾਂ ਤੋਂ ਹੈ।" ਕੀ ਇਸ ਪਰਿਭਾਸ਼ਾ ਚੋਂ ਕੌਮ ਦਾ ਅਰਥ ਹਿੰਦੂ, ਸਿੱਖ, ਮੁਸਲਮਾਨ, ਜੱਟ ਜਾਂ ਮਜ਼੍ਹਬੀ ਨਿਕਲਦੈ? ਜਾਂ ਖਾਲਿਸਥਾਨ? ਇਸ ਦਾ ਅਰਥ ਹੈ ਪੰਜਾਬੀ ਇੱਕ ਕੌਮ ਹਨ। ਪੰਜਾਬੀ ਵੀ ਪੂਰਵੀ ਪੰਜਾਬ ਦੇ ਨਹੀਂ ਸਮੁੱਚੇ ਪੰਜਾਬ ਦੇ। ਮੈਂ ਇਥੇ ਉਸ ਪੰਜਾਬ ਦੀ ਗੱਲ ਕਰ ਰਿਹਾ ਹਾਂ "ਸ਼ਰਫ਼ ਕਰਦਾ ਸੀ ਜਿਹੜੇ ਪੰਜਾਬ ਦੀ ਗੱਲ।" ਜਿਸਦਾ ਪੁਰਾਣਾ ਨਾਂ ਸਪਤ-ਸਿੰਧੂ ਸੀ। ਜਿਹੜਾ ਸਿੰਧ ਦਰਿਆ, ਸ਼ਿਵਾਲਿਕ ਪਰਬਤ ਤੇ ਸਰਸੰਵਤੀ (ਅੱਜ ਕੱਲ ਘੱਗਰ) ਦੇ ਵਿਚਕਾਰਲੀ ਤਿਕੋਨ ਦੇ ਸਾਰੇ ਇਲਾਕੇ ਨੂੰ ਕਵਰ ਕਰਦੈ। ਪਾਕ ਪੰਜਾਬ 'ਚ ਪੰਜਾਬੀਆਂ ਦੀ ਸਥਿਤੀ ਕੁਝ ਵੱਖ ਹੈ। ਉਹ 1947 ਤੋਂ ਬਹੁਤ ਸਮਾਂ ਫੌਜੀ ਰਾਜ ਅਧੀਨ ਰਹੇ ਹਨ। ਸਗੋਂ ਪਾਕ ਪੰਜਾਬ ਦੀ ਦਲਾਲ ਸਰਮਾਏਦਾਰੀ ਨੇ ਛੋਟੀਆਂ ਤਿੰਨੇ ਕੌਮਾਂ (ਸਿੰਧੀ, ਬਲੋਚਨ, ਪਖਤੂਨ) ਨੂੰ ਗੁਲਾਮ ਬਣਾ ਰੱਖਿਆ ਹੈ। ਤੇ ਤਾਕਤ ਦੇ ਨਸ਼ੇ 'ਚ ਪੰਜਾਬੀ ਹਾਕਮ, ਪੰਜਾਬੀ ਭਾਸ਼ਾ, ਸਹਿਤ, ਕਲਾ, ਇਤਿਹਾਸ ਤੇ ਸਭਿਆਚਾਰ ਨੂੰ, ਖੋਰ ਰਹੇ ਹਨ। ਪਰ ਹਿੰਦ ਦੇ ਪੰਜਾਬੀ ਇਲਾਕਿਆਂ ਦੀ ਦਲਾਲ ਸਰਮਾਏਦਾਰੀ ਹਿੰਦੀ ਦਲਾਲ ਸਰਮਾਏਦਾਰੀ (ਹਿੰਦੀ ਭਾਸ਼ੀ ਇਲਾਕਿਆਂ ਦੀ) ਨਾਲ ਮਿਲ ਕੇ ਸਾਡੇ ਭਾਸ਼ਾ, ਸਭਿਆਚਾਰ, ਕਲਾ, ਸਹਿਤ ਤੇ ਇਤਿਹਾਸ ਨੂੰ ਵਿਗਾੜਨ ਲੱਗੀ ਹੋਈ ਹੈ। ਪੰਜਾਬੀ ਭਾਸ਼ਾ ਦਾ ਮੁਹਾਂਦਰਾ ਕਿਵੇਂ ਵਿਗਾੜਿਆ, ਇਹ ਵੱਖਰਾ ਵਿਸ਼ਾ ਹੈ —ਇਸ ਤੇ ਕਿਤੇ ਫਿਰ ਲਿਖਾਂਗਾ।

ਸਾਥੀ ਚਰਨ ਸਿੰਘ ਨੋਟ ਕਰਨ ਕਿ ਹਿੰਦੀ ਦਲਾਲ ਸਰਮਾਏਦਾਰੀ, ਪੰਜਾਬੀ ਦਲਾਲ ਸਰਮਾਏਦਾਰੀ ਨਾਲ ਮਿਲਕੇ ਕਿਵੇਂ ਸਾਡੀ ਆਰਥਕਤਾ ਨੂੰ ਤਬਾਹ ਕਰ ਰਹੀ ਹੈ। ਪੰਜਾਬ 'ਚੋਂ ਨਰਮਾ ਖਰੀਦ ਕੇ, ਕਾਨਪੁਰ, ਦਿੱਲੀ D. C. M., ਅਹਿਮਦਾਬਾਦ, ਲਿਜਾਇਆ ਜਾਂਦਾ ਹੈ। ਉਥੋਂ ਕਪੜਾ ਤਿਆਰ ਕਰਕੇ, ਪੰਜਾਬ 'ਚ ਵੇਚਿਆ ਜਾਂਦਾ ਹੈ। ਕੀ ਪੰਜਾਬ 'ਚ ਕਪੜੇ ਦੇ ਕਾਰਖਾਨੇ ਨਹੀਂ ਲੱਗ ਸਕਦੇ? ਕੀ ਮਜ਼ਦੂਰਾਂ ਨੂੰ ਉਨ੍ਹਾਂ ਕਾਰਖਾਨਿਆਂ 'ਚੋਂ ਰੋਜ਼ਗਾਰ ਨਹੀਂ ਮਿਲੇਗਾ? ਪੰਜਾਬ ਵਿੱਚ ਬੇਥਾਹ ਕਣਕ ਤੇ ਚਾਵਲ ਹੁੰਦੇ ਹਨ, ਪਰ ਇਨ੍ਹਾਂ ਤੋਂ ਤਿਆਰ ਹੋਣ ਵਾਲੀਆਂ ਚੀਜ਼ਾਂ ਦਾ ਕੋਈ ਵੀ ਵੱਡਾ ਕਾਰਖਾਨਾ ਪੰਜਾਬ 'ਚ ਨਹੀਂ। ਹਿੰਦੀ ਦਲਾਲ ਸਰਮਾਏਦਾਰੀ ਚਲਾਕ ਵੀ ਬਹੁਤ ਹੈ। ਉਹ ਹਰ ਛੋਟੀਆਂ ਕੌਮਾਂ ਦੀਆਂ ਕੁੰਜੀਆਂ ਅਪਣੇ ਹੱਥ ਰਖਦੀ ਹੈ। ਉਦਾਹਰਣ—ਪੰਜਾਬ 'ਚ ਥੀਨ ਡੈਮ ਦੀ ਉਸਾਰੀ ਬੰਦ, ਕਿਉਂਕਿ ਪੈਸਾ ਨਹੀਂ। ਪੰਜਾਬ ਥਰਮਲ (ਬਠਿੰਡਾ-ਰੋਪੜ) ਲੱਗ ਸਕਦੇ ਹਨ। ਭਲਾ ਇਨ੍ਹਾਂ ਲਈ ਪੈਸੇ ਕਿਥੋਂ ਆਏ? ਕਾਰਣ ਕੁਝ ਹੋਰ ਹੈ, ਹਿੰਦੀ ਦਲਾਲ ਸਰਮਾਏਦਾਰੀ ਜਾਣਦੀ ਹੈ। ਥੀਨ ਡੈਮ ਨੂੰ ਪਾਣੀ ਸਪਲਾਈ ਕਰਣ ਵਾਲੇ ਦਰਿਆ ਨੂੰ ਤਾਂ 'ਔਖੀ ਘੜੀ' ਬੰਦ ਵੀ ਨਹੀਂ ਕੀਤਾ ਜਾ ਸਕਦਾ, ਪਰ ਜੇ ਪੰਜਾਬੀ ਕੌਮ ਅਪਣੀ ਮੁਕਤੀ ਲਈ ਉਠ ਖੜੇ (Unification of Punjab) ਦਾ ਨਾਹਰਾ ਬੁਲੰਦ ਕਰ ਦੇਵੇ, ਤਾਂ ਥਰਮਲਾਂ ਨੂੰ ਸਪਲਾਈ ਹੁੰਦਾ ਕੋਲਾ ਬੰਦ ਕਰ ਸਕਦੀ ਹੈ। ਪੰਜਾਬ ਦੀ ਆਰਥਕਤਾ ਤਬਾਹ ਕਰ ਸਕਦੀ ਹੈ। ਤਿੰਨ ਮਹੀਨਿਆਂ 'ਚ ਹਰੇ ਇਨਕਲਾਬ ਨੂੰ ਸੁੱਕੇ ਇਨਕਲਾਬ 'ਚ ਬਦਲ ਸਕਦੀ ਹੈ।

ਸਾਥੀ ਕਹਿੰਦੇ "ਇਸ ਤਰ੍ਹਾਂ ਲੁੱਟ ਖਤਮ ਨਹੀਂ ਹੋਣੀ" ਮੈਂ ਕਦੋਂ ਕਿਹੈ ਬਈ ਲੁੱਟ ਖਤਮ ਹੋ ਜੂ। ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਅਹਿਮ ਵਿਸ਼ੇ ਬਾਰੇ ਨਾ ਸੋਚਣਾ ਗਲਤ ਹੈ। ਜੇ ਲੋਕੀ ਕੌਮੀ ਮੁਕਤੀ ਘੋਲਾਂ 'ਚ ਜਲਦੀ

ਜਥੇਬੰਦ ਹੁੰਦੇ ਹਨ, ਤਾਂ ਕਾਮਰੇਡ ਕਿਉਂ ਨਹੀਂ ਪਹਿਲ ਕਰਦੇ। ਉਹ ਕਹਿੰਦੇ ਹਨ ਇਹ 'ਜਮਾਤੀ ਘੋਲ' ਨਹੀਂ ਹੁੰਦਾ। ਕੀ ਜੇ ਅਗਵਾਈ ਕਮਿਊਨਿਸਟਾਂ ਦੇ ਹੱਥ 'ਚ ਹੋਊ ਫਿਰ ਉਹ ਉਸਨੂੰ ਜਮਾਤੀ ਨਹੀਂ ਬਣਾ ਸਕਣਗੇ? ਇਨ੍ਹਾਂ ਉਭਾਗ ਨੂੰ ਆਪਣੇ ਪੱਖ 'ਚ ਨਹੀਂ ਵਰਤ ਸਕਣਗੇ? ਜਦੋਂ C. P. I., C. P. I (M), ਤੇ ਪ੍ਰੋਲੇਤਾਰੀ ਪਾਰਟੀ ਤੋਂ ਬਿਨਾਂ ਬਾਕੀ ਹਰ ਰੰਗ ਦੇ ਕਾਮਰੇਡਾਂ ਦਾ ਸਰਵਪ੍ਰਵਾਨਿਤ ਗੁਰੂ, ਚੇਅਰਮੈਨ ਮਾਓ ਕਹਿੰਦਾ ਹੈ, "ਕੌਮਾਂ ਮੁਕਤੀ ਚਾਹੁੰਦੀਆਂ ਹਨ, ਲੋਕ ਇਨਕਲਾਬ ਚਾਹੁੰਦੇ ਹਨ।" ਤਾਂ ਉਸਦਾ ਕੌਮਾਂ ਤੋਂ ਕੀ ਭਾਵ ਹੈ? ਸਾਥੀ ਵਿਸਥਾਰ ਸਹਿਤ ਸਮਝਾਉਣ ਤਾਂ ਚੰਗੀ ਗੱਲ ਹੈ।

**ਮੇਰੇ ਪਹਿਲੇ ਲੇਖ ਤੋਂ ਬਾਅਦ**

ਸਾਈਪ੍ਰਸ ਇੱਕ ਛੋਟਾ ਜਿਹਾ ਦੇਸ਼ ਹੈ। ਇਸਦਾ ਖੇਤਰਫਲ 3572 ਵਰਗ ਕਿਲੋਮੀਟਰ ਹੈ। ਅਬਾਦੀ ਸੱਤ ਲੱਖ। ਜ਼ਿਲਾ ਫਿਰੋਜ਼ਪੁਰ ਤੋਂ ਘਟ ਖੇਤਰਫਲ। ਪਰ ਉਥੇ ਦੋ ਕੌਮਾਂ ਰਹਿੰਦੀਆਂ ਸਨ। ਯੂਨਾਨੀ ਸਾਈ-ਪ੍ਰਿਸਟ ਤੇ ਤੁਰਕ ਸਾਈਪ੍ਰਿਸਟ। ਯੂਨਾਨੀ ਸਾਈਪ੍ਰਿਸਟਾਂ ਦੇ ਹੱਥ ਤਾਕਤ ਸੀ। ਤੁਰਕ ਸਾਈਪ੍ਰਿਸਟ 20 ਸਾਲ ਤੋਂ ਉਹਨਾਂ ਵਿਰੁਧ ਲੜ ਰਹੇ ਸਨ। ਹੁਣ ਇੱਕ ਨਵੰਬਰ, 1983 ਤੁਰਕ ਸਾਈਪ੍ਰਿਸਟ, ਯੂਨਾਨੀ ਸਾਈਪ੍ਰਿਸਟਾਂ ਦੇ ਕਬਜੇ ਤੋਂ ਆਜਾਦ ਹੋ ਗਏ ਹਨ। ਹੁਣ ਸਾਥੀ ਆਖਣਗੇ ਕਿ ਉਹ ਤਾਂ ਤੁਰਕ ਸਾਮਰਾਜੀਆਂ ਦੀ ਝੋਲੀ ਜਾ ਪਏ ਹਨ? ਭਲਾ ਤੇ ਕਾਮਰੇਡ ਅਗਲਿਆਂ ਦੀ ਮਦਦ ਨਾ ਕਰਨ, ਸਗੋਂ ਵਿਰੋਧ ਕਰਨ, ਤਾਂ ਅਗਲਿਆਂ ਕਿਤੋਂ ਤਾਂ ਮਦਦ ਲੈਣੀ ਹੀ ਹੋਈ। ਹਾਂ ਕਾਮਨਵੈਲਥ ਦੇ ਮੈਂਬਰ ਦੇਸ਼ਾਂ ਦੇ ਮੁੱਖੀਆਂ ਨੇ ਦਿੱਲੀ ਵਾਲੀ ਮੀਟਿੰਗ 'ਚ ਮਤਾ ਪਾਸ ਕੀਤਾ। ਅਖੇ ਅਸੀਂ ਤੁਰਕ ਸਾਈਪ੍ਰਿਸਟਾਂ ਨੂੰ ਮਾਨਤਾ ਨਹੀਂ ਦਿੰਦੇ। (ਜਿਵੇਂ ਹਰ ਰੰਗ ਦੇ ਕਾਮਰੇਡ ਨਹੀਂ ਮਾਨਤਾ ਦਿੰਦੇ। ਤਾਂ ਤੁਰਕ ਸਾਈਪ੍ਰਿਸਟਾਂ ਦੇ ਪ੍ਰਧਾਨ ਦਾ ਬਿਆਨ ਤੁਸੀਂ ਪੜ੍ਹਿਆ ਹੀ ਹੋਊ। ਅਸੀਂ ਤੁਹਾਥੋਂ ਮਾਨਤਾ ਕਦੋਂ ਮੰਗਦੇ ਹਾਂ, ਤੁਸੀਂ ਤਾਂ 20 ਸਾਲ ਚੀਨ ਨੂੰ ਵੀ U.N.O. ਦਾ ਮੈਂਬਰ ਨਹੀਂ ਸੀ ਬਨਣ ਦਿੱਤਾ।

ਅਫਰੀਕਾ ਮਹਾਂਦੀਪ ਦੇ ਪੱਛਮ 'ਚ ਇੱਕ ਦੇਸ ਹੈ ਸੈਨੇਗਾਲ, ਉਸਦੀ ਸਕਲ ਟੇਢੇ (U) ਯੂ ਵਰਗੀ ਹੈ। ਵਿਚਾਲੇ ਇੱਕ ਦੇਸ਼ ਹੈ ਗੈਂਬੀਆ। ਤੇ ਸੈਨੇਗਾਲ ਉਸਦੇ ਉਤੋਂ ਦੀ ਦੋਵੇਂ ਪਾਸੇ ਅੰਧਮਹਾਂਸਾਗਰ ਨਾਲ ਜਾ ਲੱਗਦਾ ਹੈ। ਉਸ 'ਚ ਵੀ ਦੋ ਕੌਮਾਂ ਰਹਿੰਦੀਆਂ ਹਨ। ਉੱਤਰ ਵਿੱਚ Senegalese ਤੇ ਦੱਖਣ 'ਚ Casamances ਕੌਮਾਂ ਸੈਨਗਲੀ ਸੁਰੱਖਿਆ ਫੌਜਾਂ ਦੱਖਣੀ Casamances ਗੁਰੀਲਿਆਂ 'ਚ ਜਚਵੀਂ ਲੜਾਈ ਹੋਈ। ਜਿਸ ਵਿੱਚ 19 ਵਿਅਕਤੀ ਮਾਰੇ ਗਏ, 80 ਫੱਟੜ ਹੋਏ ਅਤੇ ਅਜ਼ਾਦੀ ਲਹਿਰ ਦੇ 32 ਬੰਦਿਆਂ ਨੂੰ ਕੈਦੀ ਬਣਾ ਲਿਆ ਗਿਆ। ਹਵਾਲਾ (The Tribune) 20.12.1983)

ਕੌਮੀ ਮੁਕਤੀ ਘੋਲਾਂ ਨੂੰ ਕਾਮਰੇਡਾਂ ਵਲੋਂ ਅੱਖੋਂ ਪਰੋਖੇ ਕਰਣ ਦੀ ਇੱਕ ਤਾਜ਼ਾ ਉਦਾਹਰਣ-ਜਫ਼ਰਨਾਮਾ, ਜਨਵਰੀ, 1984 ਵਿੱਚ ਸਾਥੀ ਨਵਰਾਜ, ਮਲੋਟ ਨੇ ਲਿਖਿਐ, "ਸਾਈਪ੍ਰਸ ਬਾਰੇ ਜੇ ਅਗਲੇ ਅੰਕ 'ਚ ਟਿਪਣੀ ਆ ਜਾਵੇ ਤਾਂ...?" ਸੰਪਾਦਕ ਸਾਥੀ ਨੇ ਜੋ ਜਵਾਬ ਉਸਨੂੰ ਦਿੱਤਾ ਹੈ, ਉਹ ਵੀ ਪੜ੍ਹ ਲੋ।" ਸਾਈਪ੍ਰਸ ਸੰਬੰਧੀ ਟਿੱਪਣੀ ਦੀ ਤੁਹਾਡੀ ਮੰਗ ਸੰਬੰਧੀ, ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸੰਸਾਰ ਮੰਚ ਤੇ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਹਾਲਤ 'ਚ, ਹਰ ਘਟਨਾ ਤੇ ਪਰਚੇ 'ਚ ਟਿੱਪਣੀ ਕਰ ਸਕਣਾ, ਸੰਭਵ ਨਹੀਂ ਹੈ। ਇਸ ਸਮੇਂ ਸਾਨੂੰ ਕੌਮਾਂਤਰੀ ਘਟਨਾਵਾਂ ਸੰਬੰਧੀ ਬੋਲਣ ਸਮੇਂ, ਵੱਧ ਘੱਟ ਮਹੱਤਤਾ ਦੇ ਆਧਾਰ ਤੇ ਮਾਮਲਿਆਂ ਨੂੰ ਤਰਜੀਹ ਦੇਣੀ ਪੈਂਦੀ ਹੈ...।" ਸਪੱਸ਼ਟ ਹੈ ਕੌਮੀ ਮੁਕਤੀ ਘੋਲਾਂ ਨੂੰ 'ਕਾਮਰੇਡ' ਘੱਟ ਮਹੱਤਤਾ ਦਾ ਵਿਸ਼ਾ ਸਮਝਦੇ ਹਨ। ਇਸ ਲਈ ਹਰ ਰੰਗ ਦੇ ਕਾਮਰੇਡਾਂ ਨੇ ਉਸਦਾ ਨੋਟਿਸ ਹੀ ਨਹੀਂ ਲਿਆ ਕਿਉਂਕਿ ਉਥੇ ਦੋ ਕੌਮਾਂ ਸਨ, ਛੋਟੀ ਕੌਮ ਆਪਣੀ ਮੁਕਤੀ ਲਈ ਲੜਦੀ ਸੀ, ਹੱਕ ਦੀ ਲੜਾਈ 'ਚ ਉਹ ਵੱਡੀ ਕੌਮ ਨੂੰ ਹਰਾ ਕੇ, ਜਿੱਤ ਗਈ ਹੈ। ਕਾਮਰੇਡਾਂ ਨੂੰ ਇਹ ਮੰਨਣਾ ਬਹੁਤ ਔਖਾ ਹੈ। ਪੰਜਾਬ ਦੇ ਹਰ ਰੰਗ ਦੇ ਲੋਕ ਇਹ ਸਮਝਦੇ ਹਨ ਕਿ ਉਨ੍ਹਾਂ ਦੀ ਅਗਵਾਈ ਤੇ ਬਿਨਾਂ ਲੜਿਆਂ ਹਰ ਘੋਲ, ਠੀਕ ਤਾਂ ਹੋ ਹੀ ਨਹੀਂ ਸਕਦਾ।

ਹੋਰ "ਕਾਮਨਵੈਲਥ, ਮਲਕਾ ਦੇ ਦਰਬਾਰ 'ਚ ਗੋਲਿਆਂ ਦੀ ਸਭਾ" (ਜ਼ਫਰਨਾਮਾ ਜਨਵਰੀ, 1984) ਵਿੱਚ ਸਾਥੀ ਗੁਲਜਾਰ ਸਿੰਘ ਲਿਖਦੇ, "ਕੌਮੀ ਮੁਕਤੀ ਲਹਿਰਾਂ ਦੀ ਹਮਾਇਤ ਦੀ ਦ੍ਰਿੜ ਝੰਡਾ ਬਰਦਾਰ ਕਹਾਉਂਦੀ ਇੰਦਰਾ ਗਾਂਧੀ ਨੇ ਸਾਮਰਾਜੀ ਇਛਾਵਾਂ ਅੱਗੇ ਇਉਂ ਗੋਡੇ ਟੇਕ ਜਾਣ ਦੀ ਬਾਅਦ 'ਚ ਇਹ ਸਫਾਈ ਪੇਸ਼ ਕੀਤੀ, ਕਿ ਜਦੋਂ ਇਕ ਮੱਤ ਹੋਣਾ ਹੋਵੇ ਤਾਂ ਕਈ ਮਾਮਲਿਆਂ ਨੂੰ ਭੁੱਲ ਜਾਣਾ ਹੀ ਚੰਗਾ ਹੁੰਦਾ ਹੈ? ਸੋ ਸਾਮਰਾਜੀ ਹਿੱਤਾਂ ਨਾਲ ਇਕ ਮੱਤ ਹੋਣ ਲਈ 'ਕਿਸੇ ਮੁਲਕ ਦੀ ਅਜ਼ਾਦੀ' ਦੇ ਲਿਤਾੜੇ ਜਾਣ ਦਾ ਮਸਲਾ ਭੁਲਾਇਆ ਜਾ ਸਕਦਾ ਹੈ।" ਇਹ ਸਤਰਾਂ ਉਨ੍ਹਾਂ ਗਰੇਨਾਡਾ ਦੇ ਮਸਲੇ ਸੰਬੰਧੀ ਲਿਖੀਆਂ। ਅਖੇ ਇੰਦਰਾ ਗਾਂਧੀ ਨੇ ਗਰੇਨਾਡਾ ਦੀ ਅਜ਼ਾਦੀ ਅਮਰੀਕੀਆਂ ਦੁਆਰਾ ਕੁਚਲੇ ਜਾਣ ਸੰਬੰਧੀ ਸਟੈਂਡ ਕਿਉਂ ਨਹੀਂ ਲਿਆ। ਜਦੋਂ ਪੰਜਾਬ ਦੇ ਹਰ ਰੰਗ ਦੇ ਕਾਮਰੇਡ, ਗਰੇਨਾਡਾ 'ਚੋਂ ਅਮਰੀਕੀ ਫੌਜਾਂ,

ਅਫਗਾਨਿਸਤਾਨ 'ਚੋਂ ਰੂਸੀ ਤੇ ਕੰਪੂਚੀਆ 'ਚੋਂ ਵੀਅਤਨਾਮੀ ਫੌਜਾਂ ਦੀ ਵਾਪਸੀ ਦੀ ਮੰਗ ਕਰਦੇ ਹਨ। ਅਖਬਾਰਾਂ 'ਚ ਬਿਆਨ ਦਿੰਦੇ ਹਨ। ਲੋਕਾਂ ਨੂੰ ਭਾਸ਼ਨ ਦਿੰਦੇ ਹਨ। ਅਖੇ ਕੌਮਾਂ ਨੂੰ ਆਪਾ ਨਿਰਣੇ ਦਾ ਹੱਕ ਹੋਣਾ ਚਾਹੀਦੈ। ਪਰ ਕੁਝ ਚਿਰ ਹੋਇਆ, ਸਿਕਮ ਇੱਕ ਅਜਾਦ ਦੇਸ਼ ਸੀ, ਅਜ਼ਾਦ ਕੌਮ ਸੀ, ਹਿੰਦੀ ਦਲਾਲ ਸਰਮਾਏਦਾਰੀ ਨੇ, ਉਸ ਹੜੱਪ ਲਿਆ। ਸਦਾ ਸਦਾ ਲਈ 'ਮਹਾਨ' ਭਾਰਤ ਨਾਲ ਨੱਥੀ ਕਰ ਦਿੱਤਾ ਹੈ। ਹਰ ਰੰਗ ਦੇ ਕਾਮਰੇਡ ਅਮਰੀਕੀ, ਰੂਸੀ ਤੇ ਵੀਅਤਨਾਮੀ ਫੌਜਾਂ ਨੂੰ ਸੰਬੰਧਤ ਦੇਸ਼ਾਂ ਚੋਂ ਵਾਪਸ ਬੁਲਾਉਣ ਦੀ ਮੰਗ ਦੇ ਨਾਲ ਸ਼ਿਕਮ 'ਚੋਂ ਭਾਰਤੀ ਫੌਜਾਂ ਵਾਪਸ ਬੁਲਾਉਣ ਦੀ ਮੰਗ ਨਹੀਂ ਕਰਦੇ। ਬਸ ਇੱਸ ਗੱਲ ਨੇ ਹਰ ਰੰਗ ਦੇ ਕਾਮਰੇਡਾਂ ਦਾ; ਕੌਮਾਂ ਦੇ ਆਪਾ ਨਿਰਣੇ ਦੇ ਹੱਕ ਦੇ ਮੁਦੱਈ ਹੋਣ ਦਾ ਬੁਰਕਾ ਸ਼ਰੇ ਬਾਜ਼ਾਰ ਲਾਹ ਦਿੱਤੈ।

– ਸਾਥੀ ਇਸ ਗੱਲ ਨੂੰ ਭੁੱਲ ਹੀ ਗਏ ਹਨ। ਅਸਲੀ ਕਾਰਣ ਕੀ ਹੈ ? ਜੇ ਤੁਸੀਂ ਅਸਲੀ ਕਾਰਣ ਸਮਝਣਾ ਚਾਹੁੰਦੇ ਹੋ ਤਾਂ ਮੈਨੂੰ ਸ਼ਾਥੀ ਗੁਲਜਾਰ ਸਿੰਘ ਦੇ ਉਕਤ ਪਹਿਰੇ 'ਚੋਂ ਸਬਦਾਂ ਦੀ ਥੋੜ੍ਹੀ ਰਹੀ ਅਦਬਾ ਬਦਲੀ ਕਰਨ ਦੀ ਇਜ਼ਾਜ਼ਤ ਦਿਓ।

"ਕੌਮੀ ਮੁਕਤੀ ਲਹਿਰਾਂ ਦੀ ਹਮਾਇਤ ਦੇ ਦ੍ਰਿੜ ਝੰਡਾ ਬਰਦਾਰ ਕਹਾਉਂਦੇ, ਪੰਜਾਬ ਦੇ ਹਰ ਰੰਗ ਦੇ ਕਾਮਰੇਡਾਂ ਨੇ, ਸਾਮਰਾਜ ਤੇ ਦਲਾਲ ਸਰਮਾਏਦਾਰੀ ਦੀਆਂ ਇਛਾਵਾਂ ਅੱਗੇ (ਕੌਮੀ ਮੁਕਤੀ ਲਹਿਰਾਂ ਸੰਬੰਧੀ ਸਟੈਂਡ ਤੇ) ਇਉਂ ਗੋਡੇ ਟੇਕੇ ਜਾਣ ਨੂੰ ਢੱਕਣ ਲਈ, ਕੌਮੀ ਮੁਕਤੀ ਲਹਿਰਾਂ ਦੇ ਮਸਲੇ ਨੂੰ ਜਾਂ ਤਾਂ 'ਘਟ ਅਹਿਮੀਅਤ' ਦਾ ਕਹਿ ਤੇ ਜਾਂ ਵੱਖਵਾਦ ਦਾ ਇਲਜ਼ਾਮ ਲਾ ਕੇ, ਇਸ ਮਸਲੇ ਨੂੰ ਭੁੱਲ ਜਾਣਾ ਹੀ ਚੰਗਾ ਸਮਝਦੇ ਹਨ। ਸੋ ਸਾਮਰਾਜ ਤੇ ਦਲਾਲ ਸਰਮਾਏਦਾਰੀ ਦੇ ਹਿੱਤਾਂ ਨਾਲ ਇਕ ਮਿਕ ਹੋਣ ਲਈ, ਕਿਸੇ ਕੌਮ ਦੀ ਆਜ਼ਾਦੀ (ਜਿਵੇਂ ਸਿਕਮ, ਸਾਈਪ੍ਰਸ) ਦੇ ਲਤੜੇ ਜਾਣ ਦਾ ਮਸਲਾ ਭੁਲਾ ਸਕਦੇ ਹਨ।" ਬਾਕੀ ਫਿਰ! o

## 2. ਦਸਵੀਂ ਸਰਵ ਹਿੰਦ ਪੰਜਾਬੀ ਕਾਨਫਰੰਸ—ਇਕ ਸੰਖੇਪ ਜਾਇਜ਼ਾ

**ਗੁਰਬਖਸ਼ ਜੱਸ**

ਜੇ ਇਹ ਦੇਖਣਾ ਹੋਵੇ ਕਿ ਪੰਜਾਬੀ ਸਾਹਿਤ/ਸਭਿਆਚਾਰ ਕਿਵੇਂ ਲੋਕਾਂ ਤੋਂ ਨਿਖੜਕੇ ਵਿਸ਼ਵਵਿਦਿਆਲਿਆਂ ਦੇ ਬੰਦ ਹਾਲ ਕਮਰਿਆਂ ਅੰਦਰ ਪੁਜ ਗਿਆ ਹੈ, ਤਾਂ ਇਹਦੀ ਤਾਜ਼ਾ ਠੋਸ ਮਸਾਲ ਹੁਣੇ ਹੁਣੇ ਚੰਡੀਗੜ੍ਹ ਵਿਖੇ ਹੋਈ ਦਸਵੀਂ ਸਰਵ ਹਿੰਦ ਪੰਜਾਬੀ ਕਾਨਫਰੰਸ ਹੈ। ਕੇਂਦਰੀ ਲੇਖਕ ਸਭਾ ਦੇ ਸਰਪ੍ਰਸਤ ਰੋਜ਼ ਹੀ ਸਟੇਜਾਂ, ਅਖਬਾਰਾਂ ਅਤੇ ਪੱਤਰਕਾਵਾਂ ਰਾਂਹੀਂ ਦੁਹਾਈ ਪਾਈ ਜਾ ਰਹੇ ਹਨ ਕਿ ਅਸੀਂ ਪੰਜਾਬੀ ਸਾਹਿਤ/ਸਭਿਆਚਾਰ ਨੂੰ ਪੰਜਾਬ ਦੇ ਪਿੰਡਾਂ ਵਿਚ ਦੂਰ ਦੂਰ ਵਸ ਰਹੇ ਲੋਕਾਂ ਤਕ ਲੈ ਜਾਣਾ ਹੈ—ਸਾਡੀ ਲੇਖਕ ਸਭਾ ਦਾ ਮੁਖ ਉਦੇਸ਼ ਹੈ ਲੋਕ-ਪਖੀ ਸਾਹਿਤ ਦਾ ਲੋਕਾਂ ਵਿਚ ਵਧ ਤੋਂ ਵਧ ਸੰਚਾਰ ਕਰਨਾ ਹੈ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਸੀਂ ਆਪਣੇ ਸਾਹਿਤ ਸਭਿਆਚਾਰ ਦਾ ਆਧਾਰ ਪਿੰਡਾਂ ਨੂੰ ਬਨਾਉਣਾ ਹੈ ਜਾਂ ਚੰਡੀਗੜ੍ਹ ਵਰਗੇ ਸ਼ਹਿਰਾਂ ਨੂੰ—ਜਿਸਦਾ ਅਪਣਾ ਕੋਈ ਬੁਨਿਆਦੀ ਸਭਿਆਚਾਰ ਹੀ ਨਹੀਂ ਹੈ। ਪੰਜਾਬ ਵੀ ਬਾਕੀ ਭਾਰਤ ਵਾਂਗ ਪਿੰਡਾਂ ਵਿਚ ਹੀ ਵਧੇਰੇ ਵਸਦਾ ਹੈ—ਇਹਦੇ 75% ਲੋਕ ਅਜੇ ਵੀ ਪਿੰਡਾਂ ਵਿਚ ਹੀ ਵਸਦੇ ਹਨ—ਜਦੋਂ ਵੀ ਅਸੀਂ ਲੋਕ-ਪਖੀ ਸਾਹਿਤ/ਸਭਿਆਚਾਰਕ ਦੇ ਪ੍ਰਚਾਰ ਦੀ ਗਲ ਕਰਦੇ ਹਾਂ ਤਾਂ ਇਹ ਗਲ ਸਾਨੂੰ ਕਦੇ ਵੀ ਅਖੋਂ ਪਰੋਖੇ ਨਹੀਂ ਕਰਨੀ ਚਾਹੀਦੀ। ਪਰ ਚੰਡੀਗੜ ਭਾਰਤ ਦਾ ਇਹ ਅਜੇਹਾ ਮਹਾਂਨਗਰ ਹੈ—ਜਿਥੇ ਪਛਮੀ ਅਤੇ ਸਾਮਰਾਜੀ ਸਭਿਆਚਾਰ ਲੋਕਾਂ ਦੇ ਜੀਵਨ ਅੰਦਰ ਰਹਿਣ ਸਹਿਣ ਤੋਂ ਲੈ ਕੇ ਉਨ੍ਹਾਂ ਦੇ ਪਹਿਰਾਵੇ ਤਕ ਆਕਾਸ਼ ਵੇਲ ਵਾਂਗ ਛਾਇਆ ਹੋਇਆ ਹੈ—ਪੰਜਾਬੀ ਸਭਿਆਚਾਰ ਦੇ ਇਥੇ ਕੁਝ ਚਿੰਨ੍ਹ ਤਾਂ ਭਾਵੇਂ ਨਜ਼ਰ ਆਉਂਦੇ ਹੋਣ ਪਰ ਪੰਜਾਬੀ ਸਭਿਆਚਾਰ ਇਥੋਂ ਦੇ ਜੀਵਨ ਦਾ ਅੰਗ ਨਹੀਂ ਹੈ। ਇਥੇ ਫੇਰ ਸਵਾਲ ਉਠਦਾ ਹੈ ਕਿ ਆਪਣੇ ਆਪ ਨੂੰ ਲੋਕ-ਪਖੀ 'ਪੰਜਾਬੀ ਸਾਹਿਤ/ਸਭਿਆਚਾਰ ਦੇ ਆਲਮਬਰਦਾਰ ਅਖਵਾਉਣ ਵਾਲਿਆਂ ਦੀ ਉਹ ਕਿਹੜੀ ਮਜਬੂਰੀ ਸੀ ਜਿਸ ਕਰਕੇ ਉਨ੍ਹਾਂ ਨੇ ਪੰਜਾਬ ਦੀਆਂ ਹੱਦਾਂ ਤੋਂ ਬਾਹਰ ਪਛਮੀ ਰੰਗਣ ਵਿਚ ਰੰਗੇ ਹੋਏ ਇਸ ਸਹਿਰ ਵਿਚ ਇਹ ਕਾਨਫਰੰਸ ਕਰਵਾਈ ? ਪੰਜਾਬ ਦੇ ਕਿੰਨੇ ਕੁ ਸਾਹਿਤਕਾਰ ਜਾਂ ਸਾਹਿਤ ਪ੍ਰੇਮੀ ਕਿਰਾਇਆ ਖਰਚਕੇ; ਤਿੰਨ ਦਿਨ ਦੀ ਰਿਹਾਇਸ਼ ਦਾ ਪ੍ਰਬੰਧ ਕਰ ਕੇ ਇਸ ਸਮਾਗਮ ਵਿਚ ਸ਼ਿਰਕਤ ਕਰਨ ਦਾ ਮੌਕਾ ਪ੍ਰਾਪਤ ਕਰ ਸਕਦੇ ਸਨ, ਇਹਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਕੇਂਦਰੀ ਲੇਖਕ ਸਭਾ ਦੀ ਇਸ ਕਾਨਫਰੰਸ ਦੇ ਅਜੇਹੇ ਮੁਹਾਂਦਰਾ ਤੋਂ ਅਸੀਂ ਏਹੀ ਸਿਟਾ ਕਢ ਸਕਦੇ ਹਾਂ ਕਿ ਪੰਜਾਬੀ ਸਾਹਿਤ ਅਜੇ ਵੀ ਦਿਲ੍ਹੀ, ਚੰਡੀਗੜ ਅਤੇ ਵਿਸ਼ਵਵਿਦਿਆਲਿਆਂ ਦੇ ਬੁਧੀਜੀਵੀਆਂ, ਸਾਹਿਤਕਾਰਾਂ ਅਤੇ ਅਖ਼ਬਾਰਾਂ/ਪੱਤਰਕਾਵਾਂ ਦੇ ਪੱਤਰਕਾਰਾਂ ਲਈ ਹੀ ਹੈ ਨਾ ਕਿ ਲੋਕਾਂ ਵਿਚ ਜ਼ੁਨਵਾਦੀ ਚੇਤਨਾ ਦਾ ਸੰਚਾਰ ਕਰਨ ਲਈ। ਬੁਨਿਆਦੀ ਰੂਪ ਵਿਚ ਪੰਜਾਬੀ ਲੇਖਕਾਂ ਦੀ ਇਹ ਮਿਲਣੀ ਅਕਾਦਮਿਕ ਪੱਧਰ ਦੀ ਕਾਨਫਰੰਸ ਸੀ—ਜਿਸ ਵਿਚ ਪੇਪਰ ਵੀ ਅਕਾਦਮਿਕ ਪੱਧਰ ਦੇ ਹੀ

ਪੜ੍ਹੇ ਗਏ ਸਨ ਅਤੇ ਗੋਸ਼ਟੀ ਵੀ ਅਕਾਦਮਿਕ ਪੱਧਰ ਦੀ ਹੀ ਸੀ। ਜੇ ਕੇਂਦਰੀ ਲੇਖਕ ਸਭਾ ਆਪਣੇ ਆਪਨੂੰ ਸੱਚਮੁਚ ਹੀ ਲੋਕ ਪਖੀ ਸਾਹਿਤ/ਸਭਿਆਚਾਰ ਦੀ ਝੰਡਾਬਰਦਾਰ ਸਮਝਦੀ ਹੈ ਤਾਂ ਕੀ ਇਸਨੂੰ ਪੰਜਾਬ ਦੇ ਪਿੰਡਾਂ ਵਿਚ ਪਿੰਡਾਂ ਦੇ ਲੋਕਾਂ ਤਕ ਨਹੀਂ ਜਾਣਾ ਚਾਹੀਦਾ? ਲੋਕ-ਪਖੀ ਲੇਖਕਾਂ ਅਤੇ ਕਲਾਕਾਰਾਂ ਨੂੰ ਲੋਕ-ਪਖੀ ਸਾਹਿਤ/ਸਭਿਆ-ਚਾਰ ਦਾ ਸੁਨੇਹਾ ਲੈ ਕੇ ਆਪ ਪਿੰਡਾਂ ਦੇ ਲੋਕਾਂ ਅੰਦਰ ਜਾਣਾ ਚਾਹੀਦਾ ਹੈ ਕਿਉਂਕਿ ਪਿੰਡਾਂ ਦੇ ਲੋਕ ਵਿਸ਼ਵ-ਵਿਦਿਆਲਿਆਂ ਦੇ ਇਨ੍ਹਾਂ ਹਾਲ ਕਮਰਿਆਂ ਤਕ ਨਹੀਂ ਪੁੱਜ ਸਕਦੇ—ਉਨ੍ਹਾਂ ਕੋਲ ਏਨਾ ਸਮਾਂ ਅਤੇ ਸਮੱਰਥਾਹੀ ਕਿਥੋਂ। ਵਿਸ਼ਵਿਦਿਆਲਿਆਂ ਦੇ ਕੁਝ ਇਕ ਬੁਧੀਜੀਵੀ ਅਤੇ ਪੱਤਰਕਾਵਾਂ ਦੇ ਪੱਤਰਕਾਰਾਂ ਦੀ ਵਿਦਵਤਾ ਦਰਸਾਉਣ ਅਤੇ ਕੁਝ ਕੁਝ ਲੇਖਕਾਂ ਨੂੰ ਖੁਸ਼ ਕਰ ਲੈਣਾ ਲੋਕ-ਪਖੀ ਸਾਹਿਤ ਸਿਰਜਣਾ ਅਤੇ ਵਿਕਾਸ ਦੇ ਹਕ ਵਿਚ ਨਹੀਂ। ਇਸ ਕਾਨਫਰੰਸ ਬਾਰੇ ਕੁਝ ਅਖਬਾਰਾਂ ਦੇ ਹਵਾਲੇ ਇਸ ਤਰ੍ਹਾਂ ਹਨ:

੦ਦਸਵੀਂ ਸਰਵ ਹਿੰਦ ਕਾਨਫਰੰਸ ਵਿਚ ਜੋ ਕੁਝ ਹੋਇਆ ਉਹ ਦੋ ਪਾਰਟੀਆਂ ਦੇ ਕਬਜ਼ੇ ਦੀ ਲਾਲਸਾ ਦਾ ਪ੍ਰਗਟਾਵਾ ਕਰਦਾ ਹੈ। ਕਾਨਫਰੰਸ ਦੇ ਉਦਘਾਟਨ—ਸਮਾਰੋਹ ਤੋਂ ਪਹਿਲਾਂ ਕਾਰਜਕਾਰੀ ਦੀ ਮੀਟਿੰਗ ਸਵੇਰੇ 11 ਵਜੇ ਸੱਦੀ ਗਈ ਜਿਸ ਵਿਚ 10 ਮੈਂਬਰ ਅਤੇ ਕੁਝ ਨਿਮੰਤਰਿਤ ਮੈਂਬਰ ਸ਼ਾਮਲ ਹੋਏ। ਸਭਾ ਦੇ ਮੀਤ ਪ੍ਰਧਾਨ ਗੋਰਾਇਆ ਅਤੇ ਸਕੱਤਰ ਸੁਰਜੀਤ ਗਿਲ ਦੋਵੇਂ ਹੀ ਨਾ ਆਏ, ਕਾਨਫਰੰਸ ਵਿਚ ਬਾਹਰੋਂ ਆਏ ਹੋਏ ਲੇਖਕਾਂ ਦੀ ਗਿਣਤੀ 100 ਤੋਂ ਵਧ ਨਹੀਂ ਸੀ, ਬਾਕੀ ਚੰਡੀਗੜ੍ਹੀਏ ਜਾਂ ਉਥੋਂ ਦੇ ਵਿਦਿਆਰਥੀ ਹੀ ਸਨ। ਦਾਅਵਾ ਕੀਤਾ ਗਿਆ ਹੈ ਕਿ ਇਕ ਹਜ਼ਾਰ ਦੇ ਲਗਭਗ ਲੇਖਕ ਬਾਹਰੋਂ ਆਏ ਹਨ। ਪ੍ਰਬੰਧ ਬੜਾ ਨਿਕੰਮਾ ਸੀ, ਸੌਣ ਲਈ ਕੇਵਲ ਪੰਚਾਇਤ ਭਵਨ ਹੀ ਬੁਕ ਕੀਤਾ ਗਿਆ ਸੀ, ਜਿਥੇ ਲੇਖਕ ਜਾਂ ਤਾਂ ਠੰਡ ਵਿਚ ਸੁਤੇ ਜਾਂ 10 ਰੁਪਏ ਪ੍ਰਤੀ ਬਿਸਤਰਾ ਕਿਰਾਇਆ ਦੇ ਕੇ ਸੁਤੇ। ਲੇਖਕ ਸਭਾਵਾਂ ਵਿਚੋਂ ਦੋ ਜਾਂ ਤਿੰਨ ਲੇਖਕ ਨੁਮਾਇੰਦੇ ਹੀ ਆਏ। ਉਹ ਸਾਰੇ ਕਹਿ ਰਹੇ ਸਨ ਕਿ ਅਸੀਂ ਮੁੜ ਇਹੋ ਜਿਹੀ ਕਾਨਫਰੰਸ ਤੇ ਨਹੀਂ ਆਉਣਾ। ਉਹ ਜਲੰਧਰ ਦੀ ਸਭਾ ਨੂੰ ਦਾਦ ਦੇ ਰਹੇ ਸਨ ਜਿਸਨੇ ਸਿਲਵਰ ਜੁਬਲੀ ਸਮਾਰੋਹ ਬੜੇ ਚੰਗੇ ਢੰਗ ਨਾਲ ਮਨਾਇਆ ਸੀ।

੦ ਇਕ ਜਾਣਕਾਰ ਨੇ ਦਸਿਆ ਹੈ ਕਿ ਕਵੀ ਦਰਬਾਰ ਏਨਾ ਭੈੜਾ ਸੀ ਕਿ ਕਦੇ ਕਿਸੇ ਨੇ ਇਹੋ ਜਿਹਾ ਘਟੀਆ ਕਵੀ ਦਰਬਾਰ ਦੇਖਿਆ ਹੀ ਨਹੀਂ ਹੋਣਾ। ਹਾਜਰੀ ਤਿੰਨ ਸੌ ਤੋਂ ਵਧ ਨਹੀਂ ਸੀ। ਕਵੀ ਦਰਬਾਰ ਵਿਚ ਸਿਰਫ ਚੰਡੀਗੜ੍ਹ ਦੇ 20 ਕੁ ਕਵੀਆਂ ਨੂੰ ਹੀ ਬੋਲਣ ਦਾ ਮੌਕਾ ਦਿਤਾ ਗਿਆ—ਸਿਟੇ ਵਜੋਂ ਸਰੋਤਿਆਂ ਅਤੇ ਬਾਹਰੋਂ ਆਏ ਕਵੀ ਸੱਜਣਾਂ ਵਿਚ ਕਾਫੀ ਹਾਲ ਦੁਹਾਈ ਮਚ ਗਈ, ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਤੋਂ ਦੂਰ ਦੂਰ ਤੋਂ ਆਏ ਕਵੀਆਂ ਨੂੰ ਬਿਲਕੁਲ ਬੋਲਣ ਦਾ ਮੌਕਾ ਹੀ ਨਾ ਦਿਤਾ ਗਿਆ। ਇਹ ਵੀ ਸੁਣਿਆ ਗਿਆ ਹੈ ਕਿ ਚੰਡੀਗੜ੍ਹ ਦੇ ਕੁਝ ਕਵੀ ਸ਼ਰਾਬ ਪੀ ਕੇ ਸਟੇਜ ਤੇ ਲਿਟ ਰਹੇ ਸਨ—ਏਨੀ ਪੀਤੀ ਹੋਈ ਸੀ ਕਿ ਉਹ ਖੜੇ ਹੋਕੇ ਕਵਿਤਾ ਵੀ ਨਾ ਬੋਲ ਸਕੇ। (ਇਹੋ ਜਿਹੀ ਬੇਹੂਦਗੀ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਡੇ ਕਵੀ ਅਤੇ ਲੇਖਕ ਸਾਹਿਤ ਦੀ ਸਮਾਜ ਅਤੇ ਲੋਕਾਂ ਪ੍ਰਤੀ ਭੂਮਿਕਾ ਬਾਰੇ ਕਿੰਨੇ ਕੁ ਸੰਜੀਦਾ ਅਤੇ ਸੁਚੇਤ ਹਨ?) ਕਵੀ ਦਰਬਾਰ ਵਿਚ ਕੁਝ ਅਫਸਰਨੁਮਾ ਕਵੀ ਵੀ ਬੋਲੇ ਜਿਵੇਂ ਕਿ ਅਮਰੀਕ ਪੂਨੀ, ਨ. ਨ. ਰਤਨ ਪ੍ਰੀਤਮ ਸਿੰਘ ਪੀ ਸੀ ਐਸ ਆਦਿ। ਪੰਜਾਬ ਦਾ ਕੋਈ ਪ੍ਰਸਿਧ ਕਵੀ ਜਾਂ ਗ਼ਜ਼ਲਗੋ ਇਸ ਸਮਾਗਮ ਵਿਚ ਸ਼ਾਮਲ ਨਾ ਹੋ ਸਕਿਆ। ਕਵੀ ਭਗਵੰਤ ਸਿੰਘ ਨੂੰ ਸਟੇਜ ਸਕੱਤਰ ਹਰਭਜਨ ਹਲਵਾਰਵੀ ਨੇ ਬੋਲਣ ਹੀ ਨਾ ਦਿਤਾ। ਇਸ ਤਰ੍ਹਾਂ ਕਾਫੀ ਖੱਪ ਪੈਂਦੀ ਰਹੀ।

ਮਹਿੰਦਰ ਮਾਨਵ ਧੱਕੇ ਨਾਲ ਹੀ ਸਟੇਜ ਤੇ ਜੁਤੀ ਸਮੇਤ ਚੜ੍ਹ ਗਿਆ ਅਤੇ ਉਸਨੇ ਆਪਣੀ ਕਵਿਤਾ ਸੁਣਾ ਦਿਤੀ।

੦ ਇਕ ਮਤਾ ਪ੍ਰਧਾਨਗੀ ਮੰਡਲ ਵਲੋਂ ਪੇਸ਼ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਕਿ ਪੰਜਾਬ ਦੇ ਅਤਿਵਾ-ਦੀਆਂ ਦੀ ਨਿਖੇਧੀ ਕੀਤੀ ਜਾਵੇ। ਪਰ ਬੇਗੁਨਾਹਾਂ ਦੇ ਕਤਲ ਕਰਨ ਵਾਲਾ ਮਤਾ ਇਸ ਕਰਕੇ ਰਦ ਕਰ ਦਿਤਾ ਗਿਆ ਕਿਉਂਕਿ ਪੰਜਾਬ ਯੂਨੀਵਰਸਿਟੀ ਦੇ ਡਾ: ਅਤਰ ਸਿੰਘ ਅਤੇ ਡਾ: ਹਰਨਾਮ ਸਿੰਘ ਸ਼ਾਨ ਨੇ ਇਹਦਾ ਵਿਰੋਧ ਕਰਦਿਆਂ ਕਿਹਾ ਕਿ ਅਤਿਵਾਦੀਆਂ ਵਲੋਂ ਬੇਗੁਨਾਹ ਲੋਕ ਮਾਰੇ ਜਾਣ ਦੀ ਤਾਂ ਗਲ ਕੀਤੀ ਗਈ ਹੈ ਪਰ ਜੋ ਬੇਗੁਨਾਹ ਪੁਲੀਸ ਦੇ ਕਥਿਤ ਮੁਕਾਬਲਿਆਂ ਵਿਚ ਵਿਚ ਮਾਰੇ ਜਾਂਦੇ ਹਨ, ਕੀ ਉਨ੍ਹਾਂ ਵਿਚ ਸਾਰੇ ਗੁਨਾਹਗਾਰ ਹੀ ਹੁੰਦੇ ਹਨ? 'ਇੰਡੀਅਨ ਐਕਸਪ੍ਰੈਸ' ਅਖਬਾਰ (ਨਵੰਬਰ 1983) ਵਿਚ ਛਪੇ ਇਕ ਖਤ ਵਿਚ ਇਹ ਬਹਿਸ ਦਾ ਪ੍ਰਤੀਕਰਮ ਇਵੇਂ ਕੀਤਾ ਗਿਆ ਸੀ, "ਇਹ ਕਿਸ ਤਰ੍ਹਾਂ ਦੇ ਲੇਖਕ ਹਨ? ਇਹ ਬੇਗੁਨਾਹਾਂ ਦੇ ਕਤਲਾਂ ਅਤੇ ਝੂਠੇਪੁਲਸ ਮੁਕਾਬਲਿਆਂ (ਜਿਵੇਂ ਕਿ ਉਹ ਦਾਅਵਾ ਕਰਦੇ ਹਨ) ਵਿਚਕਾਰ ਵੀ ਮਤਭੇਦ ਨਹੀਂ ਕਰਾ ਸਕਦੇ। ਝੂਠੇ ਪੁਲਸ ਮੁਕਾਬਲੇ ਤਾਂ ਬਹਿਸ ਦਾ ਮਸਲਾ ਹੈ। ਕਿਸੇ ਵੀ ਹੋਏ ਮੁਕਾਬਲੇ ਬਾਰੇ ਦੋਨੋਂ ਧਿਰਾਂ ਵਖ ਵਖ ਰਾਵਾਂ ਦਿੰਦੀਆਂ ਹਨ। ਪਰੰਤੂ ਬੇਗੁਨਾਹਾਂ ਦੇ ਕਤਲ ਬਾਰੇ—ਜਿਵੇਂ ਕਿ ਇਹ ਪੰਜਾਬ ਵਿਚ ਹੋ ਰਹੇ ਹਨ—ਦੋ ਰਾਵਾਂ ਨਹੀਂ ਹੋ ਸਕਦੀਆਂ। ਇਹ ਵਹਿਸ਼ੀ ਕਾਰਨਾਮੇ ਆਦਮਖੋਰ ਦਰਿੰਦੇ ਹੀ ਕਰ ਸਕਦੇ ਹਨ। ਇਨ੍ਹਾਂ ਕਤਲਾਂ ਦੀ ਤਾਂ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂਵਾਲਾ ਨੇ ਵੀ ਸਖਤ ਨਿਖੇਧੀ ਕੀਤੀ ਹੈ। ਜੇ ਸਾਡੇ ਲੇਖਕਾਂ ਕੋਲ ਸਚ ਨੂੰ ਸਚ ਕਹਿਣ ਦੀ ਵੀ ਜੁਰਅਤ ਨਹੀਂ ਹੈ, ਉਹ ਪੰਜਾਬ

ਦੇ ਲੋਕਾਂ ਨੂੰ ਕੀ ਰੋਸ਼ਨੀ ਦੇ ਸਕਦੇ ਹਨ ?\ਖੁਦਾ ਹੀ ਬਚਾਵੇ ਦੇਸ਼ ਨੂੰ ਇਹੋ ਜਿਹੇ ਬੁਜ਼ਦਿਲ ਲੇਖਕਾਂ ਤੋਂ !

ਇਵੇਂ ਇਸ ਮਤੇ ਤੇ ਕਾਫੀ ਰੌਲਾ ਪਿਆ, ਅਖੀਰ ਪ੍ਰਿੰਸੀਪਲ ਸੇਖੋਂ ਨੇ ਆਪਣੀ ਸਿਆਣਪ (ਜਾਂ ਸਮਝੌਤਾਵਾਦੀ ਨੀਤੀ ਦੇ ਕਮਾਲ ਕਰਕੇ ਕਹਿ ਲਵੋ) ਕਰਕੇ ਇਹ ਝਗੜਾ ਮੁਕਾ ਦਿਤਾ ਤੇ ਮਤਾ ਪੰਜਾਬ ਬਾਰੇ ਚਿੰਤਾ ਪ੍ਰਗਟਾਉਣ ਤਕ ਹੀ ਸੀਮਤ ਕਰ ਦਿਤਾ ਗਿਆ। ਇਕ ਮਤਾ ਇਸੇ ਸਬੰਧ ਵਿਚ ਹੋਰ ਪੇਸ਼ ਕੀਤਾ ਗਿਆ ਕਿ ਪੰਜਾਬ ਦੇ ਹਿੰਦੀ ਪੰਜਾਬੀ ਅਤੇ ਉਰਦੂ ਦੇ ਅਖਬਾਰਾਂ ਨੂੰ ਕਿਹਾ ਜਾਏ ਕਿ ਉਹ ਫਿਰਕੂ ਲਿਖਤਾਂ ਲਿਖ ਕੇ ਪੰਜਾਬ ਦੇ ਮਹੌਲ ਨੂੰ ਨਾ ਭੜਕਾਉਣ। ਇਸ ਉਤੇ ਡਾ: ਅਤਰ ਸਿੰਘ ਤੇ 'ਸ਼ਾਨ' ਅਤੇ ਕੁਝ ਹੋਰ ਵਿਦਵਾਨਾਂ ਨੇ ਵਿਰੋਧ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੇ ਅੰਗਰੇਜ਼ੀ ਅਖਬਾਰ ਦਾ ਨਾਂ ਕਿਉਂ ਨਹੀਂ ਲਿਆ ਗਿਆ ਉਹ ਵੀ ਫਿਰਕੂਆਂ ਦਾ ਹੀ ਪਖ ਪੂਰਦਾ ਹੈ। ਪਰ ਅਫਸੋਸ ਹੈ, ਇਹ ਮਤਾ ਵੀ ਪਾਸ ਨਾ ਕਰਵਾਇਆ ਜਾ ਸਕਿਆ, ਸਿਰਫ਼ ਅਖਬਾਰਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਫਿਰਕੂਪੁਣਾ ਤਿਆਗ ਦੇਣ। ਹਾਲਾਂ ਕਿ ਤਲਖ ਹਕੀਕਤ ਇਹ ਹੈ ਕਿ ਜਲੰਧਰ ਦੀ ਇਕ ਪੰਜਾਬੀ (ਰੋਜ਼ਾਨਾ ਅਜੀਤ)ਅਤੇ ਇਕ ਦੋ ਹਿੰਦੀ ਅਖਬਾਰਾਂ ਨੇ ਪੰਜਾਬ ਦੇ ਮਹੌਲ ਨੂੰ ਫਿਰਕੂ ਹਨੇਰੀ ਨਾਲ ਭੜਕਾਉਣ ਦੀ ਸਭ ਤੋਂ ਜ਼ਿਆਦਾ ਕੋਸ਼ਿਸ਼ ਕੀਤੀ ਹੈ।

o ਲੇਖਕਾਂ ਨੂੰ ਸਨਮਾਨ ਦੇਣ ਬਾਰੇ :—ਇਸ ਕਾਨਫਰੰਸ ਵਿਚ ਪੰਜਾਬੀ ਦੇ ਤਿੰਨ ਲੇਖਕਾਂ ਨੂੰ ਸਨਮਾਨਤ ਕੀਤਾ ਜਾਣਾ ਸੀ—ਸੁਖਬੀਰ (ਬੰਬਈ) ਖਾਲਿਦ ਹੁਸੈਨ (ਜੰਮੂ) ਅਤੇ ਬਲਵੰਤ ਗਾਰਗੀ ਨੂੰ। ਇਨਾਂ ਵਿਚੋਂ ਸੁਖਬੀਰ ਅਤੇ ਖਾਲਿਦ ਹੁਸੈਨ ਨੂੰ ਸਨਮਾਨ ਦੇਣ ਬਾਰੇ ਤਾਂ ਸਾਹਿਤਕ ਹਲਕਿਆਂ ਅੰਦਰ ਕੋਈ ਬਹੁਤੀ ਹੈਰਾਨੀ ਜਾਂ ਹੰਗਾਮੇ ਵਾਲੀ ਗੱਲ ਨਹੀਂ ਸੀ ਪਰ ਬਲਵੰਤ ਗਾਰਗੀ ਨੂੰ ਕੇਂਦਰੀ ਲੇਖਕ ਸਭਾ ਵਲੋਂ ਸਨਮਾਨੇ ਜਾਣ ਤੇ ਬਹੁਤੇ ਲੇਖਕਾਂ ਅਤੇ ਬੁਧੀਜੀਵੀਆਂ ਨੂੰ ਬੜੀ ਹੈਰਾਨੀ ਹੋਈ ਸੀ। ਇਹ ਓਹੀ ਬਲਵੰਤ ਗਾਰਗੀ ਹੈ, ਜਿਸਦਾ, ਇਕ ਵਾਰ ਸੁਰਜੀਤ ਗਿਲ (ਕੇਂਦਰੀ ਲੇਖਕ ਸਭਾ ਦੇ ਮੌਜੂਦਾ ਸਕੱਤਰ) ਨੇ ਲੋਕ ਲਹਿਰ ਵਿਚ ਬੜਾ ਭੰਡੀ ਪ੍ਰਚਾਰ ਕੀਤਾ ਸੀ—ਇਹ ਗੱਲ ਮੇਰਾ ਖਿਆਲ 1971-72 ਦੀ ਹੈ ਜਦੋਂ 'ਲੋਕ ਲਹਿਰ' ਸਪਤਾਹਿਕ ਅਖਬਾਰ ਹੁੰਦਾ ਸੀ। ਸੁਰਜੀਤ ਗਿਲ ਨੇ 'ਪੰਜਾਬੀ ਸਾਹਿਤ ਵਿਚ ਲਚਰਵਾਦ' ਸੁਰਲੇਖ ਹੇਠ ਬਲਵੰਤ ਗਾਰਗੀ ਉਤੇ ਦੋਸ਼ ਲਾਇਆ ਸੀ ਕਿ ਉਹ ਅਜੇਹਾ ਲੁਚਾ ਅਤੇ ਬੇਹੂਦਾ ਸਾਹਿਤ ਅਮਰੀਕਾ ਤੋਂ ਮਿਲੇ ਧੰਨ ਅਤੇ ਔਰਤ ਦੇ ਬਦਲੇ ਵਿਚ ਰਚਕੇ ਪੰਜਾਬੀ ਸਭਿਆਚਾਰ ਵਿਚ ਜ਼ਹਿਰ ਘੋਲ ਰਿਹਾ ਹੈ। ਉਹ ਅਜੇਹੇ ਲਚਰ ਅਤੇ ਸਮਾਜ ਵਿਰੋਧੀ ਸਾਹਿਤ ਰਾਹੀਂ ਸ਼ਰੇਆਮ ਅਮਰੀਕੀ ਸਾਮਰਾਜ ਦਾ ਪਖ ਪੂਰ ਰਿਹਾ ਹੈ। ਅਜ ਹੈਰਾਨੀ ਦੀ ਗੱਲ ਵੀ ਏਹੀ ਹੈ ਕਿ ਜਿਸ ਗਾਰਗੀ ਉਤੇ ਕੇਂਦਰੀ ਲੇਖਕ ਸਭਾ ਦੇ ਸਰਪ੍ਰਸਤਾਂ ਨੇ ਇਕੇ ਘੋਰ ਇਤਰਾਜ਼ ਲਾਏ ਸਨ, ਅਜ ਓਹੀ ਲੋਕ ਉਸਨੂੰ ਸਾਲਾਨਾ ਸਮਾਗਮ ਵਿਚ ਸਨਮਾਨਤ ਕਿਓਂ ਕਰ ਰਹੇ ਹਨ ?

o ਪੇਪਰਾਂ ਬਾਰੇ ਸੰਖੇਪ ਜਿਹਾ ਜ਼ਿਕਰ : ਇਸ ਕਾਨਫਰੰਸ ਵਿਚ ਪੜ੍ਹੇ ਗਏ ਲਗਭਗ ਸਾਰੇ ਪੇਪਰ ਮੈਂ ਪੜ੍ਹੇ ਹਨ—ਤਿੰਨ ਚਾਰ ਪੇਪਰਾਂ ਨੂੰ ਛਡਕੇ ਬਾਕੀ ਸਾਰੇ ਪੇਪਰ ਹਿੰਦੀਨੁਮਾ ਸ਼ਬਦਾਬਲੀ ਵਿਚ ਲਿਖੇ ਗਏ ਬੜੇ ਠੇਠ ਪੇਪਰ ਹਨ। ਵਧੇਰੇ ਪੇਪਰਾਂ ਵਿਚ ਅਕਾਦਮਿਕ ਪੱਧਰ ਦੀ ਖੋਜ ਤਾਂ ਜ਼ਰੂਰ ਕੀਤੀ ਗਈ ਹੈ ਪਰ ਗੰਭੀਰ ਲੋਕ ਪਖੀ ਸਾਹਿਤ ਸਿਰਜਣ ਜਾਂ ਸਾਹਿਤ ਦੇ ਵੱਖ ਵੱਖ ਰੂਪਾਂ ਨੂੰ ਲੋਕਾਂ ਤਕ ਕਿਵੇਂ ਪਹੁੰਚਾਇਆ ਜਾਵੇ ਇਹਦੇ ਬਾਰੇ ਕੋਈ ਵੀ ਚਿੰਤਾ ਪ੍ਰਗਟ ਨਹੀਂ ਕੀਤੀ ਗਈ। ਨਾਟਕ ਨੇ ਤਾਂ ਲੋਕਾਂ ਤਕ ਪਹੁੰਚਣ ਲਈ ਆਪਣੀ ਸ਼ਕਲ ਅਖਤਿਆਰ ਕਰ ਲਈ ਹੈ ਪਰ ਕਹਾਣੀ ਅਤੇ ਨਾਵਲ ਵਰਗੇ ਸਾਹਿਤ-ਰੂਪ ਲੋਕਾਂ ਤਕ ਕਿਵੇਂ ਪਹੁੰਚਾਏ ਜਾਣ—ਇਹਦਾ ਕਿਧਰੇ ਵੀ ਜ਼ਿਕਰ ਨਹੀਂ ਸੀ।—ਪ੍ਰੋ: ਸਵਿੰਦਰਜੀਤ ਸਾਗਰ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦਾ ਜਾਇਜ਼ਾ ਲੈਂਦਿਆਂ ਕਈ ਅਹਿਮ ਸਿਆਸੀ ਅਤੇ ਸਾਹਿਤਕ ਪੱਤਰਕਾਵਾਂ ਦਾ ਜ਼ਿਕਰ ਹੀ ਛਡ ਗਿਆ ਹੈ—ਇਨ੍ਹਾਂ ਪੱਤਰਕਾਵਾਂ ਨੇ ਆਪਣੇ ਸਮੇਂ ਅੰਦਰ ਪੰਜਾਬ ਦੀ ਸਾਹਿਤਕ ਅਤੇ ਜਮਹੂਰੀ ਲਹਿਰ ਵਿਚ ਬੜਾ ਵਿਸ਼ਾਲ ਅਤੇ ਠੋਸ ਯੋਗਦਾਨ ਪਾਇਆ ਹੈ ਜਿਵੇਂ ਕਿ ਸਿਆੜ ਅਤੇ ਕਿੰਤੂ ਆਦਿ।

ਪ੍ਰੋ: ਰਘਬੀਰ ਸਿੰਘ ਨੇ ਆਪਣੇ ਪੇਪਰ 'ਪੰਜਾਬੀ ਨਾਵਲ ਅਤੇ ਯਥਾਰਥਵਾਦ' ਵਿਚ ਵਿਸ਼ੇ ਨਾਲ ਵਧੀਆ ਇਨਸਾਫ ਕੀਤਾ ਹੈ—ਭਾਵੇਂ ਕਈ ਤਰੁਟੀਆਂ ਰਹਿ ਗਈਆਂ ਹਨ, ਪਰ ਫਿਰ ਵੀ ਇਹ ਪੇਪਰ ਪੜ੍ਹ ਕੇ ਪਾਠਕ ਨੂੰ ਸਮਕਾਲੀ ਸਮਾਜਕ ਯਥਾਰਥ ਦੇ ਪ੍ਰਸੰਗ ਵਿਚ ਪੰਜਾਬੀ ਨਾਵਲ ਦੀ ਸੀਮਾ ਅਤੇ ਸੰਭਾਵਨਾ ਦਾ ਗਹਿਰਾ ਅਹਿਸਾਸ ਹੁੰਦਾ ਹੈ। ਪੰਜਾਬੀ ਨਾਟਕ ਅਤੇ ਰੰਗਮੰਚ ਬਾਰੇ ਤਿੰਨ ਪੇਪਰ ਪੜ੍ਹੇ ਗਏ ਸਨ। ਪ੍ਰੋ: ਆਤਮਜੀਤ ਨੇ ਆਪਣੇ ਪੇਪਰ 'ਪੰਜਾਬੀ ਨਾਟਕ ਅਤੇ ਰੰਗਮੰਚ' ਵਿਚ ਆਪਣੇ ਬਾਰੇ ਅਤੇ ਅਜਮੇਰ ਸਿੰਘ ਔਲਖ ਬਾਰੇ ਤਾਂ ਵਾਹ-ਵਾਹ ਵਿਸ਼ੇਸ਼ ਤੌਰ ਤੇ ਚਰਚਾ ਕੀਤੀ ਹੈ ਪਰ ਪੰਜਾਬ ਦੀਆਂ ਹੋਰ ਨਾਟਕ ਮੰਡਲੀਆਂ, ਜਿਹੜੀਆਂ ਕਿ ਪੰਜਾਬ ਦੀ ਜਮਹੂਰੀ ਲਹਿਰ ਨੂੰ ਪ੍ਰਫੁਲਤ ਕਰਨ ਜਾਂ ਲੋਕ-ਪਖੀ ਸਭਿਆਚਾਰ ਦਾ ਪਸਾਰਾ ਕਰਨ ਲਈ ਪਿੰਡਾਂ ਵਿਚ ਦਿਨ ਰਾਤ ਕੰਮ ਕਰਦੀਆਂ ਰਹੀਆਂ ਹਨ ਜਾਂ ਕਰ ਰਹੀਆਂ ਹਨ ਉਨ੍ਹਾਂ ਦਾ ਕਿਧਰੇ

ਵੀ ਜ਼ਿਕਰ ਕੀਤਾ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸੰਚਾਲਕ ਸ: ਗੁਰਸ਼ਰਨ ਸਿੰਘ ਦਾ ਵੀ ਐਵੇਂ ਸੰਖੇਪ ਜਿਹਾ ਜ਼ਿਕਰ ਕਰਕੇ ਗਲ ਖਤਮ ਕਰ ਦਿਤੀ ਗਈ। ਇਸ ਤੋਂ ਇਲਾਵਾ ਲੋਹੀਆਂ ਨਾਟਕ ਕਲਾ ਕੇਂਦਰ ਪੰਜਾਬ ਨਾਟਕ ਕਲਾ ਕੇਂਦਰ ਅਤੇ ਮਾਲਵੇ ਦੇ ਇਲਾਕੇ ਵਿਚ ਅਨੇਕਾਂ ਨਾਟਕ ਮੰਡਲੀਆਂ ਦਾ ਕਿਧਰੇ ਕੋਈ ਜ਼ਿਕਰ ਤਕ ਨਹੀਂ। ਇਹ ਸਾਰੀਆਂ ਨਾਟਕ ਮੰਡਲੀਆਂ ਆਪੋ ਆਪਣੇ ਢੰਗ ਨਾਲ ਬੜੀ ਸੁਹਿਰਦਤਾ ਨਾਲ ਪਿੰਡਾਂ ਦੇ ਲੋਕਾਂ ਵਿਚ ਜਮਹੂਰੀ ਚੇਤਨਾ ਦਾ ਪਸਾਰਾ ਕਰਨ ਲਈ ਕੰਮ ਕਰ ਰਹੀਆਂ ਹਨ। ਆਤਮਜੀਤ ਦੀ ਇਹ ਗੱਲ ਬਿਲਕੁਲ ਗਲਤ ਅਤੇ ਨਿਰਾਧਾਰ ਹੈ ਕਿ 'ਪੰਜਾਬੀ ਦਾ ਗੰਭੀਰ ਨਾਟਕ ਥੀਏਟਰ ਥੋੜਾ ਬਹੁਤ ਸਰਕਾਰੀ ਸੰਸਥਾਵਾਂ ਜਾਂ ਯੂਨੀਵਰਸਿਟੀਆਂ ਦੇ ਥੀਏਟਰ ਵਿਭਾਗ ਹੀ ਕਰ ਰਹੇ ਹਨ।' ਸਗੋਂ ਇਹਤੋਂ ਉਲਟ ਹਕੀਕਤ ਇਹ ਹੈ ਕਿ ਪਿੰਡਾਂ ਤਕ ਪਹੁੰਚਕੇ ਕੰਮ ਕਰਨ ਵਾਲਿਆਂ ਨਾਟਕ ਮੰਡਲੀਆਂ ਕਲਾ ਦੇ ਉਦੇਸ਼ ਅਤੇ ਮੰਤਵ ਵਧੇਰੇ ਸੁਚੇਤ ਅਤੇ ਸੰਜੀਦਾ ਹਨ। ਇਵੇਂ ਅਸੀਂ ਦੇਖਦੇ ਹਾਂ ਕਿ ਇਹ ਪੇਪਰ ਬਹੁਤ ਹਦ ਤਕ ਉਲਾਰ ਹੋਕੇ ਲਿਖਿਆ ਗਿਆ ਹੈ। ਪੰਜਾਬੀ ਦੇ ਨਾਟਕਾਂ ਅਤੇ ਅਵਾਮੀ ਰੰਗ ਮੰਚ ਦੀ ਹਕੀਕਤ ਇਹ ਹੈ ਕਿ ਨਾਟਕਾਂ ਦੀ ਤਕਨੀਕ, ਅਤੇ ਪੇਸ਼ਕਾਰੀ ਅਤੇ ਸਮਾਜਕ ਪ੍ਰਸੰਗਕਤਾ ਦੀ ਗਲ ਕਰੀਏ ਤਾਂ ਜਿੰਨਾ ਕੰਮ ਸਾਡੇ ਸਾਰੇ ਵਿਸ਼ਵ-ਵਿਦਿਆਲੇ ਅਤੇ ਹੋਰ ਸਰਕਾਰੀ ਸੰਸਥਾਵਾਂ ਕਰ ਰਹੀਆਂ ਹਨ, ਇਨ੍ਹਾਂ ਦੇ ਮੁਕਾਬਲੇ ਵਿਚ ਅੱਜ ਸਭ ਤੋਂ ਵਧ ਕੰਮ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਾਲੇ ਕਰ ਰਹੇ ਹਨ।

ਇਸ ਸੰਖੇਪ ਜਾਇਜ਼ੇ ਵਿਚ ਪੜ੍ਹੇ ਗਏ ਸਾਰੇ ਪੇਪਰਾਂ ਦਾ ਮੁਲਅੰਕਣ ਕਰਨਾ ਤਾਂ ਮੁਸ਼ਕਲ ਹੈ ਪਰ ਪੇਪਰਾਂ ਬਾਰੇ ਬਹਿਸ ਸ਼ੁਰੂ ਕਰਨ ਦਾ ਮੰਤਵ ਇਹ ਹੈ ਕਿ 'ਸੁਮਤਾ' ਦੇ ਬਾਕੀ ਪਾਠਕ ਅਤੇ ਸਾਹਿਤਕਾਰ ਇਨ੍ਹਾਂ ਪੇਪਰ ਬਾਰੇ ਅਤੇ ਕਾਨਫਰੰਸ ਬਾਰੇ ਆਪਣੇ ਪ੍ਰਤੀਕਰਮ ਸੁਕਣ। ਆਓ ਇਕ ਦੂਸਰੇ ਕੋਲੋਂ ਕੁਝ ਸਿਖਣ ਦੀ ਭਾਵਨਾ ਨਾਲ ਅਗਾਂਹ ਵਧੀਏ। ੦

## 3. ਪ੍ਰਦੇਸਾਂ ਵਿੱਚ ਬੈਠੇ ਹਿੰਦੋਸਤਾਨੀਆਂ ਵਲੋਂ ਇੱਕ ਟਿੱਪਣੀ

ਦੀਪ ਸਿੰਘ ਬੇਪਾਰਾਏ (ਕੈਨੇਡਾ)

ਭਾਰਤੀ ਹਾਕਮ ਜਮਾਤਾਂ ਦੀ ਚਾਲ ਨੂੰ ਸਮਝਦੇ ਹੋਏ ਲੋਕ ਏਕਤਾ ਬੁਲੰਦ ਕਰੋ। ਭਾਰਤ ਤੋਂ ਹਜ਼ਾਰਾਂ ਮੀਲ ਦੂਰ ਹੋਣ ਦੇ ਬਾਵਜੂਦ ਵੀ ਦੂਸਰੇ ਮੁਲਕਾਂ ਵਿਚ ਸਾਨੂੰ ਭਾਰਤੀ ਹੀ ਕਿਹਾ ਜਾਂਦਾ ਹੈ ਅਤੇ ਅਸੀਂ ਆਪਣੇ ਆਪਨੂੰ ਭਾਰਤੀ ਹੋਣ ਦਾ ਦਾਅਵਾ ਕਰਦੇ ਹਾਂ ਕਿਉਂਕੇ ਸਾਡੀ ਮਾਂ ਬੋਲੀ ਭਾਰਤੀ ਹੈ, ਸਾਡਾ ਸਭਿਆਚਾਰਕ ਵਿਰਸਾ ਭਾਰਤੀ ਹੈ ਅਤੇ ਸਭ ਤੋਂ ਅਹਿਮ ਗਲ ਇਹ ਹੈ ਕਿ ਸਾਡੀ ਜਾਂ ਸਾਡਿਆਂ ਵੱਡਿਆਂ-ਵਡੇਰਿਆਂ ਦੀ ਜਨਮ-ਭੂਮੀ ਭਾਰਤ ਹੈ। ਜੋ ਲੋਕ ਪਹਿਲਾਂ ਭਾਵੇਂ ਕਿਸੇ ਵੀ ਤਰ੍ਹਾਂ ਭਾਰਤ ਤੋਂ ਬਾਹਰ ਦੂਸਰੇ ਮੁਲਕਾਂ ਵਿਚ ਵਸ ਰਹੇ ਹਨ ਉਨ੍ਹਾਂ ਦੇ ਸਬੰਧੀ-ਦੋਸਤ-ਮਿਤਰ ਜਾਂ ਰਿਸ਼ਤੇਦਾਰ ਬਾਹਰ ਆਉਂਦੇ ਹਨ ਅਤੇ ਬਾਹਰਲੇ ਆਪਣੇ ਦੇਸ਼ ਵਾਸੀਆਂ ਨੂੰ ਮਿਲਣ ਭਾਰਤ ਵਾਪਸ ਜਾਣਾ ਚਾਹੁੰਦੇ ਹਨ। ਕਾਫੀ ਗਿਣਤੀ ਵਿਚ ਸਾਡੇ ਵਾਂਗ ਹੋਰ ਵੀ ਲੋਕ ਭਾਰਤ ਤੋਂ ਬਾਹਰ ਕਮਾਉਂਦੇ ਹਨ ਅਤੇ ਫਿਰ ਭਾਰਤ ਵਾਪਸ ਜਾਣਾ ਚਾਹੁੰਦੇ ਹਨ। ਇਹ ਸਭ ਕੁਝ ਸਿਰਫ ਆਪਣੇ ਮੁਲਕ ਰੁਜ਼ਗਾਰ ਦੀ ਘਾਟ ਦੇ ਕਾਰਨ ਹੀ ਹੋ ਰਿਹਾ ਹੈ। ਬਾਹਰਲੇ ਮੁਲਕਾਂ ਦੇ ਸਰਮਾਏਦਾਰਾਂ ਥਲੇ ਆਪਣੇ ਦਿਨ-ਰਾਤ ਹੱਡ ਰਗੜਕੇ ਉਨ੍ਹਾਂ ਨੂੰ ਕਈ ਗੁਣਾ ਮੁਨਾਫਾ ਦੇ ਕੇ ਤੇ ਆਪ ਭੁਖੇ ਤਿਹਾਏ ਰਹਿ ਕੇ ਵੀ, ਚਾਰ ਪੈਸਿਆਂ ਦੀ ਬੱਚਤ ਕਰਕੇ ਭਾਰਤ ਵਿਚਲੇ ਸਬੰਧੀਆਂ ਨਾਲ ਸਬੰਧ ਜੋੜੀ ਰਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹਰ ਕੋਈ ਆਪਣੇ ਪਿਛੇ ਦੀ ਖਿੱਚ ਰਖਦਾ ਹੈ। ਭਾਰਤ ਵਿਚੋਂ ਖਾਸ ਕਰਕੇ ਪੰਜਾਬ ਵਿਚੋਂ ਕਾਫੀ ਮਾਤਰਾ ਵਿਚ ਲੋਕ ਬਾਹਰਲੇ ਮੁਲਕਾਂ ਵਿਚ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਪੰਜਾਬੀ ਜਾਂ ਭਾਰਤੀ ਹੋਣ ਦਾ ਦਾਅਵਾ ਕਰਦੇ ਹਨ।

ਭਾਰਤ ਦੀਆਂ ਰਾਜ ਕਰਦੀਆਂ ਜਾਂ ਵਿਰੋਧੀ ਧਿਰਾਂ ਦੇ ਨੇਤਾ ਜਾਂ ਨੁਮਾਇੰਦੇ ਅਕਸਰ ਬਾਹਰ ਚਕਰ ਲਾਉਂਦੇ ਰਹਿੰਦੇ ਹਨ। ਅਤੇ ਇਹ ਵੀ ਦਾਅਵਾ ਕਰਦੇ ਹਨ ਕਿ ਅਸੀਂ ਸੱਭ ਤੋਂ ਚੰਗੀ ਅਤੇ ਦੁਧ ਵਰਗੀ ਪਾਰਟੀ ਦੇ ਮੈਂਬਰ ਹਾਂ ਅਤੇ ਸਾਨੂੰ ਇਥੋਂ ਕਨੇਡਾ-ਇੰਗਲੈਂਡ ਜਾਂ ਜਿਥੇ ਵੀ ਉਹ ਪਹੁੰਚਣ, ਆਪਣੇ ਆਪ ਨੂੰ ਰਾਜਸੀ ਤਾਕਤ ਵਿਚ ਮਜਬੂਤ ਹੋਣ ਲਈ ਬਾਹਰੋਂ ਅਤੇ ਭਾਰਤ ਵਿਚੋਂ ਮਦਦ ਲਈ ਫਰਿਆਦ ਕਰਦੇ ਹਨ। ਇਹਨਾਂ ਲੀਡਰਾਂ ਦੇ ਦੌਰੇ ਆਮ ਹੀ ਚਲਦੇ ਰਹਿੰਦੇ ਹਨ। ਇਹਨਾਂ ਦੌਰਿਆਂ ਵਿਚੋਂ ਲੰਘਦੇ ਹੋਏ ਲੋਕ ਵੀ ਭਾਰਤ ਦੀ ਸਿਆਸਤ ਦੀ ਦੌੜ ਭੱਜ ਨੂੰ ਜਾਨਣ ਲਈ ਉਤਾਵਲੇ ਰਹਿੰਦੇ ਹਨ। ਇਸੇ ਦੌੜ-ਭੱਜ ਵਿਚੋਂ ਭਾਰਤ ਵਿਚਲੇ ਸਭਨਾਂ ਸਿਆਸੀ ਗਰੁਪਾਂ ਨਾਲ ਸਬੰਧਤ ਪਰਚੇ ਵੀ ਨਿਕਲਦੇ ਹਨ। ਇਥੋਂ ਤੱਕ ਕਿ ਕਮਿਊਨਿਟੀ ਦੇ ਨਾਂ ਤੇ ਚਲਣ ਵਾਲੇ ਰੇਡੀਓ, ਟੈਲੀਵੀਜਨਾਂ ਆਦਿ ਦੇ ਪ੍ਰੋਗਰਾਮ ਵੀ ਇਹਨਾਂ ਸਿਆਸੀ ਪਾਰਟੀਆਂ ਦੇ ਪੰਡਤਾਂ ਦੁਆਲੇ ਚੱਕਰ ਕੱਢਦੇ ਹਨ। ਜੇ ਇਕ ਦਿਨ ਹੁਕਮਰਾਨ ਪਾਰਟੀ ਦਾ ਲੀਡਰ ਲੈਕਚਰ ਦੇ ਜਾਂਦਾ ਹੈ ਤਾਂ ਦੂਸਰੇ ਦਿਨ ਉਸੇ ਹੀ ਜਗ੍ਹਾ ਤੇ ਉਸ ਦਾ ਵਿਰੋਧੀ ਉਸ ਦੇ ਖਿਲਾਫ ਗੱਲ ਕਰ ਜਾਂਦਾ ਹੈ। ਇਸੇ ਖਿੱਚ-ਧੂਹ ਸਦਕਾ ਕਈ ਵਾਰੀ ਘਸੁੰਨ-ਮੁੱਕੀ ਤੋਂ ਲੈ ਕੇ ਪਿਸਤੌਲਾਂ-ਰਫਲਾਂ ਤੱਕ ਵੀ

ਗਲ ਪਹੁੰਚ ਜਾਂਦੀ ਹੈ। ਸਾਡਾ ਭਾਰਤ ਨਾਲ ਏਨਾ ਸਬੰਧ ਹੋਣ ਦੇ ਬਾਵਜੂਦ ਵੀ ਜਦੋਂ ਕੋਈ ਇਹਨਾਂ ਸਿਆਸਤੀਆਂ ਨੂੰ ਪ੍ਰਖਣ ਵਾਲਾ ਆਪਣੇ ਦੇਸ਼ ਜਾਂਦਾ ਹੈ ਤਾਂ ਉਸ ਨੂੰ ਜੇ ਉਥੇ ਜਾਣ ਤੋਂ ਰੋਕਿਆ ਜਾਵੇ ਤਾਂ ਜਰਾ ਅੰਦਾਜਾ ਲਗਾਓ ਕਿ ਇਸ ਬਾਰੇ ਕੀ ਸੋਚੋਗੇ। ਜੇ ਇਹ ਲੋਕਾਂ ਦੇ ਲੀਡਰ ਸਾਨੂੰ ਆਪਣੇ ਆਲੇ-ਦੁਆਲੇ ਇਕਠੇ ਕਰਕੇ ਭਾਸ਼ਣ ਦੇ ਕੇ ਪੈਸੇ ਇਕਠੇ ਕਰਦੇ ਹਨ ਤਾਂ ਭਾਰਤ ਵਿਚ "ਸਾਡੇ" ਜਾਣ ਨਾਲ ਕੀ ਭੁਚਾਲ ਆ ਜਾਂਦਾ ਹੈ। ਜੇ ਇਹਨਾਂ ਲੀਡਰਾ ਨੇ ਸਾਨੂੰ ਆਪਣੇ ਦੁਸ਼ਮਨ ਸਮਝਿਆ ਹੋਇਆ ਹੈ ਤਾਂ ਇਹ ਸਾਡੇ ਕੋਲ ਵਿਦੇਸ਼ੀ ਕੀ ਕਰਨ ਆਉਂਦੇ ਹਨ। ਜੇਕਰ ਸਾਨੂੰ ਆਪਣੇ ਮੁਲਕ ਦੇ ਹਾਕਮਾਂ ਦੀਆਂ ਕੁਰੀਤੀਆਂ ਬਾਰੇ ਵਿਚਾਰ ਕਰਨ ਕਰਕੇ ਆਪਣੇ ਦੁਸ਼ਮਣ ਸਮਝਿਆ ਜਾਂਦਾ ਹੈ ਤਾਂ ਫਿਰ ਅਸੀਂ ਲੋਕ ਇਹਨਾ ਆਪਣੇ ਦੁਸਮਣਾਂ ਨੂੰ ਕਿਉਂ ਮੂੰਹ ਲਗਾਉਂਦੇ ਹਾਂ। ਖੈਰ ਇਹ ਤਾਂ ਕੋਈ ਜਿਆਦਾ ਵੱਡੀ ਗਲ ਨਹੀਂ ਹੈ ਕਿਉਂਕਿ ਉਹਨਾਂ ਦੇ ਕਿਸੇ ਨੇ ਏਜੰਟ ਵੀ ਤਾਂ ਬਣਨਾ ਹੀ ਹੋਇਆ। ਪਰ ਸਾਡਾ ਸਭ ਦਾ ਫਰਜ ਬਣਦਾ ਹੈ ਕਿ ਇਕਮੁੱਠ ਹੋਕੇ ਇਹਨਾਂ ਹਾਕਮਾਂ ਦੀ (ਜੋ ਸਾਨੂੰ ਆਪਣੇ ਦੁਸ਼ਮਣ ਸਮਝਦੇ ਹਨ) ਨੀਤੀ ਦਾ ਸਾਰੇ ਲੋਕਾਂ ਵਿਚ ਪਰਦਾ ਫਾਸ਼ ਕਰਕੇ ਜੋਰਦਾਰ ਵਿਰੋਧ ਕਰੀਏ ਅਤੇ ਉਹਨਾਂ ਦੇ ਏਜੰਟਾਂ ਨੂੰ ਵੀ ਲੋਕ-ਏਕਤਾ ਦੇ ਅਸਰ ਨਾਲ ਇਹਨਾਂ ਸਾਡੇ ਭਾਰਤ ਵਿਚਲੇ ਦੁਸ਼ਮਣਾ ਦਾ ਸਾਥ ਛਡਣ ਲਈ ਮਜਬੂਰ ਕਰੀਏ। ਭਾਰਤ ਤੋਂ ਬਾਹਰ ਵਿਦੇਸ਼ਾਂ ਵਿਚ ਇਕ ਐਸੀ ਤਾਕਤ ਤਿਆਰ ਕਰੀਏ ਜਿਸ ਦੁਆਰਾ ਅਸੀ ਇਹਨਾਂ ਦੇ ਆਪਣੀ ਮਰਜੀ ਦੇ ਬਣਾਏ ਜਾਂਦੇ ਸਾਡੇ ਖਿਲਾਫ ਕਨੂੰਨਾ ਉਪਰ ਜਿੱਤ ਪ੍ਰਾਪਤ ਕਰ ਸਕੀਏ ਕਿਉਂਕਿ ਇਹ ਮੁੱਠੀ ਭਰ ਲੋਕ ਕੌਣ ਹੁੰਦੇ ਹਨ ਜਿਹੜੇ ਸਾਨੂੰ ਸਾਡੇ ਮੁਲਕ ਤੋਂ ਬੇਦਖਲ ਕਰ ਰਹੇ ਹਨ। ਇਹ ਕਹਿੰਦੇ ਹਨ ਕਿ ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਦੇ ਵਾਪਸ ਭਾਰਤ ਪਰਤਣ ਨਾਲ ਭਾਰਤ ਅਤੇ ਉਥੋਂ ਦੇ ਲੋਕਾਂ ਦੇ ਕਈ ਤਰ੍ਹਾਂ ਨਾਲ ਨੁਕਸਾਨ ਹੋ ਸਕਦੇ ਹਨ ਪਰ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੇ ਬੱਚੇ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੇ ਪੇਟ ਅੰਦਰ ਮਰ ਜਾਂਦੇ ਹਨ, ਜਨਮ ਦੇਣ ਵਾਲੀ ਮਾਂ ਜਨਮ ਦੇ ਸਮੇਂ ਹੀ ਪੂਰੀ ਖਰਾਕ ਅਤੇ ਡਾਕਟਰੀ ਸਹਾਇਤਾ ਨਾਂ ਮਿਲਣ ਤੇ ਆਪਣੀ ਜ਼ਿੰਦਗੀ ਤੋਂ ਹੱਥ ਧੋ ਬਹਿੰਦੀ ਹੈ। ਪੈਦਾ ਹੋਏ ਬਚੇ ਖੁਰਾਕ ਅਤੇ ਰੁਜ਼ਗਾਰ ਨਾ ਮਿਲਣ ਕਰਕੇ ਆਪਣੀ ਪੂਰੀ ਜ਼ਿੰਦਗੀ ਵੀ ਨਹੀ ਭੋਗ ਸਕਦੇ, ਅਤੇ ਜੇ ਕੋਈ ਆਪਣਾ ਬਣਦਾ ਹੱਕ ਲੈਣ ਲਈ ਅਵਾਜ਼ ਦੇਵੇ ਤਾਂ ਉਸਨੂੰ ਇਹਨਾਂ ਦੀਆਂ ਸੰਗੀਨਾਂ ਦੀਆਂ ਨੋਕਾਂ ਨੂੰ ਬਲੀ ਦੇਣੀ ਪੈਂਦੀ ਹੈ, ਪੇਟ ਦੀ ਅੱਗ ਬੁਝਾਉਣ ਲਈ ਗਰੀਬਾਂ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਆਪਣੀਆਂ ਜ਼ਿੰਦਗੀਆਂ ਨੂੰ ਨਿਲਾਮ ਕਰਨਾ ਪੈਂਦਾ ਹੈ, ਪੰਜਾਂ-ਸੱਤਾਂ ਸਾਲਾਂ ਦੀ ਉਮਰ ਤੋਂ ਹੀ ਬਚਿਆਂ ਨੂੰ ਅਮੀਰਾਂ ਦੇ ਠੂਡੇ ਖਾ ਕੇ ਉਹਨਾਂ ਦੇ ਕੁੱਤਿਆਂ-ਬਿਲਿਆਂ ਦੀਆਂ ਜੂਠਾਂ ਖਾ ਕੇ ਆਪਣਾ ਪੇਟ ਧੁਖਦਾ ਰੱਖਣਾ ਪੈਂਦਾ ਹੈ। ਕੀ ਅਜਿਹੇ ਹਾਲਾਤਾਂ ਵਿਚੋਂ ਦੀ ਗੁਜਰ ਰਹੇ ਲੋਕਾਂ ਦੀ ਏਨੀ ਮੰਦੀ ਹਾਲਤ ਦੇ ਜੁੰਮੇਵਾਰ ਅਸੀਂ ਵਿਦੇਸ਼ਾਂ ਵਿਚ ਬੈਠੇ ਲੋਕ ਹਾਂ ? ਸਾਨੂੰ ਤਾਂ ਵਾਪਸ ਭਾਰਤ ਵਿਚ ਪੈਰ ਵੀ ਨਹੀਂ ਪਾਉਣ ਦਿੱਤਾ ਜਾਂਦਾ ਤਾਂ ਫਿਰ ਜਾਨਵਰਾਂ ਤੋਂ ਵੀ ਭੈੜੀ ਜ਼ਿੰਦਗੀ ਬਤੀਤ ਕਰ ਰਹੇ ਲੋਕਾਂ ਦੇ ਜੁੰਮੇਵਾਰ ਉਥੋਂ ਦੇ ਹਾਕਮ ਹੋਏ ਜਾਂ ਅਸੀਂ।

ਨਵੰਬਰ 83 ਵਿਚ ਦੇਸ ਪ੍ਰਦੇਸ਼ (ਇੰਗਲੈਂਡ ਤੋਂ ਛਪਦੇ ਪੰਜਾਬੀ ਦੇ ਪਰਚੇ ਦਾ ਨਾਂ) ਦੇ ਐਡੀਟਰ, ਤਰਸੇਮ ਪੁਰੇਵਾਲ ਨੂੰ ਜਬਰੀ ਉਸ ਦੇ ਪੈਦਾਇਸ਼ੀ ਮੁਲਕ ਭਾਰਤ ਤੋਂ ਬਾਹਰ ਕੱਢ ਦਿੱਤਾ। 1979 ਵਿਚ ਹਰਿੰਦਰ ਮਾਹਲ ਜੋ ਕਨੇਡਾ ਵਿਚ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ...। ਅਮਰੀਕਾ ਦਾ ਪ੍ਰਧਾਨ ਸੀ, ਨੂੰ ਪੰਜਾਬ ਦੇ ਫਰੀਦਕੋਟ ਜਿਲੇ ਦੇ ਵਾਘਾਪੁਰਾਣਾ ਥਾਣੇ ਦੇ ਬੁੱਚੜਾਂ ਹਥੋਂ ਜ਼ੁਲਮ ਸਹਿਣਾ ਪਿਆ...। ਕਈ ਹੋਰ ਵਿਅਕਤੀ ਲੁਕ-ਛਿਪ ਕੇ ਆਪਣੇ ਦੇਸ਼ ਵਾਸੀਆਂ ਨੂੰ ਮਿਲਣ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਕਸੂਰ ਸਿਰਫ ਇਹ ਹੈ ਕਿ ਉਹ ਭਾਰਤੀ ਹਾਕਮਾਂ ਦੇ ਤਸ਼ੱਦਦ ਦੀ ਨੁਕਤਾਚੀਨੀ ਕਰਦੇ ਹਨ ਜਾਂ ਫਿਰ ਮੌਜੂਦਾ ਪ੍ਰਬੰਧਕ ਪ੍ਰਣਾਲੀ ਨਾਲ ਸਹਿਮਤੀ ਨਹੀ ਰੱਖਦੇ। ਪਰ ਇੰਦਰਾ ਦੇ ਪੁਤਰ ਰਾਜੀਵ ਗਾਂਧੀ ਅਤੇ ਉਸ ਦੀ ਪਤਨੀ ਜੋ ਇਟਲੀ ਤੋਂ ਹੈ ਉਹਨਾਂ ਨੂੰ ਭਾਰਤੀ ਨਾਗਰਿਕਤਾ ਵਿਚ ਰੁਕਾਵਟ ਕਿਉਂ ਨਹੀਂ ਆਈ। ਸਿਰਫ ਭਾਰਤੀ ਨਾਗਰਿਕਤਾ ਹੀ ਨਹੀਂ ਸਗੋਂ ਦੇਸ਼ ਦੀ ਵਾਗਡੋਰ ਦਾ ਮਾਲਕ ਵੀ ਬਣਾ ਦਿਤਾ ਗਿਆ ਤਾਂ ਕਿ ਵਿਰੋਧੀਆਂ ਨੂੰ ਜਦੋਂ ਮਨੰ ਵਿਚ ਆਵੇ ਕੁਚਲ ਦਿੱਤਾ ਜਾਵੇ। (ਸੰਜੇ ਗਾਂਧੀ ਵਾਂਗ)

ਸੋ ਭੈਣੋ ਅਤੇ ਭਰਾਵੋ ਜੇਕਰ ਤੁਸੀਂ ਆਪਣੇ ਦੇਸ਼ ਅਤੇ ਉਥੋਂ ਦੇ ਲੋਕਾਂ ਨਾਲ ਹਮਦਰਦੀ ਰਖਦੇ ਹੋ ਤਾਂ ਇਹਨਾਂ ਇੰਦਰਾ, ਡਿਸਾਈ, ਬਾਦਲ ਜਾਂ ਹਰਕਿਸ਼ਨ ਸੁਰਜੀਤ ਵਾਦਾਂ ਨੂੰ ਮੂੰਹ ਨਾ ਲਗਾਉ ਕਿਉਂਕਿ ਇਹ ਸਭ ਤੁਹਾਡੀਆਂ ਜੇਬਾਂ ਵਿਚੋਂ ਪੈਸੇ ਹੀ ਬਟੋਰਨ ਲਈ ਆਉਂਦੇ ਹਨ। ਤੁਹਾਡੇ ਲਈ ਇਹਨਾਂ ਰਾਜਸੀ ਗੱਦੀਆਂ ਦੇ ਭੁੱਖਿਆਂ ਅਤੇ ਲੋਕਾਂ ਦੀ ਲੁੱਟ ਕਰਨ ਵਾਲਿਆਂ ਨੇ ਕੁਝ ਨਹੀਂ ਕਰਨਾ। ਭਾਰਤ ਤੋਂ ਆਉਣ ਵਾਲੇ ਹਰੇਕ ਰਾਜਸੀ ਲੀਡਰ ਨੂੰ...ਬਾਹਰ ਵਸਦੇ ਭਾਰਤੀਆਂ ਨੂੰ ਭਾਰਤ ਜਾਣ ਸਮੇਂ ਆ ਰਹੀਆਂ ਮੁਸ਼ਕਲਾਂ ਨੂੰ ਹਲ ਕਰਨ ਬਾਰੇ ਪੁੱਛਣਾ ਚਾਹੀਦਾ ਹੈ ਅਗਰ ਤੁਹਾਡੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਤਾਂ ਇਹਨਾਂ ਲੀਡਰਾਂ ਦਾ

ਜ਼ੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ ।

ਮੈਂ ਆਖਰ ਵਿਚ ਇਹ ਕਹਾਂਗਾ ਕਿ ਆਉ ਇਹਨਾਂ ਆਪਣੇ ਦੇਸ਼ ਦੇ ਮਲੋਮੱਲੀ ਬਣੇ ਬੈਠੇ ਚੌਧਰੀਆਂ ਦੀ ਦੁਤਕੀ ਲਵਾਉਣ ਲਈ ਲੋਕ ਏਕਤਾ ਕਾਇਮ ਕਰਕੇ ਹੰਭਲਾ ਮਾਰੀਏ ਅਤੇ ਆਪਣੀ ਜਨਮ ਭੂਮੀ ਅਤੇ ਸਭਿਆਚਾਰ ਨੂੰ ਇਹਨਾਂ ਡਿਕਟੇਟਰਾਂ ਹਥੋਂ ਅਜ਼ਾਦ ਕਰਵਾਈਏ, ਅਤੇ ਆਪਣੇ ਮੁਲਕ ਵਿਚ ਰਹਿਕੇ ਸੁੱਖ ਅਤੇ ਚੈਨ ਨਾਲ ਰਹੀਏ ।

o

## 4. ਕੇਂਦਰੀ ਜੇਲ੍ਹ, ਲੁਧਿਆਣਾ ਤੋਂ ਇੱਕ ਚਿੱਠੀ ।

ਪਿਛਲੇ ਸਮੇਂ ਤੋਂ ਅਸੀ ਆਪ ਦੇ ਪਰਚੇ 'ਸਮਤਾ' ਦੇ ਪਾਠਕ ਰਹੇ ਹਾਂ ਪਰ ਜੇਲ 'ਚ ਆਉਣ ਪਿਛੋਂ ਸਾਨੂੰ ਪਰਚਾ ਲਗਾਤਾਰ ਨਹੀਂ ਮਿਲ ਰਿਹਾ ਤੇ ਇਸ ਪਰਚੇ ਦੀ ਘਾਟ ਸਾਨੂੰ ਬਹੁਤ ਮਹਿਸੂਸ ਹੁੰਦੀ ਰਹਿੰਦੀ ਹੈ । ਅੱਜ ਕੱਲ ਜਿਵੇਂ ਵੱਖ ਵੱਖ ਪਰਚਿਆਂ ਵਿੱਚ ਵਿਚਾਰਧਾਰਕ ਸਿਆਸੀ ਜਦੋ ਜਹਿਦ ਚੱਲ ਰਹੀ ਹੈ ਤਾਂ ਅਜਿਹੀ ਹਾਲਤ ਵਿੱਚ ਕਿਸੇ ਅੰਕ ਦਾ ਨਾ ਮਿਲਣਾਂ ਬਹੁਤ ਘਾਟ ਪਾਉਂਦਾ ਹੈ ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ 20 ਮਈ 1983 ਨੂੰ ਖੇਤੀ ਯੂਨੀਵਰਸਿਟੀ ਲੁਧਿਆਣਾ 'ਚ ਵਿਦਿਆਰਥੀ ਲਹਿਰ ਦੇ ਦੋਖੀ ਪ੍ਰਿਥੀਪਾਲ ਸਿੰਘ (ਵਿਦਿਆਰਥੀ ਭਲਾਈ ਨਿਰਦੇਸ਼ਕ) ਦਾ ਕਤਲ ਹੋਇਆ ਸੀ ਇਸ ਵਿਅਕਤੀ ਦੀਆਂ ਕਾਰਵਾਈਆਂ ਬਾਰੇ ਇਨਕਲਾਬੀ ਲਹਿਰ ਨਾਲ ਥੋੜਾ ਬਹੁਤ ਸੰਬੰਧ ਰੱਖਣ ਵਾਲਾ ਪੰਜਾਬ ਦਾ ਹਰ ਇਨਸਾਫ ਪਸੰਦ ਵਿਅਕਤੀ ਚੰਗੀ ਤਰ੍ਹਾਂ ਜਾਣਦਾ ਹੈ। ਆਪਣੇ ਇਸ ਪੁਰਜ਼ੇ ਦੇ ਕਤਲ ਤੋਂ ਬਾਅਦ ਸਰਕਾਰ ਨੇ ਇਨਕਲਾਬੀ ਵਿਦਿਆਰਥੀਆਂ ਤੇ ਜਬਰ ਦਾ ਦੌਰ ਚਲਾਇਆ ਜਿਸ ਵਿੱਚ ਵਿਦਿਆਰਥੀ ਲਹਿਰ ਦੇ ਸਰਗਰਮ ਵਰਕਰਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਆਪਣੇ ਇਸ ਜਬਰ ਦਾ ਨਿਸ਼ਾਨਾ ਬਣਾਇਆ ਅੰਤ ਵਿੱਚ ਪੁਲੀਸ ਨੇ ਡਾਇਰੈਕਟਰ ਨੂੰ ਕਤਲ ਕਰਨ ਦੀ ਸਾਜ਼ਿਸ਼ ਦੀ ਝੂਠੀ ਕਹਾਣੀ ਬਣਾਕੇ ਪੀ. ਏ. ਯੂ ਵਿਚ 15 ਸਰਗਰਮ ਵਿਦਿਆਰਥੀਆਂ ਤੇ ਕੇਸ ਮੜ੍ਹ ਦਿੱਤਾ ਅਤੇ ਆਪਣੀ ਇਸੇ ਕਹਾਣੀ ਨੂੰ ਸੱਚੀ ਬਣਾਉਣ ਲਈ 60 ਦੇ ਲਗਭਗ ਗਵਾਹ ਬਣਾਏ । ਜਦੋਂ ਕਿ ਸਾਜ਼ਿਸ਼ ਦਾ ਮੁਖ ਗਵਾਹ ਪ੍ਰੀਤਮ ਸਿੰਘ (ਜੋ ਕਿ ਪੁਲਿਸ ਕਹਾਣੀ ਅਨੁਸਾਰ ਸਾਜ਼ਿਸ਼ ਦੀ ਮੀਟਿੰਗ 'ਚ ਸ਼ਾਮਲ ਸੀ) ਵੀ ਵਿਦਿਆਰਥੀਆਂ ਵੱਲੋਂ ਕਰਾਈ ਸ਼ਨਾਖਤ ਵਿਚ ਕਿਸੇ ਵੀ ਵਿਦਿਆਰਥੀ ਨੂੰ ਪਛਾਣ ਨਾ ਸਕਿਆ । ਪੁਲੀਸ ਨੇ ਆਪਣੀ ਕਹਾਣੀ ਨੂੰ ਮਜ਼ਬੂਤ ਕਰਨ ਲਈ ਡਾਇਰੈਕਟਰ ਦੀ ਜੇਬ ਵਿੱਚੋਂ ਖੂਨ ਨਾਲ ਲਿਬੜੀ 16 ਵਿਦਿਆਰਥੀਆਂ ਦੀ ਲਿਸਟ ਵੀ ਦਿਖਾਈ ਹੈ ਜਿਸਦਾ ਗਵਾਹ ਸੀ. ਐਮ. ਸੀ ਦਾ ਮੈਡੀਕਲ ਸੁਪਰਡੈਂਟ ਬੀ. ਕੇ. ਦਸਈਆ) ਬਣਾਇਆ ਸੀ ਜਿਸ ਨੇ ਕਿ ਆਪਣੀ ਗਵਾਹੀ ਵਿੱਚ ਕਿਹਾ ਕਿ ਮ੍ਰਿਤਕ ਦੀ ਜੇਬ ਵਿੱਚੋਂ ਇਸ ਤਰਾਂ ਦੀ ਕੋਈ ਲਿਸਟ ਨਹੀਂ ਨਿਕਲੀ ।

ਇਸ ਤੋਂ ਪਤਾ ਲਗਦਾ ਹੈ ਕਿ ਇਸ ਲੁਟੇਰੇ ਪ੍ਰਬੰਧ ਦੇ ਖਿਲਾਫ ਉਠਣ ਵਾਲੀ ਆਵਾਜ਼ ਨੂੰ ਇਹ ਰਾਜ ਮਸ਼ੀਨਰੀ ਕਿਸ ਤਰਾਂ ਦਬਾਉਂਦੀ ਹੈ । ਅਜਿਹੀ ਹਾਲਤ ਵਿੱਚ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਡੀ ਹਰ ਢੰਗ ਨਾਲ ਮੱਦਦ ਕਰੋਗੇ ਤੇ ਸਾਡੀ ਮੁਸ਼ਕਲ ਪੰਜਾਬ ਦੇ ਹੋਰ ਇਨਸਾਫ ਪਸੰਦ ਲੋਕਾਂ ਤੱਕ ਆਪਣੇ ਪਰਚੇ ਰਾਹੀਂ ਪਹੁੰਚਾਉਗੇ ਤੇ ਸਾਨੂੰ ਲਗਾਤਾਰ ਡਾਕ ਰਾਹੀਂ ਆਪਣਾ ਪਰਚਾ ਭੇਜਦੇ ਰਹੋਗੇ । o

## ਸਮਤਾ ਦਸੰਬਰ 83/ਜਨਵਰੀ 84 ਬਾਰੇ ਕੁਝ ਵਿਚਾਰ

ਮੋਹਨ ਕੁਸਲਾ

ਸਮਤਾ ਜਨਵਰੀ 84 ਦੀ ਸੰਪਾਦਕੀ-ਨਵਾਂ ਸਾਲ ਚੁਣੌਤੀਆਂ ਦਾ ਸਾਲ ਅਤਿਅੰਤ ਪਸੰਦ ਆਈ । ਸਮਤਾ ਸਮੂਹ ਲੁੱਟੀਂਦੇ ਲੋਕਾਂ ਲਈ ਇਕ ਰਾਹ-ਦਰਸਾਊ ਅਤੇ ਪ੍ਰੇਰਨਾ ਸ੍ਰੋਤ ਰਿਸਾਲਾ ਹੈ । ਜਿਸ ਤਰ੍ਹਾਂ ਕਿ ਤੁਸੀਂ ਦਸੰਬਰ 83 ਸਮਤਾ 'ਚ 'ਚੋਰ ਕਾਂਗਰਸ ਕਲਚਰ' ਬਾਰੇ ਦਿਤਾ ਹੈ ਅਤੇ ਪੇਂਡੂ ਅਤੇ ਸ਼ਹਿਰੀ ਸਾਹਿਤਕ ਅਤੇ ਸਭਿਆਚਾਰਕ ਅਦਾਰਿਆਂ ਨੂੰ ਚੰਗੇ ਰੋਲ ਅਦਾ ਕਰਨ ਲਈ ਪ੍ਰੇਰਿਆ ਹੈ । ਇਸੇ ਤਰ੍ਹਾਂ ਇਨ੍ਹਾਂ ਅਦਾਰਿਆਂ ਦਾ ਫਰਜ਼ ਜੰਗ ਵਿਰੋਧੀ ਰਚਨਾਵਾਂ ਅਤੇ ਸੈਮੀਨਾਰ ਕਰਵਾਉਣਾ ਵੀ ਇਕ ਅਤਿ ਜ਼ਰੂਰੀ ਫਰਜ਼ ਹੈ । ਅਤੇ ਮੌਜੂਦਾ ਕੰਮ ਕਰ ਰਹੀਆਂ ਇਨਕਲਾਬੀ ਜਥੇਬੰਦੀਆਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਜੰਗ ਵਿਰੋਧੀ ਆਵਾਜ਼ ਲਾਮਬੰਦ ਕਰਨ । ਤੁਸੀਂ ਸੰਪਾਦਕੀ ਜਨਵਰੀ 84 ਵਿਚ ਦੋ ਖਤਰੇ 'ਵੱਡੀ ਪੱਧਰ ਤੇ ਹਿੰਦੁਸਤਾਨ ਖਤਰੇ ਵਿਚ' ਅਤੇ ਦੂਜੇ ਨੰਬਰ ਉਤੇ ਪੰਜਾਬ ਵਿਚ ਪੰਥ ਖਤਰੇ ਵਿਚ' ਬਾਰੇ ਲਿਖਿਆ ਹੈ । ਦੂਜੇ ਖਤਰੇ ਨੂੰ ਮੁੱਖ ਨਿਸ਼ਾਨਾ ਬਣਾ ਕੇ ਅੱਜ ਦੇ ਸਮੇਂ ਵਿਚ ਫਿਰਕਾਪ੍ਰਸਤੀ ਦੇ ਵਿਰੁੱਧ ਵੀ ਉਪਰੋਕਤ ਅਦਾਰਿਆਂ ਅਤੇ ਇਨਕਲਾਬੀ ਜਥੇਬੰਦੀਆ ਦਾ ਅਵਾਜ਼ ਉਠਾਉਣ ਦਾ ਫਰਜ਼ ਬਣਦਾ ਹੈ । ਤੁਹਾਨੂੰ ਵੀ ਫਿਰਕਾਪ੍ਰਸਤੀ ਦੇ ਖਿਲਾਫ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ ।

ਦੂਜਾ, ਜਸਵੰਤ ਕੰਵਲ ਦੇ ਅਸਲੀ ਕਿਰਦਾਰ ਨੂੰ ਪੇਸ਼ ਕਰਨ ਦੀ ਬਹੁਤ 2 ਵਧਾਈ । ਅਜਿਹੇ ਮੌਕਾਪ੍ਰਸਤ ਵਿਅਕਤੀਆਂ ਨੂੰ ਜਿੰਨ੍ਹਾਂ ਲੋਕਾਂ ਵਿਚ ਨਿੰਦਿਆ ਜਾਵੇ

ਉਨ੍ਹਾਂ ਹੀ ਥੋੜ੍ਹਾ ਹੈ। ਕੰਵਲ ਦੀ ਗੱਲ ਤਾਂ 'ਗੰਗਾ ਗਏ ਤਾਂ ਗੰਗਾ ਰਾਮ, ਜਮਨਾ ਗਏ ਤਾਂ ਜਮਨਾ ਦਾਸ ਵਾਲੀ ਹੈ।' ਜੇ ਪੰਜਾਬ ਜਾਂ ਹਿੰਦੁਸਤਾਨ ਵਿਚ ਨਕਸਲਬਾੜੀ ਦੀ ਚੜ੍ਹਤ ਹੁੰਦੀ ਹੈ ਤਾਂ ਇਹ 'ਲਹੂ ਦੇ ਲੋਅ' ਲਿਖ ਮਾਰਦਾ ਹੈ ਆਪਣੇ ਆਪਨੂੰ ਮਹਾਨ ਇਨਕਲਾਬੀ ਅਖਵਾਉਂਦਾ ਹੈ। 'ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ' ਦਾ ਨਾਹਰਾ ਦਿੰਦਾ ਹੈ ਪਰ ਅੱਜ ਇਸਨੂੰ ਪੰਜਾਬ ਵਿਚ ਆਏ ਮਜ਼ਦੂਰੀ ਲਈ ਭਈਏ ਔਰੰਗਜ਼ੇਬ ਦਿਖਾਈ ਦਿੰਦੇ ਹਨ ਅਤੇ ਮਾਸੂਮਾਂ ਦਾ ਕਤਲ ਕਰਨ ਵਾਲੇ 'ਗੁਰੂ ਗੋਬਿੰਦ ਸਿੰਘ ਦੇ ਵਾਰਿਸ'। ਖੈਰ-ਇਨਕਲਾਬੀ ਪਰਚਿਆਂ ਦਾ ਫਰਜ਼ ਵੀ ਇਹੀ ਬਣਦਾ ਹੈ ਜੋ ਤੁਸੀਂ ਅਦਾ ਕੀਤਾ ਹੈ।

ਦਸੰਬਰ 83 ਵਿਚਲੀ ਕੁਮਾਰ ਸੰਭਵ ਦੀ ਕਹਾਣੀ 'ਚਸ਼ਮਦੀਦ ਗਵਾਹ' ਬੇਹੱਦ ਪਸੰਦ ਆਈ। ਅਨੁਵਾਦਕ ਰਬਿੰਦਰ ਬਾਠ ਨੂੰ ਵਧਾਈ। ਦਸੰਬਰ 83 ਵਿਚਲੀਆਂ 'ਵਤਨੋਂ ਦੂਰ' ਦੀਆਂ ਸਭ ਰਚਨਾਵਾਂ ਸਲਾਹੁਣਯੋਗ ਹਨ। ਇੰਜ ਲਗਦਾ ਹੈ ਜਿਵੇਂ ਅਸੀਂ ਵਤਨੋਂ ਦੂਰ ਹੋਣ ਦੇ ਬਾਵਜੂਦ ਵੀ ਕਿੰਨਾ ਇਕ ਦੂਜੇ ਦੇ ਦਿਲਾਂ ਵਿਚ ਬੈਠੇ ਹੋਏ ਹਾਂ ਅਤੇ ਇਸ ਸਾਂਝ ਨੂੰ ਕਦੇ ਵੀ ਤੋੜਿਆ ਨਹੀਂ ਜਾ ਸਕਦਾ। ਜਨਵਰੀ 84 ਵਿਚਲੀ ਲਾਲ ਸਿੰਘ ਦੀ ਕਹਾਣੀ 'ਉਹ ਕਰਦਾ ਵੀ ਕੀ-' ਕੋਈ ਵਧੀਆ ਰਚਨਾ ਨਹੀਂ। ਭਾਵੇਂ ਅੱਜ ਇਨਕਲਾਬੀ ਗਰੁੱਪਾਂ ਵਿਚ ਨਿਰਾਸ਼ਾ-ਵਾਦੀ ਮਾਹੌਲ ਚੱਲ ਰਿਹਾ ਹੈ ਪਰ ਜੇ ਇਨਕਲਾਬੀ ਪਰਚਿਆਂ ਵਿਚ ਵੀ ਅਜਿਹੀਆਂ ਨਿਰਾਸ਼ਾਵਾਦੀ ਰਚਨਾਵਾਂ ਛਪਦੀਆਂ ਹਨ ਤਾਂ ਇਹ ਸਾਫ਼ ਤੌਰ ਤੇ ਇਨਕਲਾਬ ਵਿਰੋਧੀ ਹਨ। ਤੁਹਾਨੂੰ ਰਚਨਾਵਾਂ ਪੂਰੀ ਸੋਚ ਸਮਝ ਤੋਂ ਬਾਦ ਪ੍ਰਕਾਸ਼ਿਤ ਕਰਨੀਆਂ ਚਾਹੀਦੀਆਂ ਹਨ।

ਰਚਨਾਵਾਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਜੋ ਅੱਗੇ ਕੁਝ ਕਰਨ ਲਈ ਪ੍ਰੇਰਨ ਜਿਵੇਂ ਕਿ ਭਾਅ ਗੁਰਸ਼ਰਨ ਸਿੰਘ ਜੀ ਦਾ ਨਾਟਕ 'ਹਰ ਇਕ ਨੂੰ ਜੀਣ ਦਾ ਹੱਕ ਚਾਹੀਦੈ, ਕਹਾਣੀਆਂ ਵੀ ਪਰਚੇ ਵਿਚ ਇਸੇ ਕਿਸਮ ਦੀਆਂ ਹੀ ਹੋਣੀਆਂ ਚਾਹੀਦੀਆਂ ਹਨ ਨਾ ਕਿ ਨਿਰਾਸ਼ਾ-ਵਾਦੀ, ਮੈਂ ਗੁਰਨਾਮ ਸਿੰਘ ਦੀ ਕਹਾਣੀ 'ਨੇੜੇ ਦਾ ਸਫ਼ਰ' ਨਹੀਂ ਪੜ੍ਹੀ ਪਰ ਪਰਮਜੀਤ ਸਿੰਘ ਪਟਿਆਲਾ ਦੇ ਪੱਤਰ ਤੋਂ ਸਾਫ਼ ਦਿਖਾਈ ਦਿੰਦਾ ਹੈ ਕਿ ਇਹ ਵੀ ਕੋਈ ਇਨਕਲਾਬ ਦੇ ਪੱਖ 'ਚ ਜਾਣ ਵਾਲੀ ਰਚਨਾ ਨਹੀਂ ਅਤੇ ਸਾਥੀ ਪਰਮਜੀਤ ਦਾ ਪੱਤਰ ਵੀ ਇਨਕਲਾਬ ਵਿਰੋਧੀ ਪੱਤਰ ਹੈ। ਉਮੀਦ ਕਰਦਾ ਹਾਂ ਅੱਗੇ ਤੋਂ ਰਚਨਾਵਾਂ ਅਤੇ ਪੱਤਰ ਉਹੀ ਪ੍ਰਕਾਸ਼ਿਤ ਹੋਣਗੇ ਜੋ ਲੋਕਾਂ ਨੂੰ ਕੁਝ ਕਰਨ ਲਈ ਪ੍ਰੇਰਨਗੇ। ਮਾਹੌਲ ਨੂੰ ਨਿਰਾਸ਼ਾਵਾਦੀ —ਨਿਰਾਸ਼ਾਵਾਦੀ—ਨਿਰਾਸ਼ਾਵਾਦੀ ਕਹੀ ਜਾਣਾ ਸਮੱ-ਸਿਆ ਦਾ ਸਹੀ ਹਲ ਨਹੀਂ।

ਹਾਂ ਸੱਚ ਤੁਹਾਡੀ ਦਸੰਬਰ 83 ਦੀ ਸੰਪਾਦਕੀ 'ਕਾਂਗਰਸ ਚੋਰ ਕਲਚਰ' ਦਾ ਕੁਝ ਅੰਸ਼ ਆਰਸੀ ਜਨਵਰੀ 84 'ਲੇਖਕ, ਸਭਾਵਾਂ, ਸਮਾਗਮ' ਅਧੀਨ ਪੜ੍ਹਿਆ। 'ਕੇਂਦਰੀ ਪੰਜਾਬੀ ਲੇਖਕ ਸਭਾ' ਅਤੇ 'ਕ੍ਰਾਂਤੀਕਾਰੀ ਸਾਹਿਤ ਸਭਾ' ਅਤੇ ਹੋਰ ਸਾਹਿਤਕ ਅਦਾਰਿਆਂ ਨੂੰ ਤੁਹਾਡੇ ਨੇਕ ਵਿਚਾਰ ਸਵੀਕਾਰ ਕਰਨੇ ਚਾਹੀਦੇ ਹਨ। ੦

## ਭਾਰਤੀ ਲੋਕ ਨੀਚ ਕਿਵੇਂ ਬਣੇ ?

**ਗੁਰਨਾਮ ਸਿੰਘ**

ਅੱਜ ਭਾਰਤ ਵਿਚ ਕੁਲ ਆਬਾਦੀ ਵਿਚੋਂ ਤਿਨ-ਚੌਥਾਈ ਭਾਗ ਉਹਨਾਂ ਅਤਿ ਬਦਨਸੀਬ ਲੋਕਾਂ ਦਾ ਹੈ ਜਿਹੜੇ ਗਰੀਬੀ ਰੇਖਾ ਤੋਂ ਥੱਲੇ, ਭੁੱਖੇ ਨੰਗੇ, ਬਿਨਾਂ ਕਿਸੇ ਮਕਾਨ ਦੇ ਰਹਿ ਰਹੇ ਹਨ। ਜਿੰਨਾਂ ਨਾਲ ਬੇਸ਼ੁਮਾਰ ਅੱਤਿਆਚਾਰ ਹੁੰਦੇ ਹਨ।

ਸਮਾਜ ਵਿਚ ਇਹਨਾਂ ਲਈ ਆਪਣਾ ਚਮ ਲੁਹਾਉਣ ਤੋਂ ਬਿਨਾਂ ਕੋਈ ਥਾਂ ਨਹੀਂ ਹੈ। ਇਹ ਸਮਾਜ ਇਹਨਾਂ ਨੀਚ ਲੋਕਾਂ ਨੂੰ ਦੂਰ ਕਰਦਾ ਹੈ, ਧਿਰਕਾਰਦਾ ਹੈ ਇਹਨਾਂ ਨਾਲ ਹਰ ਸੀਨਾ ਜ਼ੋਰੀ ਕਰਦਾ ਹੈ, ਕਿਉਂ ?

ਕੋਈ 500 ਤੋਂ 4000 ਦੇ ਸਮੇਂ ਵਿਚਕਾਰ ਆਏ ਆਰੀਅਨ ਬਦੇਸ਼ੀ ਲੋਕਾਂ ਨੇ ਇੰਦਰ ਦੇਵ ਦੀ ਕਮਾਂਡ ਹੇਠ ਭਾਰਤੀ ਵਾਸੀ ਕਹਾਉਂਦੇ ਹਨ (ਜੋ ਹੁਣ ਨੀਚ ਹਨ) ਹਮਲੇ ਕੀਤੇ। ਰਿਗਵੇਦ ਸਫ਼ਾ 2-66 ਤੇ ਲਿਖਿਆ ਹੈ ਕਿ ਇੰਦਰ ਨੇ ਦੇਵ ਦਾਸ ਭਗਤ ਲਈ ਦਾਸਾਂ ਦੀ (ਆਦੀ ਵਾਸੀ) 99 ਕਿਲ੍ਹਿਆਂ ਦਾ ਅੰਤ ਕੀਤਾ। 100 ਪੁਰਾਣੇ ਕਿਲਿਆਂ ਦਾ ਨਾਸ ਕੀਤਾ। ਸਫ਼ਾ 4,1113 ਤੇ ਲਿਖਿਆ ਹੈ ਕਿ 50000 ਅਨਆਰੀਅਨ ਭਾਵ ਭਾਰਤੀ ਲੋਕ ਮਾਰੇ ਗਏ। ਅਗੇ ਜਾ ਕੇ ਇਹ ਗਿਣਤੀ 30000.60000 ਤੇ 66066 ਦੀ ਹੈ ਸੱਤ ਪੁਰੀਆਂ ਤਬਾਹ ਕਰਨ ਦਾ ਜ਼ਿਕਰ ਵੀ ਹੈ। ਭਾਵ ਬਦੇਸ਼ੀ ਹਮਲਾਵਰ ਆਰੀਅਨਾਂ ਨੇ ਇਹਨਾਂ ਨੀਚ ਲੋਕਾਂ ਦੇ ਬਜ਼ੁਰਗਾਂ ਦੀ ਏਡੀ ਵੱਡੀ ਗਿਣਤੀ ਵਿਚ ਤਬਾਹੀ ਕੀਤੀ, ਕਤਲੇਆਮ ਕੀਤਾ।

ਭਾਰਤੀ ਲੋਕ ਆਰੀਅਨਾਂ ਦੇ ਅਧੀਨ ਹੋ ਗਏ। ਆਰੀਅਨ ਲੋਕਾਂ ਨੇ ਆਪਣਾ ਨਾਂ, ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਰੱਖ ਲਿਆ, ਪਰ ਗੁਲਾਮ ਭਾਰਤੀਆਂ ਨੂੰ ਸ਼ੂਦਰ ਦਾ ਨਾਂ ਦਿਤਾ। ਜਿਸ ਦਾ ਭਾਵ ਹੈ ਨੀਚ ਲੋਕ। ਘਟੀਆ ਲੋਕ ਫਿਰ ਬ੍ਰਾਹਮਣ ਲੋਕਾਂ ਨੇ ਚਾਰ ਵੇਦ, ਸਿਮਰਤੀਆਂ, ਪੁਰਾਣ, ਸ਼ਾਸ਼ਤਰ, ਰਮਾਇਣ, ਮਹਾਂਭਾਰਤ, ਗੀਤਾ ਵਰਗੇ ਅਨੇ ਧਾਰਮਿਕ ਗਰੰਥ ਲਿਖੇ। ਇਹ ਧਾਰਮਿਕ ਗ੍ਰੰਥ ਸ਼ੂਦਰਾਂ ਲਈ ਕਾਨੂੰਨ ਦੀਆਂ ਕਿਤਾਬਾਂ ਹਨ। ਇਹੀ ਉਹ ਧਾਰਮਿਕ ਗਰੰਥ ਹਨ ਜਿੰਨਾਂ ਨੇ ਆਦਿ ਵਾਸੀਆਂ ਨੂੰ ਅਤਿ ਨੀਚ ਅਤੇ ਘਟੀਆ ਲੋਕ

ਬਣਾ ਧਰਿਆ ਹੈ ਕਿ ਚਾਰ ਹਜ਼ਾਰ ਸਾਲ ਬਾਅਦ ਵੀ ਇਹਨਾਂ ਦਾ ਜੀਵਨ ਧਸੂਆਂ ਕੁੱਤਿਆਂ ਵਰਗਾ ਹੈ। ਸਮਾਜ ਚ ਸਵਰਨ ਤ ਉਚੀ ਜ ਤ ਦੇ ਲੋਕ ਇਹਨਾਂ ਨੂੰ ਬਰਾਬਰ ਦੀ ਕੋਈ ਥਾਂ ਨਹੀਂ ਦਿੰਦੇ। ਜਦੋਂ ਵੀ ਇਹ ਬਰਾਬਰ ਹੋਣ ਦਾ ਯਤਨ ਕਰਦੇ ਹਨ ਇਨਾਂ ਨੂੰ ਦਬਾ ਦਿਤਾ ਜਾਂਦਾ ਹੈ।

ਆਓ ! ਆਪਾਂ ਉਹਨਾਂ ਨਿਯਮਾਂ ਵੱਲ ਧਿਆਨ ਮਾਰੀਏ ਜਿਹੜੇ ਆਰੀਅਨ ਬ੍ਰਾਹਮਣ ਲੋਕਾਂ ਨੇ ਭਾਰਤੀ ਲੋਕੋਂ ਉਪਰ ਸਦੀਵੀ ਰਾਜ ਚਲਦਾ ਰੱਖਣ ਖਾਤਰ ਘੜੇ ਤੇ ਲਾਗੂ ਕੀਤੇ ਤੇ ਇਹੀ ਉਹ ਕਨੂੰਨ ਹਨ ਜੋ ਧਾਰਮਕ ਗਰੰਥਾਂ ਰਾਹੀਂ, ਦੇਵੀ ਦੇਵਤਿਆਂ ਰਾਹੀਂ ਇਹਨਾ ਓਪਰ ਜਬਰ ਨਾਲ ਠੋਸੇ ਗਏ ਅਤੇ ਅਸੀਂ ਅਜੇ ਤੀਕ ਨੀਚ ਦੇ ਨੀਚ ਹੀ ਤੁਰੇ ਆ ਰਹੇ ਹਾਂ।

1 ਰਿੱਗਵੇਦ : ਸਾਰਾ ਸੰਸਾਰ ਦੇਵਤਿਆਂ ਦੇ ਅਧੀਨ ਹੈ। ਦੇਵਤੇ ਮੰਤਰਾਂ ਦੇ ਅਧੀਨ ਹਨ। ਮੰਤਰ ਬ੍ਰਾਹਮਣਾਂ ਦੇ ਅਧੀਨ ਹਨ। ਬ੍ਰਾਹਮਣਾਂ ਨੂੰ ਪੂਜੋ ਅਤੇ ਇਹਨਾਂ ਦਾ ਹੁਕਮ ਮੰਨੋ।

2 ਮਨੂੰ ਸਿਮਰਤੀ : ਅਛੂਤਾਂ ਨੂੰ ਮਿੱਟੀ ਦੇ ਟੁੱਟੇ ਹੋਏ ਭਾਡੇ ਇਸਤੇਮਾਲ ਕਰਨੇ ਚਾਹੀਦੇ ਹਨ। ਇਹ ਸਿਮਰਤੀ ਅਛੂਤਾਂ ਨੂੰ ਗਧੇ ਅਤੇ ਸੂਰ ਪਾਲਣ ਦਾ ਹੁਕਮ ਦਿੰਦੀ ਹਨ। ਟੱਟੀ ਸਾਫ ਕਰਨਾ, ਝਾੜੂ ਦੇਣਾ, ਫਾਂਸ਼ੀ ਲਾਉਣਾ, ਮਰੇ ਪਸ਼ੂਆਂ ਨੂੰ ਘਤੀਸਣਾ, ਉਹਨਾਂ ਦਾ ਚੰਮ ਉਤਾਰਨਾ, ਸ਼ੂਦਰਾਂ ਦਾ ਪੇਸ਼ਾ ਹੈ।

3. ਕੋਟੱਲਿਆ ਅਰਥ ਸ਼ਾਸਤਰ : ਬ੍ਰਾਹਮਣ ਤੋਂ ਘੱਟ ਤੋਂ ਘੱਟ ਅਤੇ ਸੂਦਰਾਂ, ਤੋਂ ਵੱਧ ਤੋਂ ਵੱਧ ਵਿਆਜ ਲਿਆ ਜਾਣਾ ਚ ਹੀਦਾ ਹੈ।

4. ਰਮਾਇਣ ਤੁਲਸੀ ਦਾਸ : ਬ੍ਰਾਹਮਣ ਚਾਹੇ ਮੂਰਖ ਵੀ ਕਿਉਂ ਨਾ ਹਵੇ ਉਸਦੀ ਪੂਜਾ ਕਰਨੀ ਚਾਹੀਦੀ ਹੈ, ਪਰ ਸ਼ੂਦਰ ਚਾਹੇ ਕਿੰਨਾ ਵੀ ਵਿਦਵਾਨ ਕਿਉਂ ਨਾ ਹੋਵੇ ਉਸਦਾ ਸਤਿਕਾਰ ਨਹੀਂ ਕਰਨਾ ਚਾਹੀਦਾ।

5. ਮਨੂੰ ਸਿਮਰਤੀ : ਵਿੱਚ ਸ਼ੂਦਰਾਂ ਅਤੇ ਇਸਤਰੀਆਂ ਨੂੰ ਅਜ਼ਾਦ ਸੋਚਣ ਅਤੇ ਹਥਿਆਰ ਰੱਖਣ ਦੀ ਮਨਾਹੀ ਹੈ। ਇਸ ਸਿਮਰਤੀ ਵਿਚ ਲਿਖਿਆ ਹੈ ਕਿ ਜੇ ਰਾਹ ਵਿਚ ਸੂਦਰ ਅਤੇ ਸੱਪ ਮਿਲ ਪੈਣ ਤਾਂ ਪਹਿਲਾਂ ਸ਼ੂਦਰ ਨੂੰ ਮਾਰੋ।

6. ਗੀਤਾ ਉਪਦੇਸ਼ : ਇਸਤਰੀਆਂ, ਵੈਸ ਅਤੇ ਸ਼ੂਦਰ ਜਾਤੀ ਪਾਪਾਂ ਦੀ ਜਾਤੀ ਹਨ।

7. ਵਿਸ਼ਨੂੰ ਸਿਮਰਤੀ : ਜੇ ਸ਼ੂਦਰ ਉੱਚੇ ਆਸਣ ਤੇ ਬੈਠ ਜਾਵੇ ਤਾਂ ਉਸਦੇ ਚਿੱਤੜਾਂ ਨੂੰ ਦਾਗ ਦੇ ਕੇ ਦੇਸ਼ ਨਿਕਾਲਾ ਦਿਉ। ਬ੍ਰਾਹਮਣ ਨੂੰ ਸਿੱਖਿਆ ਲਈ ਕੁਝ ਕੱਸੇ ਤਾਂ ਉਸਦੇ ਮੂੰਹ ਵਿਚ ਗਰਮ ਤੇਲ ਭਰਵਾ ਦਿਉ। ਬ੍ਰਾਹਮਣ ਦਾ ਨਾਂ ਮੰਗਲ ਕਾਰੀ, ਕਸ਼ੱਤਰੀ ਦਾ ਨਾਂ ਬਲਸ਼ਾਲੀ, ਵੈਸ਼ ਦਾ ਨਾਂ ਵਿਭਵਸ਼ਾਲੀ ਅਤੇ ਸ਼ੂਦਰ ਦਾ ਨਾਂ ਨਿੰਦਾਕਾਰੀ ਰੱਖਣਾ ਚਾਹੀਦਾ ਹੈ।

ਜੇ ਭਾਰਤ ਦੀ ਪਚਵੰਜਾ ਸੱਠ ਕਰੋੜ ਸ਼ੂਦਰ ਅਛੂਤ ਜੰਤਾ ਨੇ ਸੁਖ ਦਾ ਸਾਹ ਲੈਣਾ ਹੈ। ਚੰਗੇ ਮਨੁੱਖਾਂ ਵਾਲਾ ਗੈਰਤ ਭਰਿਆ ਜੀਵਨ ਜਿਉਣਾ ਹੈ। ਆਪਣੀ ਮੇਹਨਤ 'ਤੇ ਛਾਪੇ ਨਹੀਂ ਪੈਣ ਦੇਣੇ, ਜੀਵਨ ਦੀਆਂ ਸਾਰੀਆਂ ਖੁਸੀਆਂ ਪ੍ਰਾਪਤ ਕਰਨੀਆਂ ਹਨ ਤਾ ਉਹਨਾਂ ਨੂੰ ਬ੍ਰਾਹਮਣਾਂ ਆਰੀਅਣਾ ਦੀਆਂ ਇਹਨਾਂ ਧਾਰਮਕ ਕਨੂੰਨਾਂ ਦੀਆਂ ਕਿਤਾਬਾਂ ਨੂੰ ਪ੍ਰਖਣਾ ਹੋਵੇਗਾ ਤੇ ਇਹਨਾਂ ਦਾ ਹੱਲ ਲੱਭਣਾ ਹੋਵੇਗਾ। ਬਾਬਾ ਸਾਹਬ ਡਾਕਟਰ ਅੰਬੇਦਕਰ ਦੀ ਮਿਹਰਬਾਨੀ ਤੇ ਸੰਘਰਸ਼ ਸਦਕਾ ਅਜ ਹਰ ਸ਼ੂਦਰ ਵਿਦਿਆ ਪੜ੍ਹ ਸਕਦਾ ਹੈ। ਨੌਕਰੀ ਲੱਗ ਸਕਦਾ ਹੈ। ਪੈਸਾ ਕਮਾ ਸਕਦਾ ਹੈ। ਪਰਜਾ ਤੰਤਰ ਵਿਚ ਵੋਟ ਪਾ ਸਕਦਾ ਹੈ ਪਰੰਤੂ ਮਨੁੱਖੀ ਸਮਾਜਕ ਬਰਾਦਰੀ ਦੇ ਹੱਕ ਪ੍ਰਾਪਤ ਕਰਨ ਲਈ ਉਸਨੂੰ ਹਜ਼ਾਰਾਂ ਸਾਲਾਂ ਤੋਂ ਜਾਰੀ ਹੋਏ ਬ੍ਰਾਹਮਣ ਵਾਦੀ ਦੰਭੀ ਜਾਲ ਤੋਂ ਛੁਟਕਾਰਾ ਪਾਉਣਾ ਹੋਵੇਗਾ ਤੇ ਉਸਦੀ ਅਸਲੀਅਤ ਨੂੰ ਸਮਝਣਾ ਹੋਵੇਗਾ। ਇਸ ਪਰਜਾ ਤੰਤਰ ਵਿਚ ਜੋ ਵੀ ਵਿਅਕਤੀ ਜੋ ਵੀ ਹਕੂਮਤ, ਜੋ ਵੀ ਸੰਸਥਾ, ਇਸ ਬ੍ਰਾਹਮ-ਣਵਾਦ ਨੂੰ ਪ ਲਦੇ ਹਨ, ਉਹਨਾਂ ਨੂੰ ਛੋਕ ਕੇ, ਆਪਣੇ ਪੈਰਾਂ ਸਿਰ ਖਲੋਕੇ, ਆਪਣਾ ਹੀ ਦਰੁਸਤ ਰਾਹ ਆਪਣੇ ਬਾਜੂ ਬਲ ਤੇ ਅਖਤਿਆਰ ਕਰਨਾ ਪਵੇਗਾ ਤਾਂ ਜੋ ਘਟੀਆ ਜਾਤ ਪਾਤੀ ਪ੍ਰਬੰਧ ਤੋਂ ਛੁਟਕਾਰਾ ਪਾਇਆ ਜਾ ਸਕੇ। ਮੁਕਤੀ ਮਿਲ ਸਕੇ। ਤੇ ਸਰਵਹਾਰਾ ਸੁਖੀ ਹੋ ਸਕੇ। ਜਾਤ ਕੋਈ ਰੱਬੀ ਹੁਕਮ ਨਹੀਂ ਹੈ। ਇਹ ਉਹ ਕੋਝੀ ਵਿਓਂਤ ਹੈ ਜਿਸ ਨਾਲ ਭਾਰਤੀ ਲੋਕਾਂ ਨੂੰ 6000 ਜਾਤਾਂ ਕੁਜਾਤਾਂ ਵਿਚ ਵੰਡ ਕੇ ਆਰੀਅਨਾਂ ਨੇ ਆਪਣੀ ਸ੍ਰੇਸ਼ਟਤਾ ਹੁਣ ਤੀਕ ਕਾਇਮ ਰੱਖੀ ਹੈ ਤੇ ਨੀਚ ਲੋਕਾਂ ਨੂੰ ਆਰਥਕ, ਰਾਜਨੀਤਕ, ਧਾਰਮਕ, ਸਮਾਜਕ ਵਿਦਿਅਕ ਨੈਤਿਕ ਗੱਲ ਕੀ ਹਰ ਪੱਖੋਂ ਪਛਾੜ ਸੁੱਟਿਆ ਹੈ। o

## ਅਛੂਤਾ ਦੇ ਕਤਲਾਂ ਦਾ ਬਿਉਰਾ

| | | 1980 | 1981 |
|---|---|---|---|
| 1 | ਉਤਰ ਪ੍ਰਦੇਸ਼ | 4279 | 3865 |
| 2. | ਮੱਧ ਪ੍ਰਦੇਸ਼ | 3877 | 3360 |
| 3. | ਬਿਹਾਰ | 1890 | 1651 |
| 4. | ਰਾਜਸਥਾਨ | 1180 | 1562 |
| 5 | ਮਹਾਂ ਰਾਸ਼ਟਰ | 518 | 656 |
| 6. | ਗੁਜਰਾਤ | 494 | 656 |
| 7. | ਕੇਰਲਾ | 476 | 230 |
| 8 | ਕਰਨਾਟਕ | 377 | 397 |
| 9 | ਆਂਧਰਾ | 152 | 197 |
| 10. | ਬਾਕੀ ਰਾਜ | 497 | 407 |

ਕੇਂਦਰੀ ਗ੍ਰਹਿ ਮੰਤਰਾਲਾ 1981 : ਅਛੂਤਾਂ ਉਪਰ 12000 ਜ਼ੁਲਮ ਹੋਏ।
1980 'ਚ ਇਹ ਗਿਣਤੀ 11000 ਸੀ
960 ਅਛੂਤ ਕਤਲ ਹੋਏ 26748 ਅਪਰਾਧ ਹੋਏ।

135 ਘੰਟੇ 'ਚ ਇਕ ਅਛੂਤ ਔਰਤ ਕਤਲ ਹੁੰਦੀ ਹੈ।
2.36 ਘੰਟੇ 'ਚ 1 ਅਛੂਤ ਔਰਤ ਨ ਲ ਬਲਾਤਕਾਰ ਹੁੰਦਾ ਹੈ।
3.42 ਘੰਟੇ 'ਚ 1 ਅਛੂਤ ਦਾ ਘਰ ਲੁੱਟਿਆ ਜਾਂਦਾ ਹੈ।
4.75 ਘੰਟਿਆਂ 'ਚ 1 ਘਰ ਜਲਾ ਦਿੱਤਾ ਜਾਂਦਾ ਹੈ।
5.79 ਘੰਟੇ 'ਚ 1 ਔਰਤ ਅਗਵਾ ਕੀਤੀ ਜਾਂਦੀ ਹੈ।

# ਸਾਹਿਤ ਸੈਮੀਨਾਰ

ਸਮਤਾ ਦੇ ਸਾਹਿਤ ਸੈਮੀਨਾਰ ਵਿੱਚ ਅਸੀਂ ਆਪਣੇ ਦੋ ਕਹਾਣੀਕਾਰਾਂ ਕਿਰਪਾਲ ਕਜ਼ਾਕ ਅਤੇ ਮੁਖਤਿਆਰ ਸਿੰਘ ਦਾ ਚਰਚਾ ਕਰ ਰਹੇ ਹਾਂ। ਕਿਰਪਾਲ ਕਜ਼ਾਕ ਦੇ ਦੋ ਕਹਾਣੀ ਸੰਗ੍ਰਹਿ 'ਸੂਰਜਮੁੱਖੀ ਪੁੱਛਦੇ ਨੇ' ਅਤੇ 'ਅੱਧਾ ਪੁਲ' ਅਤੇ ਮੁਖਤਿਆਰ ਸਿੰਘ ਦਾ ਇਕੋ ਇਕ ਕਹਾਣੀ ਸੰਗ੍ਰਹਿ ਲੁੱਕ ਵਿਚ ਫਸੇ ਪੈਰ' ਸਾਡੇ ਸਾਹਮਣੇ ਹੈ। ਜ਼ਿੰਦਗੀ ਦੇ ਯਥਾਰਥ ਦੇ ਸੰਵੇਦਨਾਸ਼ੀਲ ਪ੍ਰਗਟਾਵੇ ਲਈ ਅਧੁਨਿਕ ਪੰਜਾਬੀ ਕਹਾਣੀ ਵਿਚ ਜੋ ਵਿਧੀਆਂ ਜਾਂ ਸ਼ੈਲੀਆਂ ਅਪਣਾਈਆਂ ਜਾ ਰਹੀਆਂ ਹਨ, ਇਹ ਕਹਾਣੀਕਾਰ ਉਹਨਾਂ ਨੂੰ ਕਾਫੀ ਹੱਦ ਤੱਕ ਰੂਪਮਾਨ ਕਰਦੇ ਹਨ। ਇਹਨਾਂ ਕਹਾਣੀਕਾਰਾਂ ਦੀਆਂ ਦੋ ਚੋਣਵੀਆਂ ਕਹਾਣੀਆਂ 'ਕੰਧਾਂ ਤੋਂ ਬਿਨਾਂ'/ਕਿਰਪਾਲ ਕਜ਼ਾਕ ਅਤੇ 'ਲੁੱਕ ਵਿੱਚ ਫਸੇ ਪੈਰ'/ਮੁਖਤਿਆਰ ਸਿੰਘ, ਇਥੇ ਦੇ ਕੇ ਤੇ ਨਾਲ ਹੀ ਇਹਨਾਂ ਦੀ ਕਹਾਣੀ ਕਲਾ ਤੇ ਦੋ ਪੇਪਰ —'ਕਿਰਪਾਲ ਕਜ਼ਾਕ ਦੀ ਕਹਾਣੀ ਕਲਾ'/ਸਵਿੰਦਰਜੀਤ ਸਾਗਰ ਅਤੇ 'ਏਕਣੇ ਐਂ ਦਾ ਕਹਾਣੀਕਾਰ ਮੁਖਤਿਆਰ ਸਿੰਘ'/ਸ਼ਹਰਯਾਰ, ਵੀ ਦੇ ਕੇ ਅਸੀਂ ਆਪਣੇ ਦੂਰ ਬੈਠੇ ਪਾਠਕਾਂ ਨੂੰ ਵੀ ਇਸ ਸੈਮੀਨਾਰ ਵਿਚ ਸ਼ਾਮਿਲ ਕਰ ਰਹੇ ਹਾਂ ਜੋ 29 ਜਨਵਰੀ ਅਦਾਰਾ ਸਮਤਾ ਵੱਲੋਂ ਕਰਵਾਏ ਗਏ ਇਸ ਸੈਮੀਨਾਰ ਵਿਚ ਆਪ ਸ਼ਾਮਿਲ ਨਹੀਂ ਹੋ ਸਕੇ ਸਨ। / ਸੰਪਾਦਕ

---

## ਕਹਾਣੀ/ਕੰਧਾਂ ਤੋਂ ਬਿਨਾਂ/ਕਿਰਪਾਲ ਕਜ਼ਾਕ

ਚੇਤਰ ਦਾ ਛੋਕੜਲਾ ਪੱਖ !

ਹੁੱਸੜ !

ਦੂ-ਮੇਲ ਤੱਕ ਉੱਡਦੀ ਧੂੜ, ਪੱਕ ਰਹੀਆਂ ਫਸਲਾਂ ਦੀ ਲੂਣੀ ਬਾਸ...।

ਅਜੀਬ ਬੇ-ਚੈਨੀ, ਜਿਵੇਂ ਕੋਈ ਤੜਪ ਰਿਹਾ ਹੋਵੇ।

ਜ਼ਿਹਨ 'ਚ ਜ਼ਲਜ਼ਲੇ ਵਰਗਾ ਕੁਝ ..

ਉਫ਼ !

ਅਜੀਬ ਤਪਸ਼ ਸੀ, ਜਿਸ ਵਿਚ ਉਹ ਲਿਪਟਿਆ ਖੜ੍ਹਾ ਸੀ। ਖੱਟੀ ਬਾਸ ਤਾਂ ਉਹਦੇ ਆਪਣੇ ਹੀ ਮੁੜ੍ਹਕੇ 'ਚੋਂ ਉੱਠ ਰਹੀ ਸੀ। ਜਾਂ ਖਬਰੇ ਲਾਗਲੇ ਛੱਪੜ ਵਿਚ ਮੋਈਆਂ ਮੱਛੀਆਂ ਤਰਕ ਰਹੀਆਂ ਸਨ।

ਉਸ ਫੂਕਾਰੇ ਜਿਹਾ ਸਾਹ ਲਿਆ। ਖੰਗਾਰ ਕੇ ਥੁੱਕਿਆ। ਬੁੱਲ੍ਹਾਂ ਤੇ ਜੀਭ ਫੇਰੀ। ਅਤੇ ਟ੍ਰੰਡ ਵਿਚ ਘੁੱਟੇ ਦੋਂਹ ਦੇ ਨੋਟ ਨੂੰ ਜੇਬ ਤੱਕ ਲਿਜਾਂਦਿਆਂ ਅੱਥਰੂ ਉਮਡ ਆਏ, ਤੇ ਉਹ ਰਹਿੰਦਾ ਵੀ ਉਦਾਸ ਹੋ ਗਿਆ !

ਹਰਾਸੇ ਮਨ ਨਾਲ ਉਹ ਤਾਂਗੇ ਦਾ ਆਸਰਾ ਲਈ ਖੜ੍ਹਾ ਸੀ। ਘੋੜੀ ਖੱਬੇ ਗਿੱਟੇ ਦੀ ਰਗੜ ਤੋਂ ਵਾਰ ਵਾਰ ਮੱਖੀ ਛੰਡਦੀ ਤਾਂ ਤਾਂਗੇ ਦਾ ਉੱਖੜਿਆ ਪੁੱਖੜਿਆ ਸਾਜ਼, ਡਰਾਉਣਾ ਜਿਹਾ ਖੜਕ ਕੇ ਖਿੱਲਰ ਜਾਣ ਨੂੰ ਕਰਦਾ। ਉੱਤਰਦੇ ਹੁਨਾਲ ਅਤੇ ਸ਼ਹਿਰ ਦੇ ਲੰਮੇ ਪੈਂਡੇ ਮਗਰੋਂ ਘੋੜੀ ਨਿਢਾਲ ਹੋਈ ਪਈ ਸੀ। ਸਾਹੋ ਸਾਹ। ਹਫਦੀ ਹੋਈ। ਉਹਦੇ ਆਪਣੇ ਸਿਰ ਵਿਚ ਗੁਬਾਰ ਕੱਠਾ ਹੋ ਰਿਹਾ ਸੀ। ਅੰਗ ਝੂਠੇ ਪੈ ਗਏ ਸਨ। ਬੰਬ ਦੇ ਆਖਰੀ ਸਿਰੇ ਤੋਂ ਤਿਲਕਦੀ ਵਾਗ ਘੱਟੇ ਵਿਚ ਪਈ ਸੀ।

ਉਸ ਹਉਕਾ ਲਿਆ। ਤੰਗ ਦੀ ਪੇਟੀ ਬੰਬ ਦੇ ਟੇਢੇ ਕਿੱਲ ਵਿਚ ਟੁੰਗਦਿਆਂ, ਜਦੋਂ ਉਹਨੇ ਦੇਹ ਦਾ ਬੋਝ ਪਾਏਦਾਨ ਤੇ ਪਾਇਆ, ਤਾਂ ਦੇਖਿਆ, ਘੋੜੀ ਦੇ ਗਲ ਵਿਚਲੀ ਪੇਟੀ ਵਿਚੋਂ ਸਾਰੇ ਹੀ ਘੁੰਗਰੂ ਹੀ ਝੜ ਗਏ ਸਨ। ਚਮੜੇ ਦੀ ਗਾਨੀ ਵਿਚ ਸਿਰਫ਼ ਖੋਲ ਲਟਕ ਰਹੇ ਸਨ। ਕਲਗੀ ਵੀ ਝੜ ਗਈ ਸੀ। ਸੀਟ ਉੱਪਰ ਚਹੁਰਾ ਕਰਕੇ ਸਿੱਟਿਆ ਦੋੜਾ ਛਿੱਜ ਗਿਆ ਸੀ। ਗੰਢੇ-ਤੁੱਪੇ ਸਾਜ਼ ਵਿਚ ਘੋੜੀ ਉੱਕਾ ਸ਼ੋਹਦੀ ਅਤੇ ਨਿਢਾਲ ਜਾਪਦੀ। ਉਹ ਕਿੰਨਾ ਨਿੱਘਰ ਗਿਆ ਸੀ ? ਉਹਨੂੰ ਆਪਣੇ ਆਪ ਤੇ ਹਿਰਖ ਆਇਆ। ਕਚੀਚੀ ਲਈ। ਭਵਾਂ ਤਣੀਆਂ, ਅਤੇ ਧੜਧੜੀ ਲੈਂਦਿਆ ਇਸ ਕਦਰ ਵਾਗਾਂ ਤੁਣਕੀਆਂ, ਘੋੜੀ ਪਿਛਲੇ ਪੈਰੀਂ ਡਿੱਗਦੀ ਡਿੱਗਦੀ ਰਹਿ ਗਈ।

"ਤੇਰੇ ਓਏ ਜੰਮਦੇ ਈ ਕਾਂਓਂ ਨੂੰ..."

ਭਰਵੀਂ ਗਾਹਲ ਦਿੰਦਾ ਉਹ ਦੁੱਧ ਵਾਂਗ ਉੱਬਲ ਗਿਆ। ਕੰਢੇ ਸੜਨ ਲੱਗੇ। ਸਾਹਮਣੇ ਗਲੀ ਦੇ ਮੋੜ ਤੇ ਧੂੰਆਂ ਉੱਠਦਾ ਦਿੱਸਿਆ। ਜ਼ਿਥੋਂ ਹੁਣੇ ਹੀ ਘੀਚਰ ਰਵਦਾਸੀਆ ਤੇ ਉਹਦੀ ਤੀਵੀਂ ਅੱਖੋਂ ਓਝਲ ਹੋ ਗਏ ਸਨ।

ਧੂੰਏ ਵਰਗਾ ਕੁਝ ਸੀ ਜੋ ਉਹਦੀਆਂ ਅੱਖਾਂ 'ਚੋਂ ਉੱਠ ਖੜ੍ਹਿਆ। ਸਾਰੇ ਖਲਾਅ ਵਿਚ ਹੀ ਫੈਲ ਗਿਆ। ਕੁਝ ਵੀ ਨਹੀਂ ਸੀ ਦਿੱਸ ਰਿਹਾ। ਖਸਤਾ ਹਾਲ ਤਾਂਗਾ... ਮਰੀਅਲ ਘੋੜੀ...ਹੱਬਾਂ ਦੇ ਟੁੰਡ...ਤੇ ਭੰਡਾਰੀ 'ਚ ਪਿਆ ਊਣਾ ਅਧੀਆ। ਜੀਹਦਾ ਭਰਵਾਂ ਪੈਗ ਉਹਦੇ ਮੱਥੇ ਵਿਚ ਹੁਣ ਤਾਈਂ ਪਾਣੀ ਬਣਿਆ ਪਿਆ ਸੀ।

ਇਕ ਲਮਹਾ ਉਹ ਵਾਗ ਤੁਣਕਣੀ ਵਿੱਸਰ ਗਿਆ। ਮੋਈ ਮਿੱਟੀ ਵਾਂਗ ਤਾਂਗੇ ਦੀ ਮੂਹਰਲੀ ਸੀਟ ਉੱਪਰ ਹੀ ਸਿਮਟ ਗਿਆ। ਪਿੰਡੇ ਦੀਆਂ ਥਿਰਕਦੀਆਂ ਕੰਬਣੀਆਂ ਅਤੇ ਜੱਕੋ-ਤੱਕਿਆਂ ਵਿਚ ਘੋੜੀ, ਆਪਦੇ ਹੀ ਕਿਆਸ ਨਾਲ ਘਰ ਵੱਲ ਪਰਤ ਰਹੀ ਸੀ।

ਫਿਰਨੀ ਉੱਤਰਦਿਆਂ ਜ਼ਦੋਂ ਉਹ ਆਪਣੇ ਆਪ ਵਿਚ ਪਰਤਿਆ, ਤਰਕਾਲਾਂ ਉੱਤਰ ਰਹੀਆਂ ਸਨ। ਦੂ-ਵਿੱਢੋਂ ਖੂਹ ਦੀ ਉੱਜੜੀ ਡੱਲ ਪਰਤੇ ਜਨੌਰਾਂ ਨਾਲ ਗੂੰਜ

ਰਹੀ ਸੀ। ਛੱਪੜ ਦੇ ਅੱਧ-ਸੁੱਕੇ ਤਲਾਬ 'ਚੋਂ ਉਵੇਂ ਹੀ ਸੜਿਹਾਂਦ ਉੱਠ ਰਹੀ ਸੀ।

ਮਾਸਟਰਾਂ ਕੇ ਖੁੱਲ੍ਹੇ ਵੇਹੜੇ ਵਿਚ ਜੁਆਕਾਂ ਨੂੰ ਬੈਟ-ਬੱਲਾ ਖੇਡਦੇ ਤੱਕ ਉਹ ਰੋਹ 'ਚ ਆ ਗਿਆ। ਉਹਦੇ ਅੰਦਰ ਕੁਝ ਤਿੜਕਿਆ। ਔਖਰ ਉਹਦਾ ਆਪਣਾ ਬਚਪਨ ਕਿੱਥੇ ਸੀ? ਮੱਥੇ 'ਚ ਧੂੰਏਂ ਦੇ ਵਰੋਲੇ ਕੱਠੇ ਹੋਣ ਲੱਗੇ। "ਸਾਲੇ ਵੇਹਲੜ..." ਪਰ ਉਹ ਆਪ ਕੀ ਸੀ? ਇਕ ਘੜੀ ਉਹਦੇ ਜ਼ਿਹਨ 'ਚੋਂ ਸਾਰੀ ਜ਼ਿੰਦਗੀ ਦੀਆਂ ਪੀੜਾਂ ਅਤੇ ਤਲਖੀਆਂ ਗੁਜ਼ਰ ਗਈਆਂ, ਜਿਨ੍ਹਾਂ ਨੂੰ ਪਿੰਡੇ ਜਰਦਿਆਂ, ਨਾਂ ਉਹ ਮੋਇਆਂ 'ਚ ਰਿਹਾ ਸੀ, ਨਾ ਜਿਉਂਦਿਆਂ ਵਿਚ...। ਜੰਮਦਿਆਂ ਹੀ ਸਰਾਪਿਆ ਗਿਆ ਸੀ। ਭੁੱਖ...ਨੰਗ...ਅਤੇ ਨਿਰਾਦਰ...। ਮੰਡਵੀ ਵਾਂਗ ਟੂੰਡਾਂ ਵਿਚਾਲੇ ਘੁੱਟਦਿਆਂ ਘੋੜੀ ਦੇ ਪਿੰਡੇ 'ਜੜ ਦਿੱਤੀ। ਬੇ-ਮਤਲਬ ਹੀ ਚੁਬਾਰੇ ਵਾਲਿਆਂ ਦੇ ਵੇਹੜੇ ਦਾ 'ਚੋਰ ਝਾਕਾ' ਲੈਂਦਿਆਂ, ਓਪਰਾ ਜਿਹਾ ਖੰਗੂਰਾ ਮਾਰਿਆ। ਪਰ ਉਹਨੂੰ ਘੀਚਰ ਤੇ ਉਹਦੀ ਵਹੁਟੀ ਚੇਤੇ ਆ ਗਏ, ਤੇ ਉਹ ਬੇ-ਬੱਸ ਜਿਹਾ, ਮਨ ਦੀਆਂ ਅੰਨ੍ਹੀਆਂ ਦਲਦਲਾਂ 'ਚ ਉੱਤਰ ਗਿਆ।

ਸਾਰੀ ਦੁਪਹਿਰ ਅੱਡੇ ਵਿਚ ਖੜ੍ਹਾ ਉਹ ਸਿਰਫ਼ ਏਨੀ ਗੱਲ ਬਦਲੇ ਹੀ ਕਮਲਾ ਹੋਇਆ ਫਿਰਦਾ ਰਿਹਾ ਸੀ ਕਿ ਤਰਕਾਲੀਂ ਉਹ ਘੀਚਰ ਦੀ ਵਹੁਟੀ ਨੂੰ ਪਿੰਡ ਲੈ ਕੇ ਜਾਣ ਵਾਲਾ ਸੀ। "ਡੀਕ ਕੇ ਜਾਈਂ..." ਉਹ ਉਹਨੂੰ ਕਿਸੇ ਓਸ ਮੁਸਕੜੀ 'ਚੋਂ ਆਖ ਕੇ ਗਈ ਸੀ, ਜੀਹਦੀ ਇਕੋ ਝਲਕ ਉਹਨੂੰ ਪਾਗਲ ਕਰ ਸਕਦੀ ਸੀ। ਸਾਰੀ ਦੁਪਹਿਰ ਉਹ ਜੰਟੀਦਾਰਾਂ 'ਚੋਂ "ਗੱਲਾਂ ਕੱਢਦਾ' ਰਿਹਾ ਸੀ। ਤੇ ਦੋਹਾਂ ਸੀਟਾਂ ਦੇ ਵਿਚਕਾਰਲੀ ਫੱਟੀ ਉੱਪਰ, ਸ਼ੀਸ਼ੇ 'ਚ ਮੜ੍ਹੀ ਤਸਵੀਰ ਨੂੰ ਹੌਕੂ ਹੌਕੂ ਝਾਕਦਾ ਰਿਹਾ ਸੀ। ਤਸਵੀਰ ਕਿਸੇ ਐਕਟਰਸ ਦੀ ਸੀ। ਜੀਹਦੀਆਂ ਭਰਵੀਆਂ ਛਾਤੀਆਂ ਨੂੰ ਸ਼ੈਂਟ ਤੇ ਲੰਮੇ ਪਿਆਂ ਚੋਰੀ ਚੁੰਮਦਿਆਂ, ਉਹ ਭੱਠ ਵਾਂਗ ਤਪਣ ਲੱਗਦਾ।

ਪਰ ਹੁਣ ਤਾਂ ਸਾਹਾਂ ਵਿਚੋਂ ਮਿਰਚਾਂ ਜਿਹਾ ਕੁਝ ਉੱਡ ਰਿਹਾ ਸੀ। ਛਾਤੀ 'ਚ ਸਾੜ ਪੈਂਦਾ। ਰੇਤ ਫੱਕ ਲੈਣ ਤੇ ਚਿੱਤ ਕਰਦਾ। ਚੁਫੇਰੇ ਕਣਕਾਂ ਸੂਹੀ ਭਾਹ ਨਾਲ ਝੁਕੀਆਂ ਖੜ੍ਹੀਆਂ ਸਨ। ਤਾਂਗੇ ਦੇ ਪਿੱਛੇ, ਘੋੜੀ ਦੇ ਪੈਰਾਂ 'ਚੋਂ ਉੱਠਦੇ ਧੂੜ ਦੇ ਸੰਘਣੇ ਬੱਦਲ, ਥੋਹਰ ਦੀ ਉੱਚੀ ਵਾੜ ਦੁਆਲੇ ਧੂੰਏਂ ਦੀ ਮੋਟੀ ਤਹਿ ਵਾਂਗ ਲਟਕ ਗਏ ਸਨ।

ਰਿਫ਼ੂਜੀਆਂ ਦੇ ਹਾਤੇ ਲਾਗੇ ਤਾਂਗਾ ਰੁਕਿਆ ਤਾਂ ਜੁਆਕਾਂ ਦੀ ਹੇੜ ਚੁਫੇਰੇ ਆ ਖੜ੍ਹੀ। ਨਲੀ ਚੋਚ ਧਾੜ। ਘੁੱਦਾ...ਪੱਪਾ...ਮੰਟੀ...ਸ਼ੀਸ਼ੂ...। ਪਤਾ ਨਹੀਂ ਕੌਣ ਕੌਣ। ਮੱਖੀਆਂ ਵਾਂਗ ਭਿਣਕਣ ਲੱਗੇ। "ਚਾਚਾ ਮੈਂ ਚੱਕੂੰ ਸਾਜ...ਓਹ ਫੜਾ ਘੋੜੀ..." ਕੁਝ ਵੀ ਨਹੀਂ ਸੀ ਸੁਣ ਰਿਹਾ। ਨਾ ਦਿੱਸ ਰਿਹਾ। ਅੰਨ੍ਹਿਆਂ ਬੋਲਿਆਂ ਵਾਂਗ ਉਹ ਘੋੜੀ ਖੁਰਲੀ ਤੇ ਲਿਆ ਬੱਧੀ ਤੇ ਬਰਸੀਮ ਦੀ ਥੱਬੀ ਸੁੱਟਦਿਆਂ ਲੱਗਾ, ਜਿਵੇਂ ਬਹੁਤ ਥੱਕ ਗਿਆ ਹੋਵੇ। ਹਮੇਸ਼ ਨਾਲੋਂ ਉਲਟ ਜੁਆਕ ਉਹਨੂੰ ਬਿੜਕਦਾ ਜਿਹਾ ਝਾਕ ਰਹੇ ਸਨ। ਅਜੀਬ ਹੁੰਮਸ ਸੀ। ਤਣਾਉ। ਕਸ਼ਮਕਸ਼। ਪੱਥਰਾਈ ਜਿਹੀ ਚੁੱਪ; ਜਿਸ ਕਾਰਨ ਕੰਨਾਂ 'ਚ ਸ਼ਾਂ ਸ਼ਾਂ ਹੋ ਰਹੀ ਸੀ। ਮਾਂ ਵੀ ਕਿਤੇ ਨਹੀਂ ਸੀ ਦਿੱਸ ਰਹੀ। ਚੁਫੇਰੇ ਹੁਣੇ ਹੀ ਜਿਵੇਂ ਵਿਉਂ ਫਿਰ ਕੋ ਹਇਆ ਹੋਵੇ।

ਘੋੜੀ ਦਾ ਸਾਜ ਢਾਰੇ ਥੱਲੇ ਹੀ ਸਿੱਟ ਜਦੋਂ ਉਹ ਦੂਹਰੀ ਵਾਰ ਤਾਂਗੇ ਕੋਲ ਅੱਪੜਿਆ, ਰੋਹ ਨੂੰ ਜ਼ਰਬ ਆ ਗਈ।

"ਤੁਹਾਡੀ ਉਏ ਮਾਂ ਦੀ ਲੈ ਲਾਂ ਬੁੱਗੀ ਮੈਂ.../ ਮੇਰੇ ਸਾਲੇ ਦਿਉ...!" ਜੁਆਕ ਹਵਾ ਹੋ ਗਏ।

ਮੌਨ ਰਾਗਲੇ ਰਉਂ ਵਿਚ ਹੁੰਦਾ ਤਾਂ ਕਿਸੇ ਵੀ ਨਿਆਣੇ ਨੂੰ ਬੁੱਕਲ 'ਚ ਘੁੱਟ ਲੈਂਦਾ, ਚੁੰਮਦਾ, ਦੁਲਾਰਦਾ ਅਤੇ ਕੰਨ 'ਚ ਸੁਰ ਸੁਰ ਕਰਦਾ।

"ਕਿੱਦਾਂ ਬਈ ਪੁੱਤਰਾ! ਤੁਹਾਡੇ ਘਰ ਰਾਤ ਨੂੰ ਚੂਹੀਂ ਚੂਹਾ ਲੜਦੇ ਆ ਓ..."

ਪਰ ਤਦੋਂ ਉਸ ਟੂੰਡਾਂ ਨਾਲ ਸੀਟ ਚੁੱਕਦਿਆਂ ਅਧੀਆ ਕੱਢ ਲਿਆ। ਜਿਸ ਚੋਂ ਭਰਵਾਂ ਪੈੱਗ ਉਹ ਖਾਸਿਆਂ ਦੀ ਖੂਹੀ ਤੇ ਹੀ ਡੀਕ ਆਇਆ ਸੀ। ਪਰ ਲਹੌਰੀਆਂ ਕੀ ਚੱਕੀ ਲਾਗੇ ਆਉਂਦਿਆਂ ਹੀ ਪੀਤੀ ਛਿੱਟ ਗੋਬਰ ਹੋ ਗਈ ਸੀ। ਲੱਗਾ ਸੀ; ਜਿਵੇਂ ਘੜੀ ਪਹਿਲਾਂ ਉਹ ਦਾਰੂ ਦੀ ਥਾਂ ਘੋੜੀ ਦਾ ਲਹੂ ਪੀ ਕੇ ਹਟਿਆ ਹੋਵੇ। ਉਸ ਮਸ਼ੀਨ ਤੋਂ ਫੱਕ ਲੈਣ ਗਿਆਂ ਗਲਾਸੀ ਮੰਗ ਲਈ ਸੀ ਤੇ ਕੱਢ ਕੇ ਲਿਆਂਦੀ ਤੀਵੀਂ ਸੰਗ ਬੈਠੇ ਘੀਚਰ ਰਵਦਾਸੀਏ ਨੂੰ, ਹਾਕ ਮਾਰ ਲਈ ਸੀ।

"ਭੈਣ ਦੇਣਾ ਕੱਲ੍ਹ ਹਾਲੀ ਗਲੀਆਂ 'ਚ ਕੁੱਤੇ-ਖੱਸੀ ਕਰਦਾ ਸੀ। ਅੱਜ...ਅਗਲਾ ਤੀਵੀਂ ਕੱਢੀ ਫਿਰਦੈ...!" ਤਲਖ਼ ਜਿਹਾ ਉਹਨੇ ਘੀਚਰ ਬਾਰੇ ਸੋਚਿਆ। ਸਿਰ ਛਿਣਕਿਆ ਤੇ ਉਹਦੇ ਤਾਂਗੇ ਤੋਂ ਉੱਤਰ ਕੇ ਆਉਣ ਤੋਂ ਪਹਿਲਾਂ ਹੀ ਹਾੜਾ ਪਾ ਦਿੱਤਾ।

"ਨਾ ਬਾਈ, ਵਰਕਾ ਈ ਪਾੜ ਦੇ ਕੇ...!"

ਘੀਚਰ ਪੈਂਦਾ ਈ ਤੱਤਾ ਤੇ ਉੱਭਰ ਆਇਆ।

"ਆਪਾਂ ਤਾਂ ਸੁਹੁ ਮਾਹਰਾਜੇ ਦੀ ਜਿੱਦੋਂ ਦੀ ਆਹ ਤੀਵੀਂ ਲਿਆਂਦੀ ਐ ਘਰੇ...ਸੁੰਘੀ ਨੀਂ ਭੋਰਾ...!"

"ਚਲ ਕੋਈ ਨੀ..." ਤਾਰੂ ਖਹਿੜੇ ਪੈ ਗਿਆ। ਜਿਵੇਂ ਇਕੱਲੇ ਨੂੰ ਚੜ੍ਹਣੀ ਹੀ ਨਹੀਂ ਸੀ। "ਅੱਜ ਮੇਰੇ ਵੱਡੇ ਦਾ ਵਜਾ ਦੀ ਬੁਗਦੂ...ਨਾਲੇ ਜੱਟ ਨੇ ਰੋਜ਼ ਰੋਜ਼

...ਨੀਂ ਕਹਿੰਦਾ ਤੈਨੂੰ...।"

"ਨਾ, ਜਿਉਂਦਾ ਰਹੁ ਬੌਸ..."

ਮੱਥੇ ਵਿਚ ਜਿਵੇਂ ਭਖਦੀ ਇੱਟ ਆ ਵੱਜੀ। ਪੀੜ ਹੋਈ। 'ਫੜ ਸਾਲਾ...', ਹੱਥ ਜੋੜਦਾ ਘੀਚਰੂ ਵਿਹੁ ਵਰਗਾ ਜਾਪਿਆ। ਲੱਗਾ ਜਿਵੇਂ ਉਹ ਖ਼ੁਦ ਘੀਚਰ ਤੋਂ ਭੀਖ ਮੰਗ ਰਿਹਾ ਹੋਵੇ। ਮੱਥਾ ਤਿਊੜੀਆਂ ਨਾਲ ਉਲਝ ਗਿਆ। ਸੱਜੀ ਨਾਸ ਦੇ ਥੱਲਿਉਂ, ਬੁੱਲ੍ਹ ਦੀ ਉਪਰਲੀ ਕੋਰ ਪਿੱਪਲ ਦੇ ਟੂਸੇ ਵਾਂਗ ਕੰਬਣ ਲੱਗੀ।

"ਕਾਹਨੂੰ ਗਾਲ੍ਹਦੈਂ ਯਾਰ, ਹੱਡ..." ਘੀਚਰ ਨਸੀਹਤਾਂ ਦੇਣ ਲੱਗ ਪਿਆ। "ਜੇ ਭਲੀ ਇਹੋ ਚਾਰ ਦਾਣੇ ਘੋੜੀ ਦੇ ਢਿੱਡ 'ਚ ਪਾਵੇਂ ?"

"ਗੱਲ ਸੁਣ...ਜੱਟ ਨੇ ਰੋਜ਼ ਰੋਜ਼ ਨੀਂ ਕਹਿਣਾ ਤੈਨੂੰ...ਲਾ ਲੈ ਛਿੱਟ...।"

ਤਾਰੂ ਪਾਣੀ ਬਣਿਆ ਪਿਆ ਸੀ। ਗਲਾਸੀ 'ਚ ਬੱਝਾ ਡੋਰਾ ਟੁੱਟਣ ਲੱਗਾ।

"ਮੱਖਾ ਗੱਲ ਨਾ ਹਲਾ ਕੇ...।"

ਘੀਚਰ ਮੂਲੋਂ ਹੀ ਨਾਬਰ ਹੋ ਖੜ੍ਹਾ।

ਤਾਰੂ ਨੇ ਇਕ ਨਜ਼ਰ ਤਾਂਗੇ ਦੀ ਮੂਹਰਲੀ ਸੀਟ 'ਤੇ ਬੈਠੀ ਘੀਚਰ ਦੀ ਕੱਢ ਕੇ ਲਿਆਂਦੀ ਤੀਵੀਂ ਝਾਕੀ। ਕੁਝ ਕਹਿਣਾ ਚਾਹਿਆ। ਪਰ ਗਲਾਸੀ ਵਿਚੋਂ, ਦਾਰੂ ਦੀ ਛਿਟ ਬਦਲੇ, ਭਬੂਕੇ ਵਰਗਾ ਕੁਝ ਉੱਠ ਖੜ੍ਹਿਆ। ਜਿਸ ਜਿਸ ਵੀ ਨਾੜ ਵਿਚੋਂ ਤਾਰੂ ਦੇ ਢਿੱਡ ਵੱਲ ਨੂੰ ਲਪਕਿਆ, ਲਾਂਬੂ ਲਾਉਂਦਾ ਲੰਘ ਗਿਆ। ਅਧੀਆ ਹੀ ਡੀਕ ਲੈਣ ਨੂੰ ਚਿੱਤ ਕੀਤਾ। ਹੋਠ ਕੰਬਣ ਲੱਗੇ।

"ਵੜ ਓਏ ਤੂੰ ਮਾਂ ਦੇ ਭਾੜੇ 'ਚ ਵੱਡਾ ਚੌਧਰੀ... ਤੇਰੇ ਅਰਗਿਆਂ ਨੂੰ ਤੇ ਬਾਊ ਮੈਂ ਮੰਜੀ ਦੀ ਪੁਆਂਦੀ ਨੀਂ ਬਹਿਣ ਦੇਂਦਾ...।"

ਤਾਰੂ ਆਈ 'ਤੇ ਉੱਤਰ ਆਇਆ। ਮੂੰਹ 'ਚੋਂ ਝੱਗ ਡਿੱਗਣ ਲੱਗੀ। ਕੌੜੀ ਥੁੱਕ ਘੋੜੀ ਦੇ ਪੈਰੀਂ ਥੁੱਕਦਾ, ਬੰਬ 'ਤੇ ਆ ਬੈਠਾ। ਸੁਆਰੀਆਂ ਤ੍ਰਿਭਕ ਜਿਹੀ ਘੀਚਰ ਅਤੇ ਉਹਦੀ ਵਹੁਟੀ ਵੱਲ ਝਾਕੀਆਂ। ਸਹਿਮ ਗਈਆਂ। ਕੀਹਨੂੰ ਉਸ ਰਿੱਕੜ ਵਿਚ ਇੱਟ ਮਾਰਨੀ ਸੀ।

"ਅਖੇ ਹਮ ਦਾਰੂ ਨੀਂ ਪੀਤੇ...ਥੱਲੇ, ਓਏ ਚੌਧਰੀ...।"

ਸ਼ੂਕਦਾ ਛਾਂਟਾ ਘੋੜੀ ਤੇ ਵਰ੍ਹਿਆ। ਕਿੜ, ਕਿੜ ਕਰਕੇ, ਤਾਂਗੇ ਦੀਆਂ ਚੂਲਾਂ ਕੜਕੀਆਂ। ਸੁਆਰੀਆਂ ਝਟਕਿਆਂ ਨਾਲ ਹਿੱਲਣ ਲੱਗੀਆਂ।

"ਭੈਣ ਦੇਣੇ ਦੀ ਮੋਹ ਮਖ਼ਤਾਂ ਤਾਂ ਉਡ ਈ ਗਈ ਦੁਨੀਆਂ ਤੋਂ...ਕੱਲ੍ਹ ਨੂੰ ਕਹੀਂ ਤੀਵੀਂ ਆਂ ਗਈ...ਮੈਂ ਰੋਟੀ ਵੀ ਨੀਂ ਖਾਂਦਾ...।"

ਵਰ੍ਹਦਾ ਛਾਂਟਾ ਘੋੜੀ ਦੇ ਪਿੰਡੇ ਲਾਸਾਂ ਵਾਂਗ ਵਿੱਛਦਾ ਸੀ। "ਭੈਣ ਦੇ ਭੰਡੇ ਵੀ ਤੁਰ ਪਏ ਆਂ ਮੱਕੇ ਨੂੰ...।"

ਤਾਰੂ ਆਪਣੇ ਆਪ ਨਾਲ ਹੀ ਉਲਝ ਗਿਆ। ਹਿਚਕੋਲੇ ਖਾਂਦਾ ਤਾਂਗਾ, ਉਡ ਹੀ ਜਾਣਾ ਚਾਹੁੰਦਾ। ਉਖੜੇ ਸਾਜ਼ ਦਾ ਭੰਨ-ਤੋੜ ਸ਼ੋਰ, ਕੰਨੀਂ ਛੇਕ ਪਾਉਂਦਾ। ਪੱਗਾਂ ਗਲ਼ 'ਚ ਪੈ ਜਾਣ ਨੂੰ ਉਛਲਦੀਆਂ।

"ਤੇਰੇ ਓਏ ਦੇਣੇ ਦੀ ਬੱਚੀ ਨੂੰ...।" ਉਸ ਦੰਦ ਕਰੀਚੇ, ਝਾਗਾਂ ਤੁਣਕੀਆਂ, ਤੇ ਲੰਮੀ ਵਾਗ ਦੇ ਮੁੜਵੇਂ ਸਿਰੇ ਨਾਲ ਘੋੜੀ ਕਹੀ ਘੱਤੀ। ਝੂਲਦੇ ਬੰਬ ਤੇ ਉਹ ਲਿਪਟਿਆ ਪਿਆ ਸੀ।

"ਕਾਹਨੂੰ ਬੇ-ਜ਼ਬਾਨ ਜਾਨਵਰ ਦਾ ਸਰਾਪ ਲੈਨੇ ਸਹੁਰਿਆ। ਅੱਗੇ ਕੇਹੜਾ...?"

ਸੁਆਰੀਆਂ ਹੱਡ ਤੀਕ ਪਸੀਜ ਗਈਆਂ।

ਪਰ ਉਹ ਤਾਂ ਜਿਵੇਂ ਆਪਣੇ ਆਪ ਨੂੰ ਹੀ ਕਹਿ ਰਿਹਾ ਸੀ।

"ਬਹੁਤਾ ਹੇਜ ਐ, ਅੱਗੇ ਆਪ ਜੁੱਪ ਜੈ...ਤੇ ਗੱਲ ਸੁਣੋ...ਰੰਨ ਘੋੜਾ ਤਲਵਾਰ ਗੰਢੂਆਂ ਨੇ ਨੀਂ ਰੱਖੇ ਕਦੇ...।"

ਕਰੋਧ ਨਾਲ ਉਹਦੇ ਮੱਥੇ ਤਿਊੜੀਆਂ ਦਾ ਜਾਲ ਉਣਿਆ ਗਿਆ। ਉਹਨੂੰ ਘੀਚਰ ਦੀ ਤੀਵੀਂ ਤੇ ਰੜਕਵਾਂ ਰੰਜ ਸੀ। ਦੁਪਹਿਰ ਵੇਲੇ ਉਹ ਤਾਰੂ ਨੂੰ ਤਾਂਗੇ ਤੇ ਪਿੰਡ ਜਾਣ ਵਾਸਤੇ ਕਹਿ ਗਈ ਸੀ।

"ਛੇਕ ਕੇ ਜਾਈਂ।" ਉਸ ਆਖਿਆ ਸੀ। ਉਂਜ ਲੋਕ ਅਕਸਰ ਲਾਰੀਆਂ ਤੇ ਸ਼ਹਿਰ ਜਾਂਦੇ। ਪਰ ਵੱਡੀ ਸੜਕ ਤੋਂ, ਪਿੰਡ ਦੀ ਦੋ ਕੋਹ ਵਾਟ ਕਾਰਨ, ਤਾਂਗੇ ਤੇ ਬਹਿਣ ਦਾ ਆਪਣਾ ਹੀ ਲੁਤਫ਼ ਸੀ। ਸ਼ਾਨ ਨਾਲ ਘਰ ਦੀਆਂ ਬਰੂਹਾਂ ਅੱਗੇ ਜਾ ਉੱਤਰਨਾ। ਫਿਰ ਤਾਰੂ ਦਾ ਤਾਂਗਾ ਅਤੇ ਘੀਚਰ ਦੀ ਤੀਵੀਂ ਵਰਗੀ ਸੁਆਰੀ...

ਜਿਸ ਲਈ ਤਾਰੂ ਨਰਕਾਂ ਤੀਕ ਵੀ ਜਾ ਸਕਦਾ ਸੀ। ਗਿਆ ਸੀ, ਅਤੇ ਜਾਣਾ ਲੋਚਦਾ ਸੀ।

ਵਰ੍ਹੇ ਬੀਤ ਗਏ ਸਨ। ਉਹ ਆਪਣੀਆਂ ਹੀ ਕਾਮਨਾਵਾਂ ਦੀ ਅੱਗ ਵਿਚ ਮੱਚ ਰਿਹਾ ਸੀ। ਪਿੰਡ ਵਾਲੇ ਸਿਰਫ਼ ਏਨਾ ਜਾਣਦੇ, ਉਹਨੂੰ ਮਹਿੰਗਾ ਸਿਹੁੰ ਜੱਟ ਨੇ ਪਾਲਿਆ ਸੀ। ਅਤੇ ਤਾਰੂ ਸਿਰਫ਼ ਏਨਾ ਜਾਣਦਾ, ਉਹਨੂੰ ਉਹਦੀ ਮਾਂ, ਕਿਸੇ ਭਰਵੇਂ ਮੇਲੇ 'ਚ ਮਹਿੰਗਾ ਸਿਹੁੰ ਨੂੰ ਘੜੀ ਦੀ ਘੜੀ ਲਈ ਜੁਆਕ ਸਾਂਭਣ ਲਈ ਆਖ ਅੱਜ ਤੀਕ ਨਹੀਂ ਸੀ ਪਰਤੀ। ਅਤੇ ਜਿਵੇਂ ਉਹ ਅੰਞਾਣੀ ਉਮਰ ਤੋਂ ਜੁਆਨੀ ਚੜ੍ਹਿਆ ਸੀ, ਸੋਚਦਿਆਂ ਰੂਹ ਕੰਬਦੀ ਸੀ। ਅੱਥਰੀ ਆੜਾ, ਨਾ ਅੱਗਾ, ਨਾ ਪਿੱਛਾ। ਠੰਡ ਅਤੇ ਚਿੱਲੜ। ਪਿਆਰ ਬਦਲੇ ਕੁਝ ਅਜਿਹਾ ਵਾਪਰ ਗਿਆ ਕਿ ਦੋਵੇਂ ਗੁੱਟ ਹੀ ਵੱਢੇ ਗਏ। ਅਤੇ ਮਹਿੰਗਾ ਸਿਹੁੰ ਜੱਟ, ਸਿਰਫ਼ ਇਸ ਲਈ ਹੀ ਕਿਰਪੂ ਗਡਰੀਏ ਦੀ

ਕੁਆਰੀ ਧੀ ਮੁੱਲ ਲੈ ਅਇਆ ਸੀ, ਕਿ ਆਖਣ ਨੂੰ ਉਹਨੂੰ ਨਿੱਕੇ ਜਿਹੇ ਤਾਰੂ ਤੇ ਤਰਸ ਆਉਂਦਾ ਸੀ। ਮਹਿੰਗਾ ਸਿਹੁੰ ਤਾਂ ਮਰ ਖੱਪ ਗਿਆ ਸੀ, ਪਰ ਕਿਰਪੂ ਗੱਡਰੀਏ ਦੀ ਧੀ ਤੇ ਤਾਰੂ, ਮਾਂ ਪੁੱਤ ਰਲ ਕੇ ਨਰਕ ਭੋਗ ਰਹੇ ਸਨ। ਤੇ ਇਹ ਅਜਿਹਾ ਨਰਕ ਸੀ, ਜਿਸ ਤੋਂ ਤਾਰੂ ਕਦੇ ਵੀ ਮੁਕਤ ਨਹੀਂ ਸੀ ਹੋ ਸਕਿਆ...।

ਸਮਾਂ ਉਹਨੂੰ ਕਿੱਥੋ ਲੈ ਆਇਆ ਸੀ ? 'ਜੱਟ ਹੋਣ ਦਾ ਭਰਮ ਸਾਹ ਸਾਹ ਨਾਲ ਉਹਦੀ ਧੌਣ ਵਿਚਾਲੇ 'ਵਾਨੇਂ' ਵਾਂਗ ਅੜਿਆ ਰਹਿੰਦਾ। ਇਸੇ ਲਈ ਉਹ ਕਿਸੇ ਦੇ ਦਿਹਾੜੀ ਨਾ ਜਾਂਦਾ, ਸਿਰਫ਼ ਤਾਂਗਾ ਵਾਹੁੰਦਾ। ਹਾਰੀ ਗਈ ਪਿਆਰ ਦੀ ਬਾਜ਼ੀ ਤੇ ਵੈਣ ਪਾਉਂਦਾ। ਜਾਂ ਬੀਤ ਗਏ ਦਿਨਾਂ ਨੂੰ ਚੇਤੇ ਕਰਦਿਆਂ ਭੁੱਬੀਂ ਰੋ ਪੈਂਦਾ। ਕਿਵੇਂ ਉਹਨੂੰ ਲੋਕੀਂ ਵਰਤਦੇ ਰਹੇ ਸਨ। ਆਖ਼ਰ ਕਿਉਂ ? ਕੀ ਉਹ ਬੇ-ਵਾਰਸ ਸੀ, ਇਸ ਲਈ ? ਜਾਂ ਇਸ ਲਈ ਕਿ ਉਹਦੀ ਮਾਂ ਉਹਨੂੰ ਭਰੇ ਮੇਲੇ ਵਿਚ ਛੱਡ ਗਈ ਸੀ। ਜਿੰਨੀਆਂ ਖੇਡਾਂ ਉਹਦੇ 'ਤਨ ਤੇ ਮਨ' ਨਾਲ ਖੇਡੀਆਂ ਗਈਆਂ ਸਨ, ਸੋਚਦਿਆਂ ਥਰ ਥਰ ਕੰਬਣ ਲੱਗ ਪੈਂਦਾ। ਖਬਰੇ ਕਿੰਨੇ ਕੁ ਲੋਕ ਸਨ, ਜਿਹਨਾਂ ਉਹਨੂੰ ਰੱਜ ਕੇ ਭੋਗਿਆ ਸੀ। ਵਰਤਿਆਂ ਸੀ, ਤੇ ਅੱਜ ਉਸ ਆਪੇ ਨੂੰ ਨਿਢਾਲ ਵਗਦੇ ਪਾਣੀਆਂ ਵਿੱਚ ਸਿੱਟ ਦਿੱਤਾ ਸੀ। ਜਿਧਰ ਲਹਿਰਾਂ ਧੱਕਦੀਆਂ, ਰੁੜਦਾ ਤੁਰਿਆ ਜਾਂਦਾ। ਲੋਕਾਂ ਜਾਚੇ ਜਿੰਨਾ ਕੁਝ ਚਾਹੀਦਾ ਸੀ।..,ਉਹਨੇ ਲੋਕਾਂ ਨਾਲ ਸੀਰ ਕੀਤਾ ਸੀ। ਚਾਕਰੀ ਕੀਤੀ ਸੀ। ਪਰ ਉਹਦੀ ਗੁਰਬਤ ਕਿਸੇ ਦੇ ਮੋਚ ਨਹੀਂ ਸੀ ਆਈ। ਉਹ ਭੁਖ ਨੰਗ 'ਚ ਪ੍ਰਵਾਨ ਚੜ੍ਹਿਆ ਸੀ। ਤੇ ਮਤੇਈ ਮਾਂ ਨਾਲ ਰਲ ਕੇ ਉਸ ਨਿਰਾਦਰ ਦਾ ਸਰਾਪ ਭੋਗਿਆ ਸੀ; ਜੇਹੜਾ ਮਹਿੰਗਾ ਸਿਹੁੰ ਉਹਨਾਂ ਲਈ ਸਿਰਜ ਗਿਆ ਸੀ।

ਪਰ ਖਬਰੇ ਕੇਹੜੀ ਮਿੱਟੀ ਸੀ, ਜੋ ਉਸ ਵਿਚ ਹਾਲੀ ਵੀ ਮਹਿਕਦੀ ਸੀ। ਕੋਈ ਚੁਆਤੀ ਸੀ, ਜੋ ਬੁਝ ਬੁਝ ਕੇ ਵੀ ਮਘ ਉੱਠਦੀ ਸੀ। ਕਦੇ ਕਦਾਈਂ ਜਦੋਂ ਉਹ ਆਪਣੇ ਚੰਦਰੇ ਸੁਭਾ ਚੋਂ ਖੌਰੂ ਪਾਉਂਦਾ, ਲੋਕ ਕਦੇ ਉਹਦੇ ਟੂੰਡ, ਕਦੇ 'ਕਾਰੇ' ਵੇਖਦੇ ਰਹਿ ਜਾਂਦੇ।

ਅੱਜ ਵੀ ਜਦੋਂ ਘੀਚਰ ਦਾਰੂ ਦੀ ਛਿੱਟ ਤੋਂ ਮੁਨ-ਕਰ ਹੋ ਗਿਆ ਸੀ, ਅਤੇ ਉਹਦੀ ਤੀਵੀਂ ਇਕੱਲੀ ਪਿੰਡ ਜਾਣ ਦੀ ਥਾਂ, ਘੀਚਰ ਨੂੰ ਨਾਲ ਲੈ ਆਈ ਸੀ ਤਾਂ ਤਾਰੂ ਦੇ ਮੱਥੇ ਵਿਚ 'ਦੇਵਕੀ' ਨਾਲ ਦੋ ਬੋਲ ਸਾਂਝੇ ਕਰਨ ਦੀ ਹਸਰਤ, ਟੱਸ ਟੱਸ ਕਰਨ ਲੱਗੀ ਸੀ। ਸੁਆਰੀਆਂ ਦੀ ਸਾਰੀ ਹਮਦਰਦੀ ਫੱਟਾਂ ਤੇ ਲੂਣ ਵਾਂਗ ਭੁੱਕੀ ਗਈ ਸੀ। ਉਹ ਉਦਾਸ ਹੋ ਗਿਆ ਸੀ।

ਕਦੇ ਉਹ ਸੋਚਦਾ, ਇਹ ਕਿਹੋ ਜਿਹੀਆਂ ਕਾਮਨਾਵਾਂ ਸਨ, ਜਿਹਨਾਂ ਦੀਆਂ ਤਿੱਖੀਆਂ ਘੁੰਮਣ ਘੇਰੀਆਂ ਵਿਚ ਉਹ ਵਰੋਲੇ ਦੇ ਕੱਖਾਂ ਵਾਂਗ ਰੁਲ ਰਿਹਾ ਸੀ। ਤੜਪਦਾ, ਲੁੱਛਦਾ, ਅਤੇ ਛਟਪਟਾਉਂਦਾ। ਇਹ ਕਿਹੋ ਜੇਹੀ ਹਾਬੜੀ ਭੁੱਖ ਸੀ, ਤੀਵੀਂ ਵੇਖਦਿਆਂ ਹੀ ਉਹਦੇ ਸਾਹ ਫੁੱਲਣ ਲੱਗਦੇ। ਪਿੰਡਾ ਮੱਚਣ ਲੱਗਦਾ। ਅੱਖਾਂ 'ਚ ਮਿਰਚਾਂ ਜਿਹਾ ਕੁਝ ਲੜਣ ਲੱਗਦਾ। ਚਿੱਤ ਨੂੰ ਡੋਬੂ ਪੈਂਦੇ।

ਪਰ ਵੱਡੀ ਸੜਕ ਤੋਂ ਤਾਂਗਾ ਪਿੰਡ ਵੱਲ ਪਰਤਿਆ ਤਾਂ ਲਾਗਲੇ ਪਿੰਡਾਂ ਦੀਆਂ ਸੁਆਰੀਆਂ ਥਾਂਏਂ ਉੱਤਰ ਗਈਆਂ ਪਿੰਡ ਨੂੰ ਮੁੜਦਿਆਂ ਘੀਚਰ ਤੇ ਉਹਦੀ ਵਹੁਟੀ ਹੀ ਤਾਂਗੇ 'ਚ ਰਹਿ ਗਏ। ਉਹ ਪਛਤਾਵੇ ਨਾਲ ਭਰ ਗਿਆ। "ਮਨਾਂ ਕਾਹਨੂੰ ਵੱਧ ਘੱਟ ਕਰਨੀ ਸੀ।" ਚੰਡਾਲ ਗੁੱਸੇ ਕਾਰਨ ਉਹਦਾ ਘੀਚਰ ਤੋਂ ਖਿਮਾਂ ਮੰਗ ਲੈਣ ਤੇ ਜੀ ਕਰ ਆਇਆ।

ਸੂਏ ਦੇ ਪੁਲ ਤੀਕ ਆਉਂਦਿਆਂ ਉਹਨੇ ਘੀਚਰ ਅਤੇ ਦੇਵਕੀ ਦੀਆਂ ਨਿੱਕੀਆਂ ਨਿੱਕੀਆਂ ਗੱਲਾ ਸੁਣੀਆਂ ਤਾਂ ਰਉਂ ਵਿਚ ਆ ਗਿਆ। ਪਿੱਛੋਂ ਦੀ ਨਿੰਮੀ ਰਿਵੀ 'ਚ ਝੂੰਮਦੀਆਂ ਫਸਲਾਂ ਤੋਂ ਤਿਲਕਦੀ ਨਜ਼ਰ, ਸੰਧੂਆਂ ਦੇ ਉੱਚੇ ਸਫ਼ੇਦਿਆਂ ਦੀ ਟੀਸ ਤੇ ਜਾ ਟਿਕੀ।

ਕਾਹਤੋਂ ਉਹ ਘੀਚਰ ਨੂੰ ਦਾਰੂ ਦੀ ਛਿੱਟ ਲਈ ਮਜਬੂਰ ਕਰਦਾ ਰਿਹਾ ਸੀ ? ਕਿਉਂ ਉਹ ਘੰਟਾ ਭਰ ਦੇਵਕੀ ਨੂੰ ਉਡੀਕਦਾ ਰਿਹਾ ਸੀ ? ਜਦ ਕਿ ਦੂਜੇ ਤਾਂਗਿਆਂ ਵਾਲੇ ਦੇ ਪਿੰਡਾਂ ਵੱਲ ਪਰਤ ਗਏ ਸਨ।

"ਉੱਡ ਗਏ ਪੰਛੀ ਮਿੱਤਰਾ....;" ਦੁਪਹਿਰ ਤੱਕ ਦੂਜੇ ਤਾਂਗਿਆਂ ਵਾਲੇ ਟਿੱਚਰੀਂ ਉੱਤਰ ਆਏ ਸਨ। ਫਿਰ ਵੀ ਉਹਨੇ ਇੱਕੜ ਦੁੱਕੜ ਸੁਆਰੀਆਂ ਵੱਲ ਚੱਜ ਨਾਲ ਨਹੀਂ ਸੀ ਝਾਕਿਆ। ਪਰ ਮੁੜਦੀ ਦੇਵਕੀ ਨਾਲ ਘੀਚਰ ਨੂੰ ਆਉਂਦਿਆਂ ਤੱਕ, ਲਹੂ ਦੇ ਘੁੱਟ ਭਰੇ ਸਨ। ਉੱਖੜਿਆ ਪੁੱਖੜਿਆ ਜਿਹਾ ਤਾਂਗਾ ਹਿੱਕੀ ਆਇਆ ਸੀ। ਉਹਦੇ ਜਾਚੇ ਨਿਕਲ ਕੇ ਆਈ 'ਦੇਵਕੀ' ਮਤਾਬੀ ਡੱਬੀ ਦੀ ਉਹ ਰਾਂਗਲੀ ਅੱਗ ਸੀ, ਜਿਸ ਵਿਚ ਉਹ ਤਨ ਦੇ ਆਖ਼ਰੀ ਰੋਮ ਤੀਕ ਲੂਸ ਜਾਣਾ ਚਾਹੁੰਦਾ ਸੀ।

ਪਰ ਘੀਚਰ ਤਾਂਗੇ ਚੋਂ ਕੀ ਉੱਤਰ ਕੇ ਗਿਆ ਸੀ। ਕਾਲਜੇ 'ਚੋਂ ਰੁੱਗ ਲੈ ਗਿਆ। ਆਖ਼ਰ ਇਹ ਕਿਹੋ ਜਹੇ ਮੋਹ ਦੀਆਂ ਤੰਦਾਂ ਸਨ। ਜਿਹਨਾਂ ਵਿਚ ਉਹ ਲਿਪਟਣ ਲੱਗਦਾ ਤਕੁੰਡੀ ਤੋਂ ਬਿਨਾਂ ਹੀ ਜਾ ਫਸਦਾ। ਪਰ ਇਸ ਤੋਂ ਉਲਟ, ਜੇ ਜੀ 'ਚ ਆ ਜਾਂਦੀ ਤਾਂ ਜਾਲ ਹੀ ਨਿਗਲ ਜਾਂਦਾ।

ਦੇਵਕੀ ਦੇ ਤਾਂਗੇ ਤੋਂ ਉਤਰ ਜਾਣ ਮਗਰੋਂ ਕਿਸੇ ਇਹੋ ਜੇਹੀ ਤੀਵੀ ਦਾ ਝੰਮ ਝੰਮ ਕਰਦਾ ਅਹਿਸਾਸ, ਉਦਾਸ ਅੱਖਾਂ ਵਿਚ ਸੂਲੀ ਵਾਂਗ ਲਟਕ ਗਿਆ ਸੀ; ਕਿ ਪੀੜ ਦੀਆਂ ਤਿੱਖੀਆਂ ਕਿਰਚਾਂ ਉਹਦੇ ਵਜੂਦ ਵਿਚ ਵਲਿੱਸ ਰਹੀਆਂ ਸਨ।

ਭੰਡਾਰੀ ਚੋਂ ਦਾਰੂ ਦਾ ਅਧੀਆ ਟੂੰਡਾਂ ਵਿਚ ਘੁੱਟਦਾ ਉਹ ਨਾਈਆਂ ਦੇ ਨਲਕੇ ਵਲ ਨੂੰ ਅਹੁਲਿਆ। ਸ਼ੀਸ਼ੀ ਦਾ ਖਾਲੀ ਹਿੱਸਾ, ਪਾਣੀ ਨਾਲ ਪੂਰ ਕਰਦਿਆਂ ਉਹਨੇ ਬਾਏਂ ਡੀਕ ਲਾ ਲਈ। ਕੌੜੀ ਹਵਾੜ ਨਾਸਾਂ ਥਾਣੀ ਨਿਕਲਣ ਲੱਗੀ। ਉਹਨੇ ਖੰਘਾਰ ਕੇ ਥੁੱਕਿਆ ਤੇ ਗੱਡਵੇਂ ਹਾੜੇ ਦੀ ਹੋਰ ਤਲਬ ਮਹਿਸੂਸ ਕੀਤੀ।

ਹਨੇਰਾ ਗੂਹੜਾ ਹੋ ਰਿਹਾ ਸੀ। ਅਧੀਆ ਲੰਬੜਾਂ ਕੀ ਵਾੜ 'ਚ ਵਗਾਹ ਮਾਰਦਿਆਂ ਉਹ ਦਾਰੂ ਤੇ ਝੁੰਜਲਾ ਉੱਠਿਆ। ਅਜਿਹੇ ਪਲਾਂ 'ਚ ਉਹ ਚਾਹੁੰਦਾ, ਦੀਨ ਦੁਨੀਆਂ ਹੀ ਵਿੱਸਰ ਜਾਏ। ਭੁੱਲ ਹੀ ਜਾਵੇ ਜੇਹੜਾ ਅੰਥਰੀ ਆਂਡਾ ਹੋਣ ਦਾ ਮਾਰੂ ਸਰਾਪ ਉਹਨੇ ਪਿੰਡ ਜਰਿਆ ਸੀ, ਕਿੰਨਾਂ ਤਲਖ਼ ਸੀ।

ਉੱਖੜਿਆ ਜਿਹਾ ਘਰ ਵੱਲ ਪਰਤ ਪਿਆ। ਮਾਂ ਖਬਰੇ ਕੇਹੜੇ ਖੂੰਹ ਲਹਿ ਗਈ ਸੀ। ਸੁੰਨ ਮਸਾਣ ਘਰ ਤੋਂ ਉਹਨੂੰ ਭੈ ਆਇਆ। ਲੱਗਾ, ਜਿਵੇਂ ਘਰ ਦੀਆਂ ਕੰਧਾਂ ਵਿਚਾਲੇ ਸੇਗੀ ਅਤੇ ਬੋਝਲ ਹਵਾ ਚਾਂਗਰਾਂ ਮਾਰ ਰਹੀ ਸੀ।

ਬਿੜਕਦਾ ਜਿਹਾ ਬਾਹਰ ਨੂੰ ਹੋ ਤੁਰਿਆ। ਲੰਬੜਾਂ ਕੀ ਬੰਧੀ ਉਪਰੋਂ ਛੋੜਾ ਦਿੰਦਿਆਂ, ਦੁਆਬੀਆਂ ਕੇ ਕਮਾਦ ਵਿਚ ਜਾ ਬੈਠਾ। ਬਿਲਕੁਲ ਬੰਨੇ ਨਾਲ। ਛਹਿ ਕੇ। ਤੀਵੀਆਂ ਦੇ ਝੁੰਡਾਂ ਦੇ ਝੁੰਡ ਜੰਗਲ, ਪਾਣੀ ਲਈ ਨਿਕਲਦੇ। ਕੁੜੀਆਂ ਚਿੜੀਆਂ ਨੰਗੇ ਜਿਕਰ ਛੇੜ ਲੈਂਦੀਆਂ। ਉਹ ਬਿੜਕਾਂ ਲੈਂਦਾ ਰਹਿੰਦਾ, ਤੇ ਤਰੀਮਤਾਂ ਦੇ ਟੁੱਟਵੇਂ ਜਿਹੇ ਬੋਲ, ਪੱਟਾਂ ਵਿਚ ਘੁੱਟਦਾ ਰਹਿੰਦਾ।

ਪਰ ਨਿਆਇਆਂ ਦੇ ਸਾਰੇ ਖੇਤ ਸੁੰਨੇ ਜਿਹੇ ਵੇਖ, ਉਹਦੇ ਸਿਰ ਨੂੰ ਘੁਮੇਰ ਚੜ੍ਹ ਗਈ। ਜਿਵੇਂ ਚੱਕਰ ਆ ਰਹ ਹੋਣ, ਨਸ਼ਾ ਜਾਂ ਤਾਂ ਚੜ੍ਹਿਆ ਨਹੀਂ ਸੀ, ਜਾਂ ਉੱਤਰ ਰਿਹਾ ਸੀ। ਪੀੜਤ ਮਨ ਨਾਲ ਉਹ ਉੱਠ ਖੜਿਆ। "ਧੀ ਦੇ ਯਾਰ ਦੀਆਂ ਤੀਵੀਆਂ ਈ ਮਰ ਗਈਆਂ ਕਿਤੇ—।' ਵਾਹਣ ਦੇ ਡਲਿਆਂ ਵਿਚੋਂ ਲੰਘਦਿਆਂ ਉਹਦਾ ਭੁੱਬ ਮਾਰਨ ਨੂੰ ਜੀ ਕੀਤਾ। ਤੁਰੇ ਆਉਂਦੇ ਉਹਨੇ ਪਿੰਡ ਵੱਲ ਉਪਰੀ ਨਿਗਾਹ ਮਾਰੀ। ਬੱਤੀਆਂ ਜਗ ਪਈਆਂ ਸਨ। ਧੂੰਏਂ ਦੀ ਮੋਟੀ ਤਹਿ ਕੱਚੇ ਬਨੇਰਿਆਂ ਤੇ ਬੱਦਲ ਵਾਂਗ ਤਰ ਰਹੀ ਸੀ।

ਗੁਰਦੁਆਰੇ ਦੀ ਬਰੋਬਰ ਆਇਆ, ਤਾਂ ਤੀਵੀਆਂ ਦਾ ਇਕ ਭਰਵਾਂ ਟੋਲਾ 'ਬਾਹਰ' ਜਾ ਰਿਹਾ ਸੀ। ਉਹਨੇ ਪਛਾਨਣ ਦੀ ਕੋਸ਼ਿਸ਼ ਕੀਤੀ...ਪਰ ਅੱਖਾਂ ਮੂਹਰੇ ਹਨੇਰੇ ਦੀਆਂ ਸੰਘਣੀਆਂ ਪਰਤਾਂ ਏਨੀਆਂ ਗੂਹੜੀਆਂ ਵਿਛੀਆਂ ਪਈਆਂ ਸਨ, ਮਨ ਹੀ ਮਨ ਰਿਝਦਾ ਤੁਰਿਆ ਆਇਆ।

ਅਚਾਨਕ ਉਸ ਪਿੱਠ ਪਿੱਛੇ ਖਰਵੇ ਹਾਸੇ ਦੀ ਚਾਂਬੜ ਸੁਣੀ। ਪੈਰੀਂ ਭੱਖੜੇ ਵਿੱਛ ਗਏ। "ਚਰੂਰੇ ਭੁੱਚਰਾਂ ਕੀ ਨੂੰਹ ਹੋਊ...ਪਟੋਲਾ ਜੀ ਸਾਲੀ। ਛਿਟੀਆਂ ਦੀ ਅੱਗ।" ਬੁੱਲ੍ਹਾਂ ਤੇ ਜੀਭ ਫੇਰੀ, ਪਰਤ ਕੇ ਵੇਖਿਆ। ਪਰਸੋਂ ਤਰਕਾਲੀਂ ਹੀ ਲੁਕ ਕੇ ਸੁਣੀਆਂ ਚੇਤੇ ਆਈਆਂ। ਮੁਕਲਾਵੇ ਦੀਆਂ ਮੱਚਦੀਆਂ ਰਾਤਾਂ ਦਾ ਜ਼ਿਕਰ। ਅਚਾਨਕ ਜਿਵੇਂ ਭੁਚਰਾਂ ਕੀ ਨੂੰਹ ਉਹਦੀਆਂ ਅੱਖਾਂ ਮੂਹਰੇ, ਸਰਕੜੇ ਵਾਂਗ ਮੱਚ ਪਈ ਹੋਵੇ। ਮਨ ਹੀ ਮਨ ਉਸ ਉਹਦਾ ਅੰਗ ਅੰਗ ਡਿੱਗਾ, ਸਾਹਾਂ 'ਚ ਖ਼ੁਸ਼ਬੋ ਘੁਲ ਗਈ। ਪੀਤੇ ਹਾੜੇ ਦਾ ਸਰੂਰ ਆਇਆ। ਪੱਟਾਂ ਵਿਚ ਜਲੂਣ ਹੋਈ। ਪਿੰਡ ਦੀਆਂ ਰੂੜੀਆਂ ਮਿੱਧਦਾ, ਵਿਹੜੇ ਵਿਚ ਆ ਗਿਆ। ਆਪਣੇ ਤੱਕ ਹੀ ਅੱਪੜਦੀ ਅਵਾਜ਼ ਵਿਚ ਗੁਣਗਣਾਇਆ।

"..ਉਦੇ ਛੜੇ ਨੂੰ ਜਿਵੇਂ ਛੂ ਟੱਕਰੀ...<br>
ਤੇਨੂੰ ਟੱਕਰੂ ਬੰਸਰੀ ਆਲਾ...<br>
ਉਦੇ ਛੜੇ ਦੇ ਕੇਹੜਾ ਦੋ ਲ...<br>
ਊਂ ਊਂ...ਊਂ...ਊਂ...ਛੂ"

ਲਾਗਲੇ ਘਰਾਂ 'ਚੋਂ ਸ਼ੋਰ ਸੁਣਦਾ ਸੀ। ਕਿਤੋਂ ਪੱਠੇ ਕੁਤਰਨ ਦੀ ਲਗਾਤਾਰ ਅਵਾਜ਼ ਆਈ। ਪਛੋਂ ਦੀ ਡਿੱਗਦੀ ਕੁੱਖ ਵਿਚ ਚੰਦਰਮਾਂ ਦੀ ਪਤਲੀ ਲੀਕ ਵੇਂਹਦਾ, ਸੋਚੀਂ ਪੈ ਗਿਆ। ਲੱਗਾ ਜਿਵੇਂ ਕੁਤਰਾ ਮਸ਼ੀਨ ਉਹਦੇ ਮੱਥੇ ਵਿਚ ਹੀ ਚੱਲ ਰਹੀ ਸੀ। ਪਰ ਪੱਠਿਆਂ ਦੀ ਥਾਵੇਂ, ਉਹਦੀਆਂ ਦੋਵੇਂ ਬਾਹਵਾਂ ਹੀ ਕੁਤਰੀਆਂ ਗਈਆਂ ਸਨ। ਅਤੇ ਪਿੰਡ ਦੀਆਂ ਗਲੀਆਂ ਵਿਚੋਂ ਜਿਵੇਂ ਲਹੂ ਦੇ ਹੜ੍ਹ ਵਾਂਗ ਤੁਰੇ ਹੋਣ, ਅਚਾਨਕ ਉਹਨੂੰ ਉਹ ਸਮਾਂ ਚੇਤੇ ਆਇਆ, ਜਦੋਂ ਇਕ ਇਕ ਕਰਕੇ ਉਹਦੀਆਂ ਬਾਹੀਂ ਕੁਤਰੀਆਂ ਗਈਆਂ ਸਨ। ਕਿਸੇ ਜੱਟ ਦੀ ਚੂਲ੍ਹ ਵਿਚ ਉਸ ਸਿਰਫ ਇਸ ਕਾਰਨ ਹੀ ਜੁਆਨੀ ਫੂਕ ਘੱਤੀ ਸੀ ਕਿ ਕਦੇ ਉਹ ਆਪਣੀ ਵੱਡੀ ਧੀ ਦਾ ਸਾਕ ਉਹਨੂੰ ਦੇ ਦੇਵੇਗਾ। ਪਰ ਉਹਦੀ ਗੁਰਬਤ, ਜੱਟ ਦੇ ਸਿਆਣਪਾਂ ਮੇਚ ਹੀ ਨਹੀਂ ਸੀ ਆਈ ਤੇ ਇਹ ਕਾਰਾ ਹੋ ਗਿਆ ਸੀ। ਉਹ ਫਰਾਹਟੇ ਤੇ ਕਣਕ ਕੁਤਰ ਰਿਹਾ ਸੀ, ਜਦੋਂ ਉਹਨੇ ਵੱਡੀ ਦੇ ਮੰਗੀ ਜਾਣ ਬਾਰੇ ਸੁਣਿਆ ਸੀ। ਸੁਣਿਆ ਕੀ, ਪੱਥਰ ਹੋ ਗਿਆ ਸੀ। ਪਤਾ ਹੀ ਨਾ ਲੱਗਾ, ਕਦੋਂ ਬਾਹਾਂ ਮਸ਼ੀਨ 'ਚ ਲੰਘ ਗਈਆਂ।

ਚਾਦਰ ਦੀ ਢਿਲਕੀ ਬੁੱਕਲ ਟੁੰਡਾਂ ਨਾਲ ਕੱਸ ਕੇ ਘੁਟਦਿਆਂ ਉਦਾਸ ਹੋ ਗਿਆ। ਉਹਨੇ ਬਿਲਕੁਲ ਨੇੜੇ ਗੁਰਦੁਆਰੇਦੇ ਭਾਈ ਦਾ ਭਾਰਾ ਅਕਾਰ ਡਿੱਠਾ।

"ਸੱਤ ਕਰਤਾਰ !"

"ਭਾਈ ਬੁੜਬੜਾਇਆ। ਜਿਵੇਂ ਡਰ ਗਿਆ ਹੋਵੇ।

ਜੀ 'ਚ ਆਈ ਗੰਜਾ ਕਰਕੇ ਮੁੜਦੇ ਨੂੰ ਪੰਜ ਸੱਤ ਛਿੱਤਰ ਜੜ ਦੇਵ। ਰੋਟੀਆਂ ਵਾਲਾ ਛਾਬਾ ਖੋਹ ਲਵੇ। ਕਹੇ, "ਵੰਨ ਸੁਅੰਨੀਆ ਚਰਦੋਂ ਚੋਰਿਆ।" ਪਰ ਰੱਬੇ ਦੇ

ਕਿਸੇ ਅਦਿਖ ਭੈਅ ਤੋਂ ਉਹ ਲਰਜ਼ ਗਿਆ।

"ਵਾਹਗੁਰੂ...ਵਾਹਗੁਰੂ...।"

ਉਂਝ ਕਦੇ ਰਉਂ 'ਚ ਹੁੰਦਾ ਤਾਂ ਤਾਂਗੇ ਦੇ ਬੰਬ ਤੋਂ ਹੀ ਗੋਲਾ ਸਿੱਟਦਾ।

"ਕਿੱਦੋਂ ਫੇ ਬਾਬਾ ਜੀ...ਪੈਂਦੇ ਐ ਭੰਗ ਰਹਿਰਾਸ ਦੋਹੀਂ ਦੋਹੀਂ ਹੱਥੀਂ ?"

"ਧੰਨ ਸਤਗੁਰੂ...! ਸਤਨਾਮ ਬੋਲਿਆ ਕਰੋ ਗੁਰਮੁਖੋ...!"

ਭਾਈ ਕੰਨ ਭੰਨਣ ਲੱਗਦਾ।

ਮਨ ਹੀ ਮਨ ਤਾਰੂ ਪਿੰਡ ਦੀਆਂ ਉਹ ਤੀਵੀਆਂ ਚੇਤੇ ਕਰਨ ਲਗਦਾ, ਜੇਹੜੀਆਂ ਮੂੰਹ ਝਾਖਰੇ ਨਿੱਤਨੇਮ ਲਈ ਆਉਂਦੀਆਂ ਸਨ।

ਇੰਜ ਹਰ ਵਾਰੀ ਉਹਨੂੰ ਪਿਛਲਾ ਭਾਈ ਚੇਤੇ ਆਉਂਦਾ। ਜੇਹੜਾ ਅਕਾਰਥ ਹੀ ਬੱਦੂ ਹੋਇਆ ਸੀ। ਮੁੰਢੀਰ ਆਖਦੀ, ਤੜਕੇ ਜਦੋਂ ਉਹ ਸੰਖ ਪੂਰਦਾ ਸੀ ਤਾਂ ਮੁਸ਼ਟੰਡੀਆਂ ਤਰੀਮਤਾਂ ਉਹਦੇ ਪੈਰੀਂ ਆ ਮੱਥਾ ਟੇਕਦੀਆਂ। ਬਦ ਨਾਲੋਂ ਬਦਨਾਮ ਬੁਰਾ। ਲਾਲਾ ਲਾਲਾ ਹੋਣ ਤੇ ਪਿੰਡੋਂ ਨਿਕਲਣ ਲੱਗਾ ਤਾਂ ਤਾਰੂ ਉਹਦਾ ਸਮਾਨ ਤਾਂਗੇ 'ਚ ਰੱਖਦਾ ਤਲਖ਼ ਹੋ ਗਿਆ।

"ਚਲੋ ਕੋਹੜ ਲਹਿ ਗਿਆ ਗਲੋਂ..." ਕਿਸੇ ਕਹਿ ਦਿੱਤਾ।

"ਕੇਹੜਾ ਕੋਹੜ ?" ਤਾਰੂ ਅੱਗ ਬਬੂਲਾ ਹੋ ਗਿਆ। "ਉਏ ਮੈਂ ਕਹਿਨਾਂ ਜਿਨ੍ਹਾਂ ਚਿਰ ਗੁਰਦੁਆਰੇ ..ਐ ਈ ਬੱਜੂ ਢੋਲਕੀ...ਸਮਝਿਆ ਭਾਊ ! ਮੈਂ ਕਹਿਨਾਂ ਇੱਕ ਗੱਲ ਦਸੋ ਮੈਨੂੰ...ਭਾਤ ਭਾਂਤ ਦੇ ਲੂਫੇ ਛਕੇ...ਦੁੱਧ ਪੀਵੇ... ਸਾਹਣ ਆਂਗ ਵੇਹਲਾ ਫਿਰੇ...ਫੇ ਅਗਲਾ ਵਾਜਾ ਨਾ ਵਜਾਏ ਤੇ ਹੋਰ ਭਾਂਡੇ ਮਾਂਜੇ ਪਿੰਡ ਦੇ .."

ਉਹਨੇ ਭਾਈ ਦਾ ਲੱਦਿਆ ਸਮਾਨ ਲਾਹ ਕੇ ਔਹ ਮਾਰਿਆ ਸੀ। ਉਹਨੂੰ ਆਪ, ਅਤੇ ਪਿੰਡ ਦੇ ਲੋਕਾਂ ਨੂੰ, ਅੱਜ ਤੀਕ ਇਸ ਗੱਲ ਦੀ ਸਮਝ ਨਹੀਂ ਸੀ ਲੱਗੀ, ਕਿ ਆਖ਼ਰ ਅਚਾਨਕ, ਉਹਨੂੰ ਭਾਈ ਨਾਲ ਹਮਦਰਦੀ ਕਿਉਂ ਜਾਗ ਪਈ ਸੀ।

ਕੱਚੀ ਡਿਓਢੀ ਦੀ ਨੀਵੀਂ ਛੱਤ ਹੇਠੋਂ ਨਿਉਂ ਕੇ ਲੰਘਦਿਆਂ ਉਹ ਵਿਹੜੇ ਵਿਚ ਆ ਰਿਹਾ। ਭੁੱਖ ਨਾਲ ਖੋਹ ਪੈ ਰਹੀ ਸੀ। ਸਬਾਤ ਵਿਚ ਦੀਵੇ ਦਾ ਨਿੰਮ੍ਹਾ ਚਾਨਣ ਊਂਘ ਰਿਹਾ ਸੀ।

ਧਾਹ ਕੇ ਅੰਦਰ ਲੰਘ ਗਿਆ। ਪਰ ਠਿੱਬਾ ਛਿੱਤਰ ਦਲੀਜਾਂ ਵਿਚ ਅੜ ਗਿਆ। ਡਿਗਦਾ ਡਿਗਦਾ ਬਚਿਆ, "ਤੇਰੇ ਓਏ ਬੂਹਾ ਬਣਾਉਂਦੇ ਕਾਰੀਗਰ ਦੀ ਨਿੱਕੀ ਨੂੰ "

"ਉੱਜੜ ਗਿਆ ਟੱਬਰ ਕਿਤੇ..." ਮਾਂ ਤੇ ਵਰ੍ਹਿਆ।

ਪ੍ਰਸਿੰਨੀ ਕਿਤੇ ਨਹੀਂ ਸੀ। ਸੁੰਨ ਮਸਾਣ ਵਿੱਛੀ ਪਈ ਸੀ।

ਸਾਬਤ ਵਲ ਅਹੁਲਿਆ ਤਾਂ ਢੱਠਾਂ ਖਣੀ ਦੀ ਕੋਠੜੀ 'ਚ ਧੂੰਏ ਦੇ ਕੜ ਪਾਟੇ ਪਏ ਸਨ। ਪ੍ਰਸਿੰਨੀ ਗਿੱਲੇ ਬਾਲਣ ਨਾਲ ਹੀ ਖਪ ਰਹੀ ਸੀ। ਏਨੀ ਧੂੰਆਂ ਹਾਲੀ 'ਚ ਉਹ ਪਤਾ ਨਹੀਂ ਕਿਵੇਂ ਬੈਠੀ ਸੀ।

ਉਹਨੂੰ ਉੱਖੂ ਆ ਗਿਆ। ਹਨੇਰੇ ਵਿਚ ਹੀ ਠਿਬੇ ਛਿੱਤਰ ਦਾ ਠੁੱਡ ਜੜਦਿਆਂ ਕੜਕਿਆ।

"ਗਧਿਆਂ ਮਰਾਉਣ ਦੀਏ...ਸਾਰਾ ਦਿਨ ਕੀ ਇਜਨ ਮਾਂਜਦੀ ਐ...ਮਖਿਆ ਉਏ ਕਰ ਲਈਏ ਕੋਈ ਭੱਜੀ ਟੁੱਟੀ ਤੀਵੀਂ...ਅਖੇ ਨਾ ਨਾ...ਗਾਲ ਲੈ ਦੀਦੇ... ਹੋ ਜਾ ਅੰਨ੍ਹੀ...ਫੜ ਲਈਏ ਡੰਗੋਰੀ ਫੇ...ਅੱਧੀ ਰੱਤੋਂ ਟੁੱਕ ਸੁਝਦੇ ਕੁੜੀ ਯਾਵੀ ਨੂੰ..."

ਧੂੰਏਂ 'ਚ ਸਾਹ ਟੁੱਟਦਾ ਸੀ। ਅੱਖਾਂ ਮਿਚਦੀਆਂ। ਗੋਤੇ ਆਉਂਦੇ। ਪ੍ਰਸਿੰਨੀ ਸੀ ਕਿ ਠੁੱਡ ਦੀ ਪੀੜ ਪਤਾ ਨਹੀਂ ਕਿੱਥੇ ਜਰ ਗਈ।

ਉਹ ਉਹਦੀ ਚੁੱਪ ਤੋਂ ਹੀ ਵਲਿੱਸ ਗਿਆ। ਪਰਤਿਆ, ਅਤੇ ਪਤਾ ਨਹੀਂ ਕਿਵੇਂ ਉਹਦੇ ਟੁੰਡਾ 'ਚ ਪ੍ਰਸਿੰਨੀ ਦੀ ਗੁੱਤ ਆ ਗਈ। ਅੱਖ ਪਲਕਾਰੇ ਵਿਚ ਹੀ ਹੇਠਲੀ ਉੱਤੇ ਹੋ ਗਈ। ਪਤਾ ਹੀ ਨਾ ਲੱਗਾ, ਕਦੋਂ ਉਸ ਪ੍ਰਸਿੰਨੀ ਗੁੰਨ ਘੱਤੀ।

'ਵੇ ਤੇਰੇ ਪੈ ਜਾਣ ਕੀੜੇ ਵੇ...ਕਸਾਈਆ... ਕੁੱਤਿਆ ਬੇਸ਼ਰਮਾ...ਵੇ ਤੇਰੀ ਸੜ ਜਾਏ ਜੀਭ ਗੰਦ ਬਕਦੇ ਦੀ...ਤੇਰੀ ਬਹਿ ਜਾਏ ਬੇੜੀ...ਖੌਰੇ ਕੀ ਆ ਵੜਦੈ ਚੰਦਰੇ 'ਚ ..'

ਪ੍ਰਸਿੰਨੀ ਦੀ ਵੱਸ ਚਲਦਾ ਤਾਂ ਧੁਖ਼ਦਾ ਚੋ ਹੀ ਮੱਥੇ 'ਚ ਡਾਹ ਦਿੰਦੀ—ਪਰ ਪਤਾ ਨਹੀਂ ਕਿਉਂ ਉਹ ਜਿਵੇਂ ਆਪਣੇ ਆਪ ਨੂੰ ਹੀ ਬੋਲੀ : 'ਧਗੜਾ ! ਨਾ ਅੱਗਾ ਵੇਖੇ ਨਾ ਪਿੱਛਾ ਉਜੜ ਜਾਣਿਆਂ ਪਹਿਲਾਂ ਆਪਦੇ ਰੱਜ ਤੇ ਵੇਖ ਭੁੱਖ ਨਾਲ ਕੰਧਾਂ 'ਚ ਵੱਜਦਾ ਫਿਰਦੈ . ਅਖੇ ਹਾਏ ਤੀਵੀਂ ਹਾਏ ਤੀਵੀਂ..."

ਜਿਵੇਂ ਧੂੰਏਂ ਨਾਲ ਗੱਲੀਂ ਪਈ ਹੋਵੇ ; ਪਰ ਅੱਗ ਬਲਦਿਆਂ ਹੀ ਜਦੋਂ ਸਬਾਤ ਦੀ ਧੁੰਆਖੀ ਛੱਤ ਨੂੰ ਚਾਨਣ ਦੀਆਂ ਜੀਭਾਂ ਚੱਟਣ ਜਾ ਲੱਗੀਆਂ, ਤਾਂ ਉਹਨੇ ਡਿੱਠਾ, ਆਟੇ ਵਾਲੀ ਪਰਾਤ ਮੂਧੀ ਪਈ ਸੀ। ਉਹਦੀ ਖਾਂਨਿਉਂ ਗਈ। ਪਹਿਲਾਂ ਹੀ ਉਹ ਮੁਸ਼ਕਲ ਨਾਲ ਡੰਗ ਦਾ ਉਪਰਾਲਾ ਕਰਕੇ ਗੁਆਂਢ 'ਚੋਂ ਪਰਤੀ ਸੀ। "ਤੇਰਾ ਮਰ ਜਾਏ ਬੀ ਡੁੱਬ ਜਾਣੇ ਦਾ...ਹੇ ਰੱਬਾ !" ਆਟਾ ਬੁੰਭਰਦੀ ਕਲਪਣ ਲੱਗੀ .

ਮੂੰਹ ਭਰਵੀਆਂ ਗਾਹਲਾਂ ਦਿੰਦਾ ਤਾਰੂ ਬਾਹਰ

ਛਤੜੇ ਥੱਲੇ ਜਾ ਢੱਠਾ। "ਕੋਈ ਵੇਲੇ ਟੁੱਕ ਦਾ ? ਦਿਨੇ ਕੌਲੇ ਕੱਢਦੀ ਫਿਰੂ ਮੈਂ ਕਿਹਾ ਚਲ ਝਉਂਦਾ ਹੱਡ ਐ... ਕੋਲੋਂ ਕੋਈ ਹੋ ਜੂ ਚੁੱਕਣ ਧਰਨ ਨੂੰ...ਪਰ ਕਾਹਨੂੰ...ਮਰ ਜੂ ਐਂ ਈ ਕਿਸੇ ਦਿਨ ਮੇਰੋ ਹੱਥੋਂ..."

ਚੁੱਪ ਰਾਤ ਵਿਚ ਉਹ ਦੂਰ ਤਾਈਂ ਸੁਣਦੇ ਸਨ। ਉਹਨਾਂ ਦੇ ਰੋਜ਼ ਦੇ ਕੁੱਤ ਖਾਨੇ ਤੋਂ ਲੋਕ ਕੰਨ ਧਰਨੋਂ ਹਟ ਗਏ ਸਨ। ਨਹੀਂ ਸਰਪੰਚਾਂ ਕੀ ਉਹਨਾਂ ਨਾਲ ਕੰਧ ਸਾਂਝੀ ਸੀ। ਤਾਰੂ ਚਿੱਟੇ ਦਿਨ ਮਤਰੇਈ ਮਾਂ ਨੂੰ ਕੋਹ ਘੱਤਦਾਂ, ਕੋਈ ਪਿੰਡ ਦਾ ਬੰਦਾ ਪਰਤ ਕੇ ਵਾਤ ਨਾ ਲੈਂਦਾ। ਨਿੱਤ ਦੀਆਂ ਚਿੱਕੜ-ਛਿੱਟਾਂ ਤੋਂ ਲੋਕ ਪੱਤ ਕੂੰਜ ਕੰਜ ਰਖਦੇ।

ਰਾਤ ਦੀ ਡੂੰਘੀ ਉੱਤਰ ਆਈ ਸੀ। ਛੱਤੜੇ ਥੱਲੇ ਉਹ ਅਲਾਣੀ ਮੰਜੀ ਤੇ ਹੀ ਪਿਆ ਸੀ। ਕਿਸੇ ਲਾਲਟੈਨ ਫੜੀ ਦਰਾਂ ਚੋਂ ਹਾਕ ਮਾਰੀ।

"ਮੁਖਤਾਰ ਸਿੰਹਾਂ !"

"ਕੇਹੜੈ" ਉਹ ਰੁੱਖਾ ਜਿਹਾ ਬੋਲਿਆ। ਖਬਰੇ ਕੋਈ ਸਦੇਹਾਂ ਜਾਣ ਵਾਲੀ ਸੁਆਰੀ ਬਾਬਤ ਕਹਿਣ ਆਇਆ ਹੋਵੇ।

"ਕਿਮੇਂ ਪਿਐਂ ਹਨੇਰੇ 'ਚ ਈ ?" ਬਾਹਰੋਂ ਜਿਵੇਂ ਬੰਦਿਆਂ ਦੀ ਧਾੜ ਅੰਦਰ ਲੰਘ ਆਈ। ਮੂਹਰੇ ਖਾਨਪੁਰ ਦਾ ਚੈਂਚਲ ਸਿਹੁੰ, ਰੱਜਿਆ ਪੁੱਜਿਆ, ਨਾ ਧੀ ਨਾ ਪੁੱਤ। ਸਰਪੰਚੀ ਦੇ ਪੁੱਠੇ ਪੰਗੇ 'ਚ ਘਰੋ ਘਰੀ ਲਿੱਲਾਂ ਲੈ ਰਿਹਾ ਸੀ। ਮੋਕਲੇ ਹੱਡ ਪੈਰ। ਪਾਟਿਆ ਬੋਲ ਤੇ ਮਹਿੰਗੇ ਲੀੜਿਆਂ ਉੱਤੇ ਨਹਿਰੂ ਜਾਕਟ। ਨਾਲ ਪਿੰਡ ਦੇ ਕਈ ਚੋਬਰ। ਕਿਰਪੂ ਮਸੀਤੀਆਂ। ਪੁਰਾਨਾ ਸਰਪੰਚ। ਰੁਲਦਾ ਬਲੋਕੀਆ ਤੇ ਨਰਾਤਾ।

ਉਹਨੂੰ ਖੁੜਕ ਗਈ। ਆਖਰ ਏਨੇ ਲੋਕ, ਏਨੀ ਰਾਤ ਗਈ ਉਹਦੇ ਵੇਹੜੇ ਦੀ ਲਿੱਦ ਕਿਉਂ ਮਿੱਧ ਰਹੇ ਸਨ। ਮਨ ਦੇ ਅੱਥਰੇ ਰਉਂ 'ਚ ਹੁੰਦਾ ਤਾਂ ਚੱਲ ਕੇ ਆਇਆਂ ਲਈ ਮੰਜੀ ਧੂਹ ਦਿੰਦਾ। ਦਤਾ ਸਿੱਟਦਾ। ਜੀ ਆਇਆਂ 'ਚ ਭੂੰਏਂ ਲਿਟ ਜਾਂਦਾ। ਪਰ ਤਦ ਉਹ ਬੜਾ ਤਲਖ ਜਿਹਾ ਬੋਲਿਆ।

"ਕਿਮੇਂ ਆਉਣੇ ਹੋਏ—ਮਾਤੜਾਂ ਦੇ ?"

"ਆਏ ਤਾਂ ਹੈਗੇ ਆਂ ਜੇ ਸੁਣੇ—"ਕਿਸੇ ਕਿਹਾ। "ਲੌਐਂ ਮੁਖਤਾਰ ਸਿਹੁੰ ਕਿਤੇ ਬਾਹਰ ਐ ਆਪਣੇ ਤੋਂ—". ਕਿਸੇ ਹੋਰ ਕਿਹਾ।

ਤਾਰੂ ਉੱਖੜਦਾ ਜਿਹਾ ਹਨੇਰੇ 'ਚ ਝਾਕਿਆ। ਮਲੇਸ਼ੀਏ ਦਾ ਮੋਟਾ ਕੁਰਤਾ ਉਹਦਾ ਪਿੰਡਾ ਵੱਢਣ ਲੱਗਾ।

ਉਹਨੂੰ ਚੁੱਪ ਵੇਖ ਚੈਂਚਲ ਸਿਹੁੰ ਮੋਹ ਨਾਲ ਉਹਦਾ ਮੋਢਾ ਝੂਣਿਆ।

"ਫੇ ਵੋਟ ਕਿੱਧਰ ਪਾਉਣੀ ਐ ਐਦਕੀਂ—?"

ਤਾਰੂ ਜਿਵੇਂ ਓਥੇ ਹੀ ਨਹੀਂ ਸੀ।

ਚੁੱਪ ਚੁਭਣ ਲੱਗੀ। ਆਏ ਬੰਦੇ ਸੋਚਣ ਲੱਗੇ।

"ਕੇਹੜਾ ਮਾਣ ਨਾਲ ਆਏ ਆਂ ਅਸੀਂ।" ਕਿਸੇ ਚੁੱਪ ਤੋੜੀ।

"ਦੇਖ ਮਾਣ ?" ਜਿਵੇਂ ਕਿਤੇ ਨੇੜੇ ਬਰੂਦ ਫਟਿਆ ਹੋਵੇ। ਚਿੱਤੜਾਂ 'ਚ ਲੈ ਲਉ ਮਾਣ ਆਪਣਾ— ਹੂੰਅ !—ਮੈਂ ਕਹਿਨਾ ਥੋਡੇ ਇਸ ਮਾਣ ਨੇ ਦੋ ਖੁੱਡਾਂ ਪੈਲੀ ਤਾਂ ਨਾਂ ਦੇ ਤੀ ਮੈਨੂੰ—ਘਰ ਤਾਂ ਨਾ ਵੱਸਦਾ ਕਰਤਾ ਮੇਰਾ ਕਿਸੇ ਕੰਜਰ ਨੂੰ ਨੀਂ ਪਾਉਣੀ ਵੋਟ ਵਾਟ—ਮੈਂ ਈ ਲੱਭ ਲਿਆ ਲੋਕਾਂ ਨੇ—ਪੂਛਲ ਵੀ ਨੀ ਚੱਕਣੀ ਤੇ ਸੁਆਰ ਹੋ ਜਾਣਾ। ਤੁਸੀਂ ਭਾਅ ਵੋਟਾਂ ਬਦਲੋ ਤੇ ਭਾਵੇਂ ਵੱਗਦੇ ਹੋਵੋ ਬੱਸ—"

ਹਨੇਰੇ ਵਿਚ ਉਹ ਉਹਦਾ ਧੁੰਦਲਾ ਜਿਹਾ ਮੂੰਹ ਵੇਖਦੇ ਰਹਿ ਗਏ। ਉਂਜ ਲੋਕ ਜਾਣਦੇ ਸਨ। ਕਿਸੇ ਗੈਰ ਜ਼ਮੀਨੇਂ ਜੱਟ ਦਾ ਮੁਤਬੰਨਾ ਹੋਣਾ ਅਤੇ ਮੁਤਬੰਨਾ ਵੀ ਉਹ ਜਿਹਦੇ ਨਾ ਪਿਉ ਦਾ ਪਤਾ ਸੀ ਨਾ ਮਾਂ ਦਾ— ਕਿੱਡੀ ਵੱਡੀ ਲਾਹਨਤ ਸੀ ਅਤੇ ਇਸ ਲਾਹਨਤ ਨੇ ਤਾਰੂ ਲਈ ਕਿਵੇਂ ਜ਼ਿੰਦਗੀ ਦੇ ਅਰਥ ਮਿੱਟੀ ਕੀਤੇ ਪਏ ਸਨ। ਪਰ ਉਸ ਘੜੀ ਓਹਨੂੰ ਇੰਜ ਦਾ ਤਲਖ਼ ਵੇਖ ਹੈਰਾਨ ਰਹਿ ਗਏ। ਲਾਲਟੈਣ ਦਾ ਜ਼ਰਦ ਚਾਨਣ ਉਂਘਣ ਲੱਗਾ। ਹੇਠੀ, ਚੋਂਕ ਵੱਢਣ ਲੱਗੀ।

ਨਿਰਾਸ਼ ਜਿਹੇ ਪਰਤ ਰਹੇ ਸਨ ਤਾਂ ਕਿਰਪੇ ਮਸੀਤੀਏ ਸਰਸਰੀ ਜਿਹਾ ਕਿਹਾ, 'ਮੁਖਤਾਰ ਸਿੰਹਾਂ, ਛ੍ਹਾਲੇ ਭਾਂਡਿਆਂ ਲਈ ਉਗਰਾਹੀ ਸੀ ਤੇਰੇ ਵੰਨੀ—ਐਦਕੀਂ ਜੀਆਂ ਸੇਤੀ ਲਾਤੀਂ ਐ ਮੇਲ—ਜੇ ਹੈਗੇ ਈ ਕੋਲ ਤੇ ਵੱਢ ਜੂੜ ਹੁਣੇ ਈ।

ਤਾਰੂ ਜਿਵੇਂ ਪੱਜ ਭਾਲ ਰਿਹਾ ਸੀ।

"ਭੈਣ ਦਾ ਬੂਹਾ ਮਰਾ ਗਈ ਓਏ ਥੋਡੀ ਮੇਲ ਖੜ੍ਹੀ ਹੋ ਕੇ—ਲਾਹ ਦੇਵੇ ਜੀਹਨੇ ਮੇਰਾ ਟਾਂਗਾ ਸੜਕ ਤੋਂ ਥੱਲੇ ਲਾਹੁਣਾਂ ਐ—ਹੂੰ !—ਤੇ—ਗੱਲ ਮੁਣੇ— ਜੀਹਨੇਂ ਤੈਨੂੰ ਮੇਰੀ ਮੇਲ ਲਈ ਘਲਿਆ ਐ ਨਾ, ਮੈਂ ਉਹਨੂੰ ਆਹ ਨੋਟ ਦਊਂ ਵੱਡਾ—ਸਮਝਿਆ—।" ਉਹਨੇ ਦਾਤਰ ਚੱਕ ਲਈ। ਮੁੜਦੇ ਬੰਦੇ ਹੱਥੀਂ ਚੱਕ ਵੱਢਦੇ ਰਹਿ ਗਏ। ਵੋਟਾਂ ਦੀ ਨੀਤੀ ਤੇ ਨਾ ਹੁੰਦੇ ਤਾਂ ਤਾਰੂ ਦੀ ਏਨੀ ਕੁ ਤਿੰਨ ਪੰਜ ਬਦਲੇ ਹੇਠਲੀ ਉੱਤੇ ਕਰ ਦਿੰਦੇ— ਪਰ ਪਤਾ ਨਹੀਂ ਉਹ ਕਿਵੇਂ, ਭੂੰਏਂ ਪੈਰ ਪਟਕਦੇ ਦਰ ਟੱਪ ਗਏ।

"ਕੋਈ ਨਾ ਬੱਚੂ. .ਪਾਣੀ ਤਾਂ ਇਹਨਾਂ ਪੁਲਾਂ ਥਾਣੀਂ ਲੰਘੂ. ."

ਸੁੱਕੇ ਕੱਖਾਂ ਦੇ ਮੱਚ ਪੈਣ ਵਾਂਗ ਉਹਨਾਂ ਦੀ ਦਰਾਂ 'ਚ ਆਖੀ ਗੱਲ, ਉਹਦੇ ਕੰਨਾਂ ਵਿਚ ਅੰਗਿਆਰਾਂ ਵਾਂਗ ਅਟਕ ਗਈ। ਉਹ ਸੇਕ ਨਾਲ ਘਿਰ ਗਿਆ। ਆਏ

ਬੰਦਿਆਂ ਦੀ ਬਿੜਕ ਨਾਲ ਪ੍ਰਸਿੰਨੀ ਵੀ ਬਾਹਰ ਆ ਖੜ੍ਹੀ। ਬਾਹਰ ਸੰਨਾਟਾ ਛਾਇਆ ਹੋਇਆ ਸੀ। ਘਰਾਂ 'ਚੋਂ ਉਠਦੇ ਧੂੰਏਂ ਦੇ ਲੰਬ ਚੁਗਿਰਦਾ ਸਿਆਹ ਕਰ ਰਹੇ ਸਨ। ਪਿੰਡ 'ਚੋਂ ਨਿੰਮ੍ਹਾ ਜਿਹਾ ਸ਼ੋਰ ਸੁਣਦਾ। ਅਚਾਨਕ ਮੱਚਦੇ ਜਿਹੇ ਪੈਰੀਂ ਤਾਰੂ ਮੁੜਿਆ। ਟੁੰਡ ਕੱਚੇ ਓਟੇ ਨਾਲ ਅੜਾਏ ਅਤੇ ਟੱਪ ਕੇ ਛਤੜੇ ਜਾ ਚੜ੍ਹਿਆ। ਵਰੋਲੇ ਵਾਂਗ। ਚੀਕਦਾ।

"ਕੌਣ ਸੀ ਮੁੱਖਿਆ ?" ਪ੍ਰਸਿੰਨੀ ਪੁੱਛ ਰਹੀ ਸੀ।

"ਥੋੜ੍ਹੇ ਓਏ ਮੈਂ ਵੱਡੇ ਪੁੱਲਾਂ ਦੀ ਧੀ ਨੂੰ ਕੰਜਰੋ ਉਗਰਾਹੀ ਕੀ, ਮੈਂ ਤਾਂ ਦਾਜ ਦਿਊਂ ਦਾਜ...ਕੁੱਲਾ ਬਣਾ ਦਿਆਂ ਭਾਂਡੇ—ਆਓ ਕਿਹੜਾ ਸਾਕ ਕਰਦੈ ਪਹਿਲਾਂ—ਸਾਲੇ ਢੂੰਡ੍ਹਾਂ ਦੇ...ਆਓ ਕਿਹੜਾ ਨਿਤਰਦੈ ਓਏ...।" ਉੱਚੀ ਕੂਕ, ਸੁੱਤ-ਉਨੀਂਦੇ ਲੋਕਾਂ ਨੂੰ ਜਾਗਦਿਆਂ ਕਰ ਗਈ।

ਗੁਆਂਢੀ ਵਿਹੜਿਆਂ 'ਚ ਨਿਕਲ ਕੇ ਬਿੜਕਾਂ ਲੈਣ ਲੱਗੇ। ਉਹਦੇ ਕੁ-ਵੱਲੇ ਗੁੱਸੇ ਨੂੰ ਲੋਕ ਸੀਤ ਕਰਨਾ ਵੀ ਜਾਣਦੇ ਸਨ। ਇਸੇ ਕਾਰਨ ਉਹ ਅੱਗੇ ਵੀ ਕਈ ਵਾਰੀ ਛਿੱਤਰ-ਪੌਲਾ ਖਾ ਬੈਠਾ ਸੀ। ਪਰ ਲੋਕ ਹਮੇਸ਼ਾ ਉਹਦੇ ਟੁੰਡਾਂ ਤੇ ਤਰਸ ਖਾ ਜਾਂਦੇ। ਉਹਦੀਆਂ ਬੇ-ਹੁਦਰੀਆਂ ਤੇ ਖ਼ਫ਼ਾ ਹੋਣ ਵਾਲੇ ਦੇ ਜ਼ਿਹਨ ਵਿਚ ਇਕ ਅਜੀਬ ਜਿਹੀ ਕਿਚਕਚਾਹਟ ਹੋਣ ਲੱਗਦੀ। ਕਰੀਚ ਆਉਂਦੀ। ਉਹ ਦੋਵੇਂ ਟੁੰਡ ਜੋੜ ਮੁਆਫ਼ੀ ਮੰਗਣ ਲਗਦਾ, ਤਾਂ ਜਾਪਦਾ ਜਿਵੇਂ ਅੱਖਾਂ ਸਾਹਮਣੇ ਦੋ ਸਿਰ ਵੱਢੇ ਫਨੀਅਰ ਸੱਪ ਤੜਪ ਰਹੇ ਹੋਣ। ਵੇਂਦਾਂ ਥੱਲੇ ਲਿਜ ਲਿਜੀ ਜਿਹੀ ਕਿਰਚ ਕਿਰਚ ਹੋਣ ਲਗਦੀ। ਸਾਹਮਣੇ ਖੜ੍ਹਾ ਉਹਦਾ ਸ਼ੋਹਦਾ ਵਜੂਦ ਡਰਾਉਣਾ ਜਾਪਣ ਲੱਗਦਾ। ਇੰਜ ਹੋਣੀ ਹਮੇਸ਼ਾ ਉਹਦੇ ਹੱਕ ਵਿਚ ਡੱਕਾ ਸਿੱਟ ਜਾਂਦੀ।

ਪਰ ਤਦ ਉਹ ਪ੍ਰਸਿੰਨੀ ਦੇ ਪਹਿਲੇ ਤਰਲੇ ਨਾਲ ਹੀ ਥੱਲੇ ਉਤਰ ਆਇਆ। 'ਵੱਟਾ ਮੰਗਦੇ ਐ ਸਾਲੇ ਮੇਰੇ ..ਅਖੇ ਉਗਰਾਹੀ ਦਿਓ—ਸਾਲਿਓ ਅਹੀ ਕਿਤੇ ਬਹੁਤੇ ਸੰਤੂ ਬੰਤੂ ਵਿਆਹੁਣੇ ਐਂ ?" ਲੱਗਿਆ ਰੋ ਪਵੇਗਾ।

"ਉਹ ਜਣੇ...ਚੱਲ ਕੀ ਵਿਗੜਦਾ ਸੀ ਆਪਣਾ ...ਪਿੰਡ ਨਾਲ ਸਾਂਝ ਕੀ ਹੋਈ ਆਪਣੀ...ਲੈ ਦੱਸ...ਪਤਾ ਨਹੀਂ ਕੀ ਸਿਆਣੇ ਬਿਆਣੇ ਦੀ ਮੱਤ ਨੂੰ..।"

"ਕਿਸੇ ਧੀ ਦੇ ਯਾਰ ਨਾਲ ਨੀ ਮੇਰੀ ਸਾਂਝ...।"

ਪ੍ਰਸਿੰਨੀ ਦੇ ਬਾਂਹ ਫੜ ਕੇ ਲੈ ਜਾਣ ਤੇ ਉਹ ਥੀਕਦਾ ਜਿਹਾ ਰੋਟੀ ਖਾਣ ਜਾ ਬੈਠਾ। ਸਬਾਤ ਉਵੇਂ ਹੀ ਧੂੰਏਂ ਨਾਲ ਅੱਟੀ ਪਈ ਸੀ। ਕੰਬਦੀ ਲੋਅ ਊਂਘ ਰਹੀ ਲਗਦੀ। ਸਾਹਾਂ ਨੂੰ ਧੂੰਏਂ ਦੇ ਉਥੂ ਆਉਂਦੇ।

"ਗੱਲ ਸੁਣ...ਮੇਰੇ ਨਾਲ ਵੀ ਕੋਈ ਨੀਂ ਸਾਂਝ ?"

ਖਬਰੇ ਕਿਹਾ ਜਾਦੂ ਸੀ। ਤਾਰੂ ਦੇ ਪੈਰਾਂ 'ਚੋਂ ਉਠਦੇ ਕਾਂਬੇ ਸਿਰ ਵਿਚ ਦੀ ਲੰਘ ਗਏ। ਜੀਭ ਠਾਕੀ ਗਈ। ਬੁਰਕੀ ਭੰਨਦੇ ਟੁੰਡ ਕੰਬਣ ਲੱਗੇ...ਇਕ ਨਜ਼ਰ ਅਰਧ-ਗਲਵਕੜੀ ਵਿਚ ਉਪਰ ਝੁਕੀ ਮਤੇਈ ਮਾਂ, ਉਹਨੇ ਪਾਗਲ ਜਹੇ ਹੁੰਦੇ ਝਾਕੀ। ਭਰਵੀਂ ਛਾਤੀ ਮੱਥੇ ਨਾਲ ਛੋਹ ਰਹੀ ਸੀ। ਜਿਵੇਂ ਬਲਦਾ ਚੋਅ ਛੋਹ ਰਿਹਾ ਹੋਵੇ। ਮੁੜ੍ਹਕੇ ਦੀ ਤਿੱਖੀ ਗੰਧ। ਨਜ਼ਰ ਚੁਲ੍ਹੇ 'ਚ ਤਿੜ ਤਿੜ ਕਰਕੇ ਮੱਚਦੀ ਅੱਗ ਤੇ ਜੰਮ ਕੇ ਰਹਿ ਗਈ। ਛਾਤੀ 'ਚੋਂ ਧੂੰਆਂ ਉਠਣ ਲੱਗਾ। ਬੁਰਕੀ ਸੰਘ ਵਿਚ ਹੀ ਫੁੱਲ ਗਈ। ਪਾਣੀ ਦਾ ਘੁੱਟ ਭਰਿਆ। ਜਿਵੇਂ ਅੱਕਾਂ ਦਾ ਦੁੱਧ ਚੱਖਿਆ ਹੋਵੇ। ਅਚਾਨਕ ਮੱਚਦੀ ਅੱਗ 'ਤੋਂ ਤਿਲਕਦੀ ਨਜ਼ਰ, ਮਤੇਈ ਮਾਂ ਦੇ ਧੁੰਦਲੇ ਨੱਕਸ਼ਾਂ 'ਚ ਕਿਧਰੇ ਭਟਕ ਗਈ।

ਲੱਗਾ, ਜਿਵੇਂ ਕਿਸੇ ਗਲਾਜ਼ਤ ਵਿਚ ਮੂੰਹ ਭਾਰ ਜਾ ਪਿਆ ਹੋਵੇ। ਇਕੱਲਾ ਨਹੀਂ। ਪ੍ਰਸਿੰਨੀ ਵੀ। ਪ੍ਰਸਿੰਨੀ ਦਾ ਜੋਬਨ ਵੀ। ਨੱਕ, ਬੁੱਲ੍ਹ, ਅੱਖਾਂ, ਛਾਤੀ ਤੇ...। ਕੋਈ ਅਦਿੱਖ ਭੈਅ ਜ਼ਿਹਨ ਵਿਚ ਫੈਲਣ ਲੱਗਾ। ਹੌਕੇ ਹੌਕੇ ਹਉਕੇ ਲੈਂਦਾ ਉਠ ਖੜ੍ਹਾ।

"ਬੱਸ ?" ਪ੍ਰਸਿੰਨੀ ਅਵਾਕ ਰਹਿ ਗਈ। "ਅਹਿਨਾਂ ਦੋ ਹ ਬੁਰਕੀਆਂ ਲਈ ਕੋ ਹਦਾਂ ਸੈਂ ?" ਬੋਲ, ਨਾਗ ਵਲ੍ਹੇਂ ਵਾਂਗ ਘੁੱਟੇ ਗਏ। ਜਿਵੇਂ ਕਿਸੇ ਦੂਹਰੀ ਵੇਰੀ ਚਿੱਕੜ ਵਿਚ ਧੱਕਾ ਦੇ ਦਿੱਤਾ ਹੋਵੇ। ਉਹ ਕਿੰਨਾ ਨਿਰਦਈ ਸੀ, ਸੋਚਿਆ। ਪਿੰਡੇ ਪਛਤਾਵੇ ਦੀਆਂ ਚਾਬਕਾਂ ਵਰ੍ਹਣ ਲੱਗੀਆਂ। ਘੋੜੀ ਨੂੰ ਵੀ ਤਾਂ ਅਕਾਰਥ ਹੀ ਕੋਂਹਦਾ ਆਇਆ ਸੀ। ਅਤੇ ਅਚਾਨਕ ਉਹਨੂੰ ਘੀਚਰ ਅੱਤੇ ਉਹਦੀ ਵਹੁਟੀ ਚੇਤੇ ਆ ਗਏ।

ਬਿੜਕਦਾ ਜਿਹਾ ਉਹ ਘੋੜੀ ਦੀ ਖੁਰਲੀ ਕੋਲੇ ਆ ਖੜ੍ਹਿਆ। ਘੋੜੀ ਨਾਸ ਫਰਕੀ, ਕੰਨ ਚੁੱਕੇ। ਬਰਸੀਮ ਦੀ ਬੱਬੀ ਘੋੜੀ ਦੀ ਖੁਰਲੀ ਵਿਚ ਸਿੱਟਦਿਆਂ, ਉਹ ਘੋੜੀ ਅਤੇ ਮਾਂ ਲਈ ਮੋਹ ਨਾਲ ਭੈਰ ਗਿਆ। ਗੱਚ ਭਰ ਆਇਆ। ਸੰਕੋੜ ਨਿੰਮ੍ਹ ਤੇ ਕੰਰੰਰੀ ਬੋਲੀ। ਹਨੇਰੇ 'ਚ ਡਰਾਉਣੇ ਸਾਏ ਉਗਣ ਲੱਗੇ।

"ਲੈ, ਪੈ ਜਾ ਰਾਮ ਹਾ..." ਪ੍ਰਸਿੰਨੀ ਬਾਵੇਂ ਜਿਵੇਂ ਸੱਕੀ ਨਾ ਉਹਨੂੰ ਥਾਪੜ ਰਹੀ ਹੋਵੇ।

ਜਿਹਨੂੰ ਉਸ ਕਦੇ ਵੀ ਨਹੀਂ ਸੀ ਡਿੱਠਾ। ਖਬਰੇ ਮਾਂ ਕਿਥੇ ਸੀ ? ਅਤੇ ਸਿਰਫ਼ ਇਸੇ ਲਈ ਅੱਜ ਉਹ ਆਪ ਕਿਤੇ ਅੱਪੜ ਗਿਆ ਸੀ। ਆਪਣੇ ਆਪ ਤੋਂ ਵੀ ਕੋਹਾਂ ਦੂਰ...ਜਿੱਥੇ ਉਹ ਲਗਾਤਾਰ ਭਟਕ ਰਿਹਾ ਸੀ। ਤੜਪ ਰਿਹਾ ਸੀ।

ਉਚਾਟ ਜਿਹਾ ਛਤੜੇ ਦੀ ਛੱਤ ਘੂਰਨ ਲੱਗਾ। ਟੇਢੀਆਂ ਕੜੀਆਂ ਵਿਚਾਲੇ ਕੱਖ-ਕਾਨ ਇਕ ਦੂਜੇ ਵਿੱਚ ਉਲਝਿਆ ਪਿਆ ਸੀ।

ਪ੍ਰਸਿੰਨੀ ਉਹਨੂੰ ਸੌਂ ਜਾਣ ਲਈ, ਆਪ ਪਰਤ ਗਈ ਤਾਂ ਲੱਗਾ ਜਿਵੇਂ ਘ੍ਰੀਚਰ ਦੀ ਤੀਵੀਂ ਹੀ ਉਸ ਕੋਲ ਆ ਕੇ ਪਰਤ ਗਈ ਹੋਵੇ। ਲੂੰ ਲੂੰ ਬਿਰਕ ਉੱਠਿਆ ਮਨ ਦੀ ਕਿਸੇ ਨੁੱਕਰੇ ਪੀੜ ਹੋਈ। ਤਿੱਖੀ, ਜਿਵੇਂ ਆਂਦਰਾਂ ਉਛਲ ਕੇ ਬਾਹਰ ਜਾ ਪੈਣਗੀਆਂ। ਇਹਨਾਂ ਮਾਰੂ ਪੀੜਾਂ ਦੇ ਥਲ ਵਿਚ ਭਟਕਦਿਆਂ, ਉਹਨੂੰ ਕਿੰਨੇ ਵਰ੍ਹੇ ਬੀਤ ਗਏ ਸਨ ? ਚੇਤਾ ਕੀਤਾ। ਪਰ ਉਲਝ ਗਿਆ। ਜ਼ਿਹਨ ਵਿਚ ਮਤੇਈ ਮਾਂ ਤੇ ਦੇਵਕੀ ਦੇ ਨਕਸ਼ ਰਲਗੱਡ ਹੋਣ ਲੱਗੇ।

ਕਦੋਂ ਚੰਦਰਮਾਂ ਦੀ ਪਤਲੀ ਲੀਕ ਸੂਏ ਦੀਆਂ ਸੰਘਣੀਆਂ ਟਾਹਲੀਆਂ ਨਿਰਲ ਗਈਆਂ। ਕਦੋਂ ਪ੍ਰਸਿੰਨੀ ਭਾਂਡੇ ਟੀਂਡਰ ਮਗਰੋਂ ਅੰਦਰਲੇ ਵੇਹੜੇ 'ਚ ਜਾ ਪਈ। ਚੇਤਾ ਨਹੀਂ। ਉਹਨੇ ਚੁਫੇਰੇ ਹਨੇਰੇ ਦੀਆਂ ਬੰਜਰ ਕੰਧਾਂ ਛੋਹਣ ਦੀ ਕੋਸ਼ਸ਼ ਕੀਤੀ। ਲਾਗਲੀ ਖੁਰਲੀ ਤੇ ਘੋੜੀ ਕਦੇ ਕਦਾਈਂ ਨਾਸ ਫਰਕਦੀ। ਕਿਧਰੇ ਕੁੱਤੇ ਭੌਂਕਦੇ ਸੁਣਦੇ। ਕੋਚਰੀ ਬੋਲਦੀ। ਹਨੇਰਾ ਸੀਟੀਆਂ ਮਾਰਨ ਲਗਦਾ।

ਅਚਾਨਕ ਉਹਨੇ ਕਿਤੋਂ ਕੰਨਾਂ ਵਿਚ ਘ੍ਰੀਚਰ ਦੀ ਵਹੁਟੀ ਦਾ ਚੀਰਵਾਂ ਹਾਸਾ ਸੁਣਿਆ। ਮੱਥੇ ਨਾਲ ਮਾਂ ਦੀ ਭਰਵੀਂ ਛਾਤੀ ਛੋਹਦੀਂ ਮਹਿਸੂਸ ਕੀਤੀ। ਅੰਗ, ਭੱਠ ਵਾਂਗ ਤਪਣ ਲੱਗੇ। ਝਰਨਾਹਟਾਂ ਪਿੰਡਾ ਤੋੜਣ ਲੱਗੀਆਂ। ਔਚਵੀ, ਜਿਵੇਂ ਛ ਪਿਆਂ ਤੇ ਲਿਟ ਰਿਹਾ ਹੋਵੇ। ਲੱਤਾਂ ਵਿਚਾਲੇ ਜਲੂਨ ਹੋਈ। ਦੇਵਕੀ ਦਾ ਹਾਸਾ ਫਿਰ ਸੁਣਨ ਲੱਗਾ। ਅਜੀਬ ਬੇ-ਚੈਨੀ। ਬੂਹ : ਉਸ ਬੁੱਲ੍ਹਾਂ ਤੇ ਜੀਭ ਫੇਰੀ। ਸਾਹ ਫੁੱਲ ਗਿਆ।

ਕੰਬਦੇ ਟ੍ਰੰਡ ਲੱਤਾਂ ਵਿਚਾਲੇ ਵਧਣ ਲੱਗੇ।

ਪਰ ਅਗਲੇ ਹੀ ਬਿੰਦ ਉਠ ਖਲੋਤਾ। ਜੁੱਤੀ ਪਾਉਣੀ ਵੀ ਵਿੱਸਰ ਗਿਆ। ਧਾਹ ਕੇ ਵਿਹੜੇ ਵੱਲ ਵਧਿਆ। ਲਪਕਿਆ, ਜਿਵੇਂ ਦੇਵਕੀ ਦਾ ਚਿਲਕਵਾਂ ਹਾਸਾ ਹਿੱਕ ਨਾਲ ਘੁੱਟ ਲੈਣਾ ਚਾਹੁੰਦਾ ਹੋਵੇ। ਥੋੜ੍ਹਾ ਅਗਾਂਹ ਹੋਇਆ ਤਾਂ ਲਿੱਦ ਵਿਚ ਪੈਰ ਲਿਬੜ ਗਿਆ ..

ਇਕ ਘੜੀ ਗਲਾਜ਼ਤ ਦਾ ਚੀਰਵਾਂ ਅਹਿਸਾਸ, ਜ਼ਿਹਨ ਵਿਚ ਚਾਕੂ ਵਾਂਗ ਉੱਤਰ ਗਿਆ। ਪੈਰ ਠਿਠਕ ਗਏ। ਹਨੇਰੇ 'ਚ ਬਿਟ ਬਿਟ ਝਾਕਣ ਲੱਗਾ। ਮੱਥੇ 'ਚ ਟੱਸ ਟੱਸ ਕੁਝ ਵੱਜਣ ਲੱਗਾ। ਲਾਗੀਲੀ ਵਾੜ ਵਿਚ ਬੀਂਡੇ ਚੀਕੇ। ਪੈਰਾਂ 'ਚ ਲਿੱਦ ਦੀ ਗੰਦੀ ਚਿਪਚਪਾਹਟ, ਉਹਦੇ ਸਾਰੇ ਜ਼ਿਹਨ ਵਿਚ ਫੈਲ ਗਈ। ਗੁੱਸੇ ਨਾਲ ਪੈਰ ਫੌੜ ਭੁੰਏਂ ਪਟਕੇ। ਘਿਸਰਦਾ ਜਿਹਾ ਅੰਦਰਲੇ ਵੇਹੜੇ 'ਚ ਜਾ ਖੜ੍ਹਿਆ, ਜਿਵੇਂ ਰੀਂਘ ਰਿਹਾ ਹੋਵੇ। ਅਚਵੀ ਪਿੰਡਾ ਤੋੜਣ ਲੱਗੀ, ਲਪਕ ਕੇ ਅਗਾਂਹ ਹੋਇਆ ਤਾਂ ਲੱਗਾ, ਇਸ ਗੂਹੜੇ ਅੰਧਕਾਰ ਵਿਚ ਪ੍ਰਸਿੰਨੀ ਦੀਆਂ ਦੋਵੇਂ ਅੱਖਾਂ ਚੁਆਤੀਆਂ ਵਾਂਗ ਮੱਚ ਰਹੀਆਂ ਸਨ। ਉਫ਼ ! ਕੇਹਾ ਸੇਕ ਸੀ। ਜਿਸ 'ਚ ਉਹ ਹਰ ਇੰਜ ਦੀ ਰਾਤ ਵਿਚ ਆਪਣੇ ਸਾਰੇ ਖੰਭ ਝੁਲਸ ਲੈਂਦਾ। ਥੋੜ੍ਹਾ ਝੁਕਿਆ। ਥਿੜਕਿਆ। ਅਤੇ ਮੁੜ੍ਹਕੇ ਦੀ ਤਿੱਖੀ ਗੰਧ ਵਿਚ ਘਿਰ ਗਿਆ।

ਲੱਗਾ ਪਾਗਲ ਹੋ ਜਾਵੇਗਾ। ਕੰਬਦੇ ਟ੍ਰੰਡ ਹਨੇਰਾ ਟੋਹਣ ਲੱਗੇ। ਉਹ ਸਾਰਾ ਕੁਝ, ਜਿਸ ਲਈ ਉਹ ਸਾਰੀ ਉਮਰ ਤੜਪਿਆ ਸੀ। ਵਿਲਕਿਆ ਸੀ। ਉਸ ਤੋਂ ਦੋਹਾਂ ਸਾਹਾਂ ਦੀ ਵਿੱਥ ਤੇ ਪਿਆ ਸੀ। ਬੇ-ਪ੍ਰਵਾਹ ! ਬੇ ਖ਼ੌਫ਼ ! ਸਾਹਾਂ 'ਚ ਕੁਝ ਚਸਕਣ ਲੱਗਾ। ਤਰੇਲੀ ਆਈ। ਟ੍ਰੰਡ ਜਿਵੇਂ ਅੰਗਿਆਰਾਂ ਨਾਲ ਛੋਹਣ ਲੱਗੇ। ਤੜਪਿਆ, ਅਤੇ ਪਾਗਲ ਹੋਣ ਲੱਗਾ। ਉਹਨੂੰ ਲੱਗਾ ਉਹ ਅਗਲੇ ਹੀ ਪਲ ਪ੍ਰਸਿੰਨੀ ਦੀ ਬਗਲ ਵਿਚ ਤਿਲਕ ਜਾਏਗਾ। ਮੂੰਹ ਤੋਂ ਹੁੰਦੇ ਟ੍ਰੰਡ...ਛਾਤੀਆਂ ਵੱਲ ਵਧਣ ਲੱਗੇ। ਉਫ਼ ! ਜਿਵੇਂ ਦਲਦਲਾਂ ਦੇ ਸਮੁੰਦਰ ਵਿਚ ਉਤਰ ਗਿਆ ਹੋਵੇ। ਹੋਰ ਥੱਲੇ। ਹੋਰ ਥੱਲੇ। ਕਿਸੇ ਪਤਾਲ ਵਿਚ। ਲੱਗਾ ਜਿਵੇਂ ਕੰਨਾਂ ਤੀਕ ਖੁੱਭ ਗਿਆ ਹੋਵੇ। ਸਾਹ ਟੁੱਟਣ ਲੱਗਾ।

ਅਚਾਨਕ ਲੱਗਾ, ਜਿਵੇਂ ਅਗਲੇ ਹੀ ਪਲ ਹਮੇਸ਼ਾਂ ਹਮੇਸ਼ਾਂ ਲਈ ਮੁੱਕ ਜਾਵੇਗਾ। ਉਹ ਝਟਕੇ ਨਾਲ ਪਿੱਛੇ ਪਰਤਿਆ ਅਤੇ ਏਨੇ ਤਰਾਣ ਨਾਲ ਛਟਪਟਾਉਣ ਲੱਗਾ। ਜਾਪਿਆ, ਜਿਥੇ ਉਹ ਅੱਪੜ ਗਿਆ ਸੀ—ਉਥੋਂ ਪਰਤ ਕੇ ਆਉਣ ਦਾ ਸਿਰਫ ਇਕੋ ਇਕ ਰਾਹ ਸੀ ਕਿ ਜ਼ਿੰਦਗੀ ਦੇ ਆਖਰੀ ਸਾਹ ਤੀਕ ਇਸ ਦਲਦਲ 'ਚੋਂ ਨਿਕਲਣ ਲਈ ਟਿੱਲ ਲਾ ਲੈਂਦਾ।

ਅਗਲੇ ਹੀ ਪਲ ਉਹ ਹਨੇਰੀ ਵਾਂਗ ਉਠਿਆ ਅਤੇ ਛਤੜੇ ਥੱਲੇ ਜਾ ਖੜ੍ਹਾ। ਉਹਨੂੰ ਪਤਾ ਹੀ ਨਾ ਲੱਗਾ ਕਦੋਂ ਪ੍ਰਸਿੰਨੀ ਵੀ ਉਹਦੇ ਪਿੱਛੇ ਆ ਖਲੋਤੀ ਸੀ। ਗੂਹੜੇ ਹਨੇਰੇ 'ਚ ਪ੍ਰਸਿੰਨੀ ਨੇ ਸੁਣਿਆਂ। ਤਾਰੂ ਹੁਬਕੀਂ ਰੋ ਰਿਹਾ ਸੀ। ○

## ਕਹਾਣੀ/ਲੁੱਕ 'ਚ ਫਸੇ ਪੈਰ/ਮੁਖਤਿਆਰ ਸਿੰਘ

ਵੱਡੀ ਬਿਲਡਿੰਗ ਦੀ ਕੰਧ ਦੇ ਨਾਲ ਨਾਲ ਉਗਾਈਆਂ, ਰੰਗ-ਬਰੰਗੀਆਂ ਕੋਲੀਆਂ 'ਚੋਂ ਕਤੂਰੇ ਦੇ ਰੋਣ ਦੀ ਆਵਾਜ਼ ਆ ਰਹੀ ਹੈ। ਕੁਝ ਹੀ ਕਦਮਾਂ ਦੀ ਵਿਥ ਤੇ ਰਿਟਾਇਰ ਫ਼ੌਜੀ ਮੋਢੇ ਤੇ ਰਾਈਫਲ ਪਾਈ ਤਣਿਆ ਜਿਹਾ ਖੜੈ। ਉਹ ਅੰਦਰ ਆਉਣ ਵਾਲਿਆਂ ਨੂੰ ਓਪਰੀ ਜਿਹੀ, ਪਰ ਤਾੜਵੀਂ ਨਿਗ੍ਹਾ ਨਾਲ ਦੇਖ ਰਿਹੈ। ਸਾਰੇ ਆਪਾ ਧਾਪੀ ਵਿਚ ਅੰਦਰ ਆ ਜਾਂਦੇ ਨੇ।

ਹਰ ਇਕ ਦਾ ਧਿਆਨ, ਕਤੂਰੇ ਦੀ ਟਿਆਉਂ-

ਟਿਆਊਂ ਵੱਲ ਸਰਸਰੀ ਜਿਹਾ ਜਾਂਦਾ ਹੈ, ਪਰ ਰੁਕ ਕੇ ਕੋਈ ਵੀ ਨਹੀਂ ਦੇਖਦਾ। ਹਰ ਕੋਈ ਪਹਿਰੇਦਾਰ ਵਾਂਗ ਹੀ ਤਣਿਆ ਜਿਹਾ ਲੰਘ ਰਿਹੈ। ਕਈ ਤਾਂ ਐਨੀ ਛੇਤੀ ਲੰਘ ਜਾਂਦੇ ਹਨ ਕਿ ਉਹਨਾਂ ਨੂੰ ਕਤੂਰੇ ਦੀ ਆਵਾਜ਼ ਕਿਸੇ ਖੂਹ 'ਚੋਂ ਆਉਂਦੀ ਜਾਪਦੀ ਹੈ। ਛੋਟੇ ਤੋਂ ਵੱਡੇ ਤੱਕ ਇਥੋਂ ਹੀ ਲੰਘ ਕੇ ਗਏ ਨੇ। ਆਪਣੀ ਆਪਣੀ ਕੁਰਸੀ ਤੇ ਬੈਠਣ ਤੋਂ ਪਹਿਲਾਂ ਸਾਰੇ ਇਕ ਦੂਜੇ ਨਾਲ ਰਸਮੀ ਜਿਹਾ ਹੱਥ ਮਿਲਾਉਂਦੇ ਪੁਛਦੇ ਨੇ, "ਕੀ ਹਾਲ ਐ?" ਹਰ ਕੋਈ ਠੀਕ ਐ ਕਹਿ ਤਾਂ ਦਿੰਦੈ, ਪਰ ਉਹਨਾਂ ਨੂੰ ਇਉਂ ਲਗਦੈ ਕਿ ਉਹ ਝੂਠ ਬੋਲ ਰਹੇ ਹਣ ਅਤੇ ਇਕ ਦਮ, ਝੂਠੇਪਣ ਨੂੰ ਇਕ ਦੂਜੇ ਤੋਂ ਲੁਕਾਉਣ ਲਈ ਬੁਲ੍ਹਾਂ 'ਤੇ ਬਣਾਉਟੀ ਜਿਹਾ ਹਾਸਾ ਲੈ ਆਉਂਦੇ ਹਨ। ਜਿਥੇ ਵੀ ਕੋਈ ਮਿਲਦੈ ਇਹੋ ਫਿੱਕੀ ਜਿਹੀ ਰਸਮ ਚੱਲਦੀ ਰਹਿੰਦੀ ਹੈ। ਪੰਜ ਤਰੀਕ ਤੋਂ ਬਾਅਦ ਸਾਰਿਆਂ ਦਾ ਮੂੰਹ ਉਨੱਤੀ ਤਰੀਕ ਵਰਗਾ ਹੁੰਦੈ।

ਕਤੂਰੇ ਦੀ ਆਵਾਜ਼ ਹੋਰ ਤਿਖੀ ਹੋ ਗਈ। ਸਾਰੇ ਆਪਣੇ ਆਪਣੇ ਕੰਮ ਲੱਗ ਜਾਂਦੇ ਨੇ। ਕਦੀ ਕੋਈ ਆਪਣੇ ਨਾਲ ਦੇ ਨਾਲ ਕਤੂਰੇ ਬਾਰੇ ਗੱਲ ਕਰਦੇ ਤਾਂ ਅੱਗੋਂ ਉੱਤਰ ਮਿਲਦਾ ਹੈ; ਕੌਣ ਕੀ ਜਾਣਦੈ...ਸਾਲੇ ਨੂੰ।' ਫੇਰ ਉਹ ਫਾਈਲਾਂ ਫਰੋਲਣ ਲੱਗ ਜਾਂਦੇ ਨੇ। ਕਈ, ਜਿਨ੍ਹਾਂ ਦੀਆਂ ਮੇਜ਼ਾਂ ਉੱਤੇ ਸ਼ੀਸ਼ੇ, ਪੈੱਨਦਾਨ, ਕੈਲੰਡਰ-ਡਾਇਰੀਆਂ ਪਈਆਂ ਹਨ, ਉਹ ਸ਼ੀਸ਼ਿਆਂ ਦੇ ਆਲੇ ਦੁਆਲੇ ਖਾਲੀ ਜੇਹੀਆਂ ਵਿਚ ਐਵੇਂ ਹੀ ਚਿੱਟੇ ਕਾਗਜ਼ ਨੂੰ ਚੁਕ ਕੇ ਫੇਰ ਵਿਚੇ ਰੱਖ ਦਿੰਦੇ।

ਰਾਈਫਲ ਵਾਲਾ ਕਤੂਰੇ ਨੂੰ ਦੇਖਣਾ ਚਾਹੁੰਦਾ ਹੋਇਆ ਵੀ ਨਹੀਂ ਦੇਖਦਾ। ਆਪਣੀ ਜਗ੍ਹਾ ਹੀ ਖੜਾ ਕਦੀ ਇੱਕ ਲੱਤ ਤੇ ਜ਼ਿਆਦਾ ਭਾਰ, ਕਦੀ ਦੂਜੀ 'ਤੇ। ਫ਼ੌਜ ਤੋਂ ਰਿਟਾਇਰ ਹੋਣ ਤੋਂ ਬਾਅਦ ਉਸ ਦਾ ਸਰੀਰ ਢਿੱਲਾ ਹੋ ਗਿਐ। ਪੁਰਾਣੇ ਬੂਟਾਂ ਦੇ ਤਸਮਿਆਂ ਦੀ ਥਾਂ ਸੇਬੇ ਹੀ ਪਾਏ ਹੋਏ ਨੇ। ਚੀਚੀਆਂ ਵਾਲੀ ਥਾਂ ਬੂਟਾਂ ਨੂੰ ਟਾਕੀਆਂ ਲੱਗੀਆਂ ਹੋਈਆਂ ਨੇ। ਖੁੱਲ੍ਹਾ ਜਿਹਾ ਕਮੀਜ਼ ਘਸੀ ਹੋਈ ਪੈਂਟ ਬੇਤਰਤੀਬੀ ਬੰਨ੍ਹੀ ਹੋਈ ਦਾਹੜੀ-ਢਿੱਲੀਆਂ ਜਿਹੀਆਂ ਅੱਖਾਂ ਤੇ ਡਿਗਦੀ ਪੱਗ। ਉਹ ਬਾਹਰਲਿਆਂ ਨੂੰ ਅੰਦਰ ਅਤੇ ਅੰਦਰਲਿਆਂ ਨੂੰ ਨੂੰ ਬਾਹਰ ਜਾਣ ਤੋਂ ਰੋਕਣ ਲਈ ਲਈ ਖੜ੍ਹੈ ਪਰ ਇਸ ਵਿਚ ਵੀ ਉਸ ਦਾ ਢਿੱਲਪੁਣਾ ਆ ਜਾਂਦਾ। ਕਤੂਰੇ ਦੀ ਟਿਆਊਂ ਟਿਆਊਂ ਉਸ ਦੇ ਕੰਨ ਖਾ ਰਹੀ ਹੈ। ਉਹ ਕੇਲੀਆਂ ਵਿਚ ਨੂੰ ਗਹੁ ਨਾਲ ਦੇਖਦੈ, ਪਰ ਮੁਲਾਇਮ ਚਮਕਦੇ ਫੁੱਲਾਂ ਉੱਤੇ ਦੀ ਉਸਦੀ ਨਿਗ੍ਹਾ ਤਿਲਕ ਜਾਂਦੀ। ਉਹ ਸੱਜਾ ਪੈਰ ਉੱਪਰ ਚੁੱਕਕੇ ਜ਼ੋਰ ਨਾਲ ਧਰਤੀ ਤੇ ਮਾਰਦੈ, ਫੇਰ ਖੱਬਾ ਪੈਰ ਵੀ। ਬੂਟਾਂ ਦੀ ਗਰਦ ਝੜ ਜਾਂਦੀ। ਫੇਰ ਪਹਿਲੇ ਪਹਿਰੇਦਾਰ ਨੂੰ ਹਵਾ ਵਿਚ ਗਾਲ੍ਹਾਂ ਕੱਢਣ ਲੱਗ ਪਿਐ, 'ਸਾਲੇ ਕੰਜਰ ਦੇ ਪੁੱਤ ਨੇ ਏਹਨੂੰ ਰੋਕਿਆ ਨੀ...।' ਕਤੂਰੇ ਦੀ ਆਵਾਜ਼ ਕਦੇ ਕਦੇ ਬੰਦ ਵੀ ਹੋ ਜਾਂਦੀ। ਪਰ ਕਦੇ ਕਦੇ ਹੋਰ ਵੀ ਜ਼ੋਰ ਨਾਲ ਨਾਲ ਆਉਣ ਲੱਗ ਪੈਂਦੀ। ਫਰਸ਼ ਤੇ ਪੈਰਾਂ ਦੀ ਆਵਾਜ਼ ਕਈਆਂ ਦੀ ਤਾਂ ਆਵਾਜ਼ ਵੀ ਨਹੀਂ ਆਉਂਦੀ, ਬੱਸ ਪੁਤਲੀਆਂ ਵਾਂਗ ਫਿਰਦੇ ਹੀ ਦਿਸਦੇ ਨੇ। ਇਕ ਕਮਰੇ ਤੋਂ ਦੂਜੇ ਤਕ। ਕਈ ਕੁਰਸੀਆਂ ਤੇ ਬੈਠੇ ਉਬਾਸੀਆਂ ਲੈਂਦੇ, ਕਈ ਕੁਰਸੀਆਂ ਨੂੰ ਢੋਹ ਲਾ ਲੈਂਦੇ। ਕਈ ਮੇਜ਼ਾਂ ਉਤੇ ਕੂਹਣੀਆਂ ਭਾਰ ਝੁਕਕੇ, ਪੇਪਰ-ਵੇਟ ਨੂੰ ਐਵੇਂ ਹੀ ਲਾਟੂ ਵਾਂਗ ਘੁਮਾਈ ਜਾ ਰਹੇ ਨੇ।

ਬਿਜਲੀ ਬੰਦ ਹੋ ਗਈ ਤੇ ਪੱਖੇ ਵੀ ਹੌਲੀ ਘੁੰਮਦੇ ਘੁੰਮਦੇ ਖੜ ਗਏ। ਸਾਰੇ ਫਾਈਲਾਂ ਦੀ ਝੱਲ ਮਾਰਨ ਲੱਗ ਪਏ। ਕਈ, ਫਾਈਲਾਂ ਦਾ ਥੋੜਾ ਬਹੁਤਾ ਕੰਮ ਮੁਕਾ ਕੇ, ਇਕ ਦੂਜੇ ਦੇ ਨਾਲ ਨੂੰ ਕੁਰਸੀਆਂ ਖਿਸਕਾ ਕੇ ਸਰਸਰੀ ਗੱਲ੍ਹਾਂ ਤੋਂ ਕਿਤੇ ਦੇ ਕਿਤੇ ਪਹੁੰਚੇ, ਇਕ ਜਣਾ ਦੂਜੇ ਨੂੰ ਦੱਸਦੈ, 'ਓਇ, ਕੱਲ ਸ਼ਰਮੇ ਦਾ ਮੁੰਡਾ ਸਕੂਲ ਤੋਂ ਆਉਂਦਾ ਬੇਹੋਸ਼ ਹੋ ਗਿਆ।' 'ਓ ਕਿਵੇਂ?' ਪੈਰੋਂ ਨਗਾ ਸੀ ਤੇ ਸਿਰ ਤੋਂ ਵੀ।' ਖਾਣ ਨੂੰ ਵੀ ਕੀ ਐ। ਅੱਧਾ ਕਿਲੋ ਦੁਧ ਚੋਂ ਬਾਰ ਬਾਰ ਚ ਹ; ਮੁੰਗੀ ਮਸਰੀ।

'ਸੋਚਦਾ ਕੀ ਐਂ ਚਲ ਛੱਡ ਕੇ ਚੱਲੀਏ।' ਤੂੰ ਤਾਂ ਜ਼ਮੀਨ ਵਾਹ ਲਏਂਗਾ, ਮੈਂ...ਏਂ...?' ਤੂੰ ਸਿਓਆਂ ਦੀ ਰੇੜ੍ਹੀ ਲਾ ਲੀਂ।

'ਹਾਂ ਜਿਥੇ ਮੱਰਜ਼ੀ ਰੇੜੀ ਘੁਮਾਉਂਦੇ ਫਿਰੀਏ— ਖੁੱਲ੍ਹੀ ਹਵਾ—ਜਿਥੇ ਜ਼ਿਆਦਾ ਗਾਹਕ, ਉਥੇ ਈ ਰੋਕ ਲੀ।' 'ਹਾਂ ਹਾਂ ਆਪਾਂ ਵੀ ਪਿੰਡ ਮੌਜ ਉਡਾਵਾਂਗੇ— ਮੱਝਾਂ ਦਾ ਦੁਧ ਘਿਓ, ਲੱਸੀ, ਗੰਨੇ, ਚਬੱਚਿਆਂ 'ਚ ਗੋਤੇ! ਮੱਝਾਂ ਬਲਦਾਂ ਮਗਰ ਧੂੜ ਨਾਲ ਲਿਬੜੀਆਂ ਲੱਤਾਂ— ਖੁੱਲ੍ਹੀ ਧੁੱਪ ਤਾਰੇ ਚੰਦ...।'

'ਕੀ ਕਾਵਾਂ ਰੌਲੀ ਪਾਈ ਐ ਆਪਣੀਆਂ ਆਪਣੀਆਂ ਸੀਟਾਂ ਤੇ ਚਲੋ ਕੇ ਕੰਮ ਕਰੋ।' ਵੱਡੇ ਮੇਜ਼ ਤੋਂ ਗੜਕਵੀਂ ਆਵਾਜ਼ ਨਾਲ ਸਾਰੇ ਚੁਪ ਹੋ ਗਏ ਨੇ। ਬਾਹਰੋਂ ਕਤੂਰੇ ਦੀ ਆਵਾਜ਼ ਹੋਰ ਤਿਖੀ ਹੋ ਗਈ ਹੈ... ਕਈ ਆਪਣੀਆਂ ਘੜੀਆਂ ਵੱਲ ਬਾਰ ਬਾਰ ਦੇਖਣ ਲੱਗ ਪਏ। ਇਕ ਇਕ ਮਿੰਟ ਇਕ ਦਿਨ ਦਿਨ ਜਿਡਾ ਹੋ ਗਿਐ। ਘੜੀਆਂ ਵੀ ਟਿਕ ਕਰੀ ਜਾ ਰਹੀਆਂ ਨੇ। ਕਤੂਰਾ ਉਸੇ ਤਰ੍ਹਾਂ ਵਿਲਕ ਰਿਹੈ।

ਕਈ ਫੇਰ ਫਾਈਲਾਂ ਵਿਚ ਗੁਆਚ ਗਏ। ਫਾਈਲਾਂ ਛੋਟੇ ਮੇਜ਼ਾਂ ਤੋਂ ਵੱਡਿਆਂ ਵੱਲ ਅਤੇ ਵੱਡਿਆਂ ਮੇਜ਼ਾਂ ਤੋਂ

ਛੋਟਿਆਂ ਵੱਲ ਦੇ ਗਧੀਗੇੜ ਵਿਚ ਚਲੀ ਜਾ ਰਹੀਆਂ ਹਨ। ਕਈ ਫਾਈਲਾਂ ਕਾਲੀਆਂ ਕਰਕੇ ਬੜੇ ਖੁਸ਼ ਹੁੰਦੇ ਹਨ। ਕਈ ਫਾਈਲਾਂ ਪੜ੍ਹ ਕੇ ਕੁਰਸੀਆਂ ਵਿਚ ਧੱਸਦੇ ਜਾ ਰਹੇ ਨੇ। ਕਈ ਘੁੱਗੀਆਂ ਮਾਰ ਮਾਰ ਇਕ ਮੇਜ਼ ਤੋਂ ਦੂਜੇ ਤਕ ਆਪਣੇ ਗਲੋਂ ਲਾਹ ਰਹੇ ਐ। ਪਹਿਰੇਦਾਰ ਕਤੂਰੇ ਦੀ ਟਿਆਉਂ-ਟਿਆਉਂ ਸੁਣ ਕੇ ਥੱਕ ਗਿਐ। ਉਹ ਬਾਰ ਬਾਰ ਆਉਂਦੇ ਜਾਂਦੇ ਨੂੰ ਟਾਈਮ ਪੁੱਛਣ ਲੱਗ ਪਿਐ। ਕਤੂਰੇ ਦੀ ਟਿਆਉਂ-ਟਿਆਉਂ ਉਸ ਦੇ ਅੰਦਰ ਧੱਸਦੀ ਜਾ ਰਹੀ ਹੈ। ਉਸ ਨੇ ਅੱਕ ਕੇ ਕੋਲੀਆਂ ਵਿਚੋਂ ਕਤੂਰੇ ਨੂੰ ਰਾਈਫਲ ਦੀ ਬੱਟ ਨਾਲ ਬਾਹਰ ਕੱਢ ਲਿਆ। ਫਿਰ ਆਪਣੇ ਬੂਟ ਦੀ ਠੁਡ ਨਾਲ ਕਤੂਰੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ। ਪਰ ਕਤੂਰਾ ਹੌਲੀ ਹੌਲੀ ਪੂਛ ਹਿਲਾਉਂਦਾ ਹੈ ਅਤੇ ਪਿਆ ਪਿਆ ਹੀ ਜ਼ਿਆਦਾ ਚੀਕਾਂ ਮਾਰਨ ਲੱਗ ਪੈਂਦੇ। ਉਹ ਕਤੂਰੇ ਵੱਲ ਗਹੁ ਨਾਲ ਦੇਖ ਕੇ ਕਹਿੰਦਾ ਹੈ, 'ਸਾਲਾ ਗੋਡਿਆਂ ਤੱਕ ਲੁਕ ਨਾਲ ਲਿਬੜਿਆ ਪਿਐ ਓਇ...।' ਤਿੰਨ ਚਾਰ ਚਪੜਾਸੀ ਇਧਰ ਉਧਰ ਕਾਗਜ਼ ਪੱਤਰ ਲਿਜਾਂਦੇ, ਕਤੂਰੇ ਨੂੰ ਵੇਖ ਕੇ ਰੁਕ ਗਏ।

'ਲੁਕ ਲੱਗੀ ਐ ?'

'ਲਾਹ ਕੇ ਦੇਖੋ ਤਾਂ।' ਇਕ ਜਣਾ ਕਤੂਰੇ ਦੇ ਪੈਰ ਨੂੰ ਹੱਥ ਲਾਉਂਦੈ। ਕਤੂਰਾ ਹੌਲੀ ਹੌਲੀ ਪੂਛ ਹਿਲਾਉਣ ਲੱਗ ਪਿਆ, ਜਿਸ ਨਾਲ ਧਰਤੀ ਸਾਫ ਹੋ ਕੇ ਥੋੜੀ ਥੋੜੀ ਧੂੜ ਉਡ ਰਹੀ ਹੈ। ਫਿਰ ਕਤੂਰਾ ਹੋਰ ਜ਼ੋਰ ਨਾਲ ਚੀਕਾਂ ਮਾਰਨ ਲੱਗ ਪੈਂਦਾ ਹੈ। 'ਆਉਂਦਾ ਸੁਆਦ ਹੁਣ ਲੁਕ 'ਚ ਲਿਬੜਨ ਦਾ...ਰੋਈ ਜਾ ਪਿਆ...।' ਚਪੜਾਸੀਆਂ ਨੇ ਕਤੂਰੇ ਤੋਂ ਇਕ ਪਾਸੇ ਹੋ ਕੇ ਆਪਸ ਵਿਚ ਗੱਲਾਂ ਕਰਨ ਦਾ ਮੌਕਾ ਤਾੜ ਲਿਐ, 'ਅੱਜ ਦੁੱਧ ਜੋਗੇ ਪੈਸੇ ਵੀ ਨਹੀਂ, ਚਾਹ ਤੋਂ ਬਿਨਾਂ ਹੀ ਆਇਆਂ।'

'ਸਾਡਾ ਆਟਾ ਮੁੱਕ ਗਿਐ, ਹੁਣ ਚੌਲ ਈ ਚਲਦੇ ਐ।'

'ਯਾਰ ਥੋੜਾ ਥੋੜਾ ਆਪਾਂ ਵੀ ਹੋਰ ਪੜ੍ਹੀਏ।'

'ਪੜ੍ਹੀਏ ਸੁਆਹ, ਅੰਦਰ ਬਾਹਰ ਕਿੰਨਾ ਕੰਮ ਐ।'

'ਸਾਲੇ ਅਫ਼ਸਰਾਂ ਦੇ ਘਰ ਦੇ ਕੰਮ ਈ ਨੀਂ ਮੁੱਕਦੇ, ਕਦੇ ਮਿੱਟੀ ਦਾ ਤੇਲ ਲੈਣ ਬਜ਼ਾਰ 'ਚ ਟੱਕਰਾਂ ਮਾਰਦੇ ਫਿਰੋ ਕਦੇ ਗੈਸ ਲਿਆਉਣ ਲਈ, ਕਦੇ ਆਟਾ ਸਬਜ਼ੀਆਂ...।'

'ਏਥੇ ਆ ਕੇ ਤਾਂ ਦਸਵੀਂ ਤੋਂ ਬਾਅਦ ਜਿੰਦਾ ਈ ਲਗ ਗਿਐ।'

'ਫੇਰ ਕੇਹੜਾ ਅਫ਼ਸਰ ਬਣ ਚਲੇ ਆਂ...।' ਸਾਹਮਣੇ ਆਉਂਦੇ ਅਫ਼ਸਰ ਨੂੰ ਦੇਖ ਕੇ ਉਹ ਆਪਣੇ ਕੰਮ ਲਈ ਇਧਰ ਖਿੰਡ ਗਏ, ਜਿਵੇਂ ਬਿੱਲੀ ਨੂੰ ਦੇਖ ਕੇ ਚੂਹੇ ਫਟਾ ਫਟ ਭੱਜ ਕੇ ਖੁੱਡਾਂ 'ਚ ਵੜ ਜਾਂਦੇ ਨੇ। ਕਤੂਰੇ ਦੀ ਆਵਾਜ਼ ਉਚੀ ਹੋ ਕੇ ਦੂਰ ਦੂਰ ਤੱਕ ਸੁਣਨ ਲੱਗ ਪਈ।

ਬਿਜਲੀ ਥੋੜਾ ਚਿਰ ਆ ਕੇ ਫੇਰ ਬੰਦ ਹੋ ਗਈ। ਸਾਰੇ ਫਾਈਲਾਂ ਦੀ ਫੇਰ ਝੱਲ ਮਾਰਨ ਲੱਗ ਪਏ। ਕਈ ਫਾਈਲਾਂ ਦੇ ਕੰਮ ਤੋਂ ਵਿਹਲੇ ਹੋ ਕੇ ਜਾਭਾਂ ਦੇ ਭੜ ਕਰਨ ਲੱਗ ਪਏ। ਇਕ ਦੂਜੇ ਤੋਂ ਚਾਹ ਪੀਣ ਦੀ ਕੋਸ਼ਿਸ਼। ਜਾਂ ਫਿਰ ਚਾਹ ਦੀ ਪਰਚੀ।

ਰੋਟੀ ਖਾਣ ਦਾ ਸਮਾਂ ਹੋ ਗਿਐ ਤਾਂ ਕਿਸੇ ਨੇ ਦਰਾਜ਼ 'ਚੋਂ ਡੱਬਾ ਕੱਢ ਕੇ ਉਥੇ ਹੀ ਖਾਣੀ ਸ਼ੁਰੂ ਕਰ ਦਿੱਤੀ। ਕਈ ਘਰਾਂ ਨੂੰ ਨੱਠ ਪਏ ਨੇ। ਅੱਧੇ ਘੰਟੇ ਦੀ ਨੱਠ ਭੱਜ ਵਿਚ ਉਹ ਰੋਟੀ, ਢਿੱਡ 'ਚ ਸੁੱਟ ਕੇ ਤੇ ਇਕ ਦੂਜੇ ਨਾਲ ਗੱਲੀਂ ਗੱਲੀਂ ਹਿੜ ਹਿੜ ਕਰਕੇ ਫੇਰ ਕੁਰਸੀਆਂ ਵਿਚ ਆ ਧਸੇ ਨੇ। ਕਈਆਂ ਨੂੰ ਵੱਡੇ ਮੇਜ਼ ਤੋਂ, ਲੇਟ ਆਉਣ ਬਾਰੇ ਝਿੜਕਾਂ ਪੈ ਰਹੀਆਂ ਸਨ। ਪਰ ਉਹ ਘੇਸਲ ਜਿਹੀ ਵੱਟ ਕੇ ਫੇਰ ਫਾਈਲਾਂ ਫਰੋਲਣ ਲੱਗ ਪਏ ਨੇ। ਪਰ ਥੋੜਾ ਚਿਰ ਬਾਅਦ ਹੀ ਰੋਟੀ ਹਜ਼ਮ ਕਰਨ ਲਈ ਪੰਜ ਚਾਰ ਦੀਆਂ ਟੋਲੀਆਂ ਬਣਾ ਕੇ ਬਹਿ ਗਏ ਨੇ। ਇਕ ਜਣਾ ਦੂਜੇ ਨੂੰ ਪੁੱਛਦੈ, 'ਸੁਣਾ ਫਿਰ ਮਾਸਟਰਨੀ ਦੀ ਚਿੱਠੀ ਚੁੱਠੀ ਆਈ ਐ।'

'ਹਾਂ ਆਈ ਐ, ਪਰ 'ਵੀਰ ਜੀ' ਲਿਖਦੀ ਐ।'

'ਤੂੰ 'ਵੀਰ ਜੀ' ਕਹਾਉਣ ਪਿੱਛੇ ਈ ਲੱਗਿਆ ਰਹਿਣੈ।'

'ਕੋਲ ਆਈ ਤੋਂ, ਹੋਰ ਕੁਝ ਕਿਹਾ ਈ ਨੀਂ ਜਾਂਦਾ।'

'ਅੱਛਾ ?'

'ਮੇਰੇ ਦਿਲ ਦੀਆਂ ਕਰੂੰਬਲਾਂ ਤਾਂ ਦੇਖ... ਹਾਏ...।'

'ਕੀ ਦੇਖਾਂ ਤੂੰ ਹਰ ਇਕ ਦਾ ਈ ਵੀਰ ਐਂ, ਉਸ ਨਰਸ ਦਾ ਵੀ ਤੇ ਹੁਣ ਉਸ ਦਾ ਵੀ ਜਿਸ ਵਾਸਤੇ ਡੱਬਲ-ਬੈੱਡ ਲੈ ਕੇ ਆਂਦੈ...।'

ਉਹ ਹੱਸ ਤਾਂ ਪੈਂਦੈ ਪਰ ਉਸ ਦੀਆਂ ਅੱਖਾਂ ਵਿਚ ਸਿੰਮਿਆ ਪਾਣੀ ਸਾਫ ਦਿੱਸਣ ਲੱਗ ਪਿਆ। ਪਹਿਰੇਦਾਰ ਨੇ ਕਤੂਰੇ ਦੇ ਰੱਤੀ ਵਗਾਹ ਮਾਰੀ। ਕਤੂਰੇ ਦੀਆਂ ਚੀਕਾਂ ਸੁਣ ਕੇ ਸਾਰਿਆਂ ਦੇ ਕੰਨ ਤਾਕੀਆਂ ਬਾਰੀਆਂ ਵੱਲ ਲੱਗ ਗਏ। ਕਈ ਅਖਬਾਰਾਂ ਦੀਆਂ ਸੁਰਖੀਆਂ ਪੜ੍ਹਨ ਲੱਗ ਪਏ। ਉਹ ਦੇਸ਼ ਵਿਦੇਸ਼ ਦੇ ਮਾਮਲਿਆਂ ਦਾ ਹੱਲ ਲੱਭਦੇ ਨੇ। ਕਈ ਇਕ ਦੂਜੇ ਨਾਲ ਫਾਈਲਾਂ ਦੀ ਕਾਰਵਾਈ ਤੋਂ ਸੜਦੇ ਤੇ ਈਰਖਾ ਕਰਦੇ ਨੇ। ਕਈ ਛੁੱਟੀ ਨਾ ਮਿਲਣ ਕਰਕੇ ਅਤੇ ਪੜ੍ਹਣ ਦੀ ਪਰਮਿਸ਼ਨ ਨਾ ਮਿਲਣ ਕਰਕੇ ਅਫ਼ਸਰਾਂ ਨੂੰ ਬੁਰਾ ਭਲਾ ਕਹਿ ਰਹੇ ਨੇ। ਕਈ ਥੋੜੇ ਜਿਹੇ ਕੰਮ ਤੋਂ ਚਿੜ ਗਏ। ਕਈ ਐਵੇਂ ਹੀ ਫਾਈਲ

ਚੁੱਕ ਕੇ ਅਫ਼ਸਰਾਂ ਕੋਲ ਗੱਪਾਂ ਮਾਰ ਆਏ ਨੇ। ਏਸੇ ਚਮਚਾਗਿਰੀ ਵਿਚ ਅਫ਼ਸਰ ਉਹਨਾਂ ਤੋਂ ਕੋਈ ਕੰਮ ਨਹੀਂ ਲੈਂਦੇ। ਜਿਹੜੇ ਅਫ਼ਸਰਾਂ ਕੋਲ ਨਹੀਂ ਜਾਂਦੇ ਉਹ ਸਾਰਾ ਦਿਨ ਫ਼ਾਈਲਾਂ ਵਿਚ ਫਸੇ ਰਹਿੰਦੇ।

ਕਤੂਰੇ ਦੀਆਂ ਚੀਕਾਂ ਕਦੇ ਹੌਲੀ, ਕਦੇ ਤੇਜ਼ ਹੋ ਜਾਂਦੀਆਂ। ਕਈ ਚੁਪ ਚਾਪ ਇਕ ਦੂਜੇ ਦੇ ਮੂੰਹਾਂ ਵੱਲ ਝਾਕੀ ਜਾ ਰਹੇ ਨੇ। ਕਦੀ ਕਦੀ ਬਾਹਰ ਦਰਖਤਾਂ ਤੇ ਉਠ ਬੈਠ ਰਹੇ ਪੰਛੀਆਂ ਵੱਲ ਦੇਖ ਰਹੇ ਹਨ। ਕਦੀ ਨੀਵਾ ਜਿਹਾ ਸਿਰ ਕਰਕੇ, ਫੇਰ ਕੁਰਸੀਆ ਖਿਸਕਾ ਕੇ ਇਕ ਦੂਜੇ ਨਾਲ ਜੋੜ ਲੈਂਦੇ ਨੇ। ਇਕ ਜਣਾ ਦੂਜੇ ਨੂੰ ਕਹਿੰਦਾ ਹੈ, 'ਐਵੇਂ ਈ ਰੋਅਬ ਪਾਈ ਜਾਂਦੇ ਐ...ਕੰਮ ਕਰਕੇ ਈ ਸਾਹ ਲੈਂਦੇ ਆਂ।'

'ਇਥੇ ਕੰਮ ਦੀ ਕਦਰ ਈ ਨੀ।'

'ਹਾਂ ਸੱਚ, ਮੁੰਡੇ ਦਾ ਕੀ ਹਾਲ ਐ ?'

'ਉਹੀ ਐ...।'

'ਫੇਰ ਪੋਲੀਓ ਦਾ ਇਲਾਜ ?'

'.........??'

'ਹਾਂ ਹਾਂ ? ਪੋਲਿਓ ਦਾ ਇਲਾਜ ?'

'...??' ਕਤੂਰੇ ਦੀ ਆਵਾਜ਼ ਹੋਰ ਉੱਚੀ ਹੋ ਗਈ।

'ਜਨਾਬ ਪੋਲੀਓ ਦਾ ਇਲਾਜ ਤਾਂ ਹੈ ਈ ਨੀਂ।'

'ਚੁਪ, ਸਾਹ ਨਾਂ ਲੈ।'

'ਮੇਰਾ ਵੀ ਦਮ ਘੁਟਣ ਲੱਗ ਪਿਐ।'

ਚਪੜਾਸੀ ਨੇ ਉਹਨਾਂ ਦੇ ਮੇਜ਼ਾਂ ਤੇ ਫ਼ਾਈਲਾਂ ਦਾ ਥੱਬਾ ਲਿਆ ਸੁਟਿਆ। ਉਹ ਛੇਤੀ ਛੇਤੀ ਫਰੋਲਦੇ ਘੂਰ ਰਹੇ ਨੇ। ਫ਼ਾਈਲਾਂ ਵਿਚਲੇ ਅੱਖਰ ਵੱਡੇ ਹੋ ਗਏ ਤੇ ਫਿਰ ਧੁੰਦਲੇ ਦਿਸਣ ਲਗ ਪਏ। ਕਈ ਸਿਰ ਫੜ ਕੇ ਬਹਿ ਗਏ ਨੇ ਕਈ ਕੁਝ ਲਿਖਣ ਲਈ ਖਿਝੇ ਖਿਝੇ ਹੋ ਗਏ।

ਕਤੂਰੇ ਦੀ ਹਲਕ ਘਰੋੜਵੀਂ ਟਿਆਊਂ-ਟਿਆਊਂ ਦੀ ਆਵਾਜ਼ ਆਈ ਜਾ ਰਹੀ ਹੈ। ਕਈਆਂ ਨੇ ਉਠਕੇ ਤਾਕੀਆਂ ਵਿਚੀਂ ਫੇਰ ਦੇਖਿਐ। ਪਰ ਆਪਣੀ ਆਪਣੀ ਸੀਟ ਤੇ ਆ ਬੈਠੇ। ਕਾਫ਼ੀ ਚਿਰ ਕਿਸੇ ਨੇ ਕੋਈ ਗੱਲ ਨਹੀਂ ਕੀਤੀ। ਕੰਧਾਂ ਤੇ ਘੜੀਆਂ ਦੀ ਟਿਕ ਟਿਕ ਦੀ ਆਵਾਜ਼। ਹਰ ਕੋਈ ਆਪਣੀ ਆਪਣੀ ਘੜੀ ਵਲ ਵੀ ਦੇਖ ਰਿਹੈ। ਉਹ ਘੜੀਆਂ ਦੀਆਂ ਸੂਈਆਂ ਨੂੰ ਤੇਜ਼—ਹੋਰ ਤੇਜ਼ ਘੁਮਾਉਣਾ ਚਾਹੁੰਦੇ ਨੇ।

ਕੀੜੀਆਂ ਦੇ ਭੌਣ ਵਾਂਗ ਸਾਰੇ ਅੰਦਰੋਂ ਨਿਕਲ ਆਏ ਨੇ। ਕਿਸੇ ਦੀ ਨਿਗ੍ਹਾ ਕਤੂਰੇ ਤੇ ਪੈਂਦੀ ਹੈ ਕਿਸੇ ਦੀ ਨਹੀਂ। ਕਤੂਰੇ ਦੀ ਆਵਾਜ਼ ਹਾਲ ਦੀ ਘੜੀ ਸਾਈਕਲਾਂ, ਸਕੂਟਰਾਂ, ਕਾਰਾਂ ਦੀ ਗੜਗੜਾਹਟ ਵਿਚ ਗੁਆਚ ਗਈ ਹੈ। ਕੁਝ ਕੁ ਨੇ ਰੁਕ ਕੇ ਕਤੂਰੇ ਦੁਆਲੇ ਘੇਰਾ ਪਾ ਲਿਆ, 'ਏਨੂੰ ਏਥੇ ਛੱਡ ਕੌਣ ਗਿਆ ?'

'ਮਰ ਜੂ ਇਹ ਤਾਂ, ਬਸ ਰਾਤ ਨੀਂ ਕੱਟਦਾ।'

'ਪਿਚਲੀ ਲੱਤ 'ਚ ਫਸਿਆ ਹੋਣੈ ?'

'ਛੱਡ ਪਰਾਂ, ਕਿਤੇ ਤਾਂ ਖੋਹ ਖਾਧੀ ਈ ਹੋਊ।'

'ਲੰਡਰ ਜਿਹਾ ਲੱਗਦੈ ?' 'ਹੋਰ ਕਿਤੇ ਪੱਟੇ ਆਲਿਆਂ ਨੇ ਫੱਸਣੈ ?'

'ਓ ਵੀ ਅੰਨ੍ਹੇ ਹੋ ਜਾਂਦੇ ਐ ਜੇ ਕਿਤੇ ਕੁੱਤੀ ਦਿਸ ਪਵੇ।' ਸਾਰੇ ਹੀਂ-ਹੀਂ ਕਰਦੇ ਹੱਸਦੇ ਨੇ। ਇਕ ਦੋ ਜਣੇ ਬੂਟਾਂ ਦੀ ਠੁਡ ਨਾਲ ਕਤੂਰੇ ਨੂੰ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਉਹ ਜਿਆਦਾ ਚੀਕਾਂ ਮਾਰਨ ਲਗ ਪਿਐ ਅਤੇ ਉਸ ਦੀ ਪੂਛ ਹਿਲਣੀ ਘੱਟ ਹੋ ਗਈ।

"ਚਲੋ ਚਲੋ ਆਪਾਂ ਕਵੇਲਾ ਕਿਉਂ ਕਰਦੇ ਆਂ, ਧਿਆ ਰਹਿਣ ਦੇ ਸਾਲੇ ਨੂੰ।'

ਸਾਰੇ ਛੱਡ ਕੇ ਖਿਸਕ ਗਏ। ਪਹਿਰੇਦਾਰ ਨੇ ਮੋਢੇ ਤੋਂ ਰਾਈਫਲ ਲਾਹ ਕੇ ਧਰਤੀ ਉਪਰ ਰੱਖ ਲਈ, ਉਪਰਲੇ ਸਿਰੇ ਨੂੰ ਹੱਥਾਂ ਨਾਲ ਫੜਕੇ, ਨੱਕ ਜਿਹਾ ਸੰਗੋੜ ਕੇ ਕਿਹਾ;

—ਕੁੱਤੀ ਦਿਆ ਪੁਤਰਾ ਅਜੇ ਘੰਟਾ ਕੁ ਹੋਰ ਲੰਘਾ ਲੈ, ਆ ਲੈਣ ਦੇ ਸਵੇਰੇ ਵਾਲੇ ਪਿਓ ਨੂੰ, ਆਪੇ ਚੁਕਦਾ ਫਿਰੂੰ।' o

## ਕਿਰਪਾਲ ਕਜ਼ਾਕ ਦੀ ਕਹਾਣੀ-ਕਲਾ o ਸਾਬਿੰਦਰਜੀਤ ਸਾਗਰ

ਕਿਰਪਾਲ ਕਜ਼ਾਕ ਉਹਨਾਂ ਨਵੇਂ ਲੇਖਕਾਂ ਵਿਚੋਂ ਹੈ ਜਿਸ ਦੀਆਂ ਕਹਾਣੀਆਂ ਦਾ ਆਪਣਾ ਨਿਵੇਕਲਾ ਮੁਹਾਂਦਰਾ ਹੈ। ਉਸਦੀਆਂ ਬਹੁਤੀਆਂ ਕਹਾਣੀਆਂ ਦੀ ਪਿੱਠਭੂਮੀ ਪੰਜਾਬ ਦੀ, ਵਿਸ਼ੇਸ਼ ਤੌਰ ਉਪਰ ਮਾਲਵੇ ਦਾ ਪੇਂਡੂ ਜੀਵਨ ਹੈ। ਉਸਦੇ ਕਹਾਣੀ ਸੰਗ੍ਰਹਿ 'ਸੂਰਜਮੁਖੀ ਪੁਛਦੇ ਨੇ' ਦੀਆਂ ਦੱਸ ਕਹਾਣੀਆਂ ਵਿਚੋਂ 'ਸਿਲਸਿਲੇ' ਨਾਂ ਦੀ ਇਕੋ ਕਹਾਣੀ ਸ਼ਹਿਰੀ ਜੀਵਨ ਬਾਰੇ ਹੈ। 'ਖਲਾਅ ਵਿਚ ਭਟਕਦੀ ਖੁਸ਼ੀ' ਕਹਾਣੀ ਦਾ ਨਾਇਕ ਸ਼ਹਿਰੀ ਹੈ ਪਰ ਉਸਦੇ ਸਹੁਰੇ-ਪਿੰਡ ਆਉਣ ਅਤੇ ਪਿੰਡ ਪ੍ਰਤੀ ਹਿਕਾਰਤ ਦੇ ਭਾਵ ਵਿਚੋਂ ਵੀ ਪਿੰਡ ਦੇ ਜੀਵਨ ਨੂੰ ਹੀ ਉਜਾਗਰ ਕੀਤਾ ਗਿਆ ਹੈ। ਬਾਕੀ ਕਹਾਣੀਆਂ ਦਾ ਸੰਬੰਧ ਪੇਂਡੂ ਜੀਵਨ ਨਾਲ ਹੈ।

ਪਿੰਡ ਦੀਆਂ ਕਹਾਣੀਆਂ ਨੂੰ ਵੀ ਮੋਟੇ ਤੌਰ ਉਪਰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ: ਉਹ ਕਹਾਣੀਆਂ ਜਿੰਨਾਂ ਵਿਚ ਪੇਸ਼ੇਵਰ ਤੇ ਮਜ਼ਦੂਰ ਜਾਤਾਂ ਦੇ ਲੋਕਾਂ ਦਾ ਜੀਵਨ ਚਿਤਰਿਆ ਗਿਆ ਹੈ ਜਿਨ੍ਹਾਂ ਦੀ ਜ਼ਰਾਇਤੀ ਅਰਥਚਾਰੇ ਵਿਚ ਸਭ ਤੋਂ ਮੰਦੀ ਹਾਲਤ ਹੈ। ਦੂਜੇ ਪ੍ਰਕਾਰ ਦੀਆਂ ਕਹਾਣੀਆਂ ਜ਼ਰਾਇਤੀ ਜਮਾਤ ਨਾਲ ਸੰਬੰਧਤ ਹਨ। ਇਸ ਤਰ੍ਹਾਂ ਕਜ਼ਾਕ ਦੀਆਂ ਕਹਾਣੀਆਂ ਦੀ ਵੰਡ ਇਹ ਹੈ:

1. ਪੇਸ਼ੇਵਰ ਤੇ ਜ਼ਰਾਇਤੀ ਮਜ਼ਦੂਰ ਜਾਤਾਂ ਬਾਰੇ
2 ਜ਼ਰਾਇਤੀ ਜਮਾਤ ਬਾਰੇ
3. ਸ਼ਹਿਰੀ ਜੀਵਨ ਬਾਰੇ

ਭਾਵੇਂ ਇਸ ਵੰਡ ਪਿੱਛੇ ਲੇਖਕ ਦਾ ਵਿਅਕਤੀਗਤ ਨਜ਼ਰੀਆ ਵਿਸ਼ੇ ਅਤੇ ਪੇਸ਼ਕਾਰੀ ਹਨ, ਫੇਰ ਵੀ ਇਹ ਵੰਡ ਆਰਜ਼ੀ ਸਮਝਣੀ ਚਾਹੀਦੀ ਹੈ। ਇਹ ਵੰਡ ਕੇਵਲ ਕਜ਼ਾਕ ਦੀ ਕਹਾਣੀ-ਕਲਾ ਨੂੰ ਸਮਝਣ ਦਾ ਸਾਧਨ ਮਾਤਰ ਹੈ। ਇਥੇ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਕਜ਼ਾਕ ਬਹੁਤੀਆਂ ਕਹਾਣੀਆਂ ਵਿਚ ਮਰਦ-ਔਰਤ ਦੇ ਕਾਮ-ਸੰਬੰਧਾਂ ਨੂੰ ਹੀ ਪੇਂਡੂ ਜੀਵਨ (ਤੇ ਸ਼ਹਿਰੀ ਵੀ) ਚਿਤਰਨ ਲਈ ਵਿਸ਼ਾ ਬਣਾਉਂਦਾ ਹੈ। ਕਜ਼ਾਕ ਦੀਆਂ ਕਹਾਣੀਆਂ ਨੂੰ ਸਮਝਣ ਵਿਚ ਇਹ ਅਹਿਮ ਰੋਲ ਅਦਾ ਕਰਦਾ ਹੈ। ਇਸ ਪੇਪਰ ਵਿਚ ਉਸਦੇ ਇਹਨਾਂ ਸੰਬੰਧਾਂ ਨੂੰ ਉਪਰੋਕਤ ਵੰਡਾਂ ਦੇ ਪ੍ਰਪੇਖ ਵਿਚ ਰੱਖ ਕੇ ਲੇਖਕ ਦੇ ਮਾਨਸਿਕ ਜਗਤ ਅਤੇ ਉਸਦੇ ਝੁਕਾਅ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਮਾਨਸਿਕ ਜਗਤ ਨਾਲ ਉਸਦੇ ਵਿਸ਼ੇ ਦਾ ਆਧਾਰ ਤੇ ਲੇਖਕੀ ਝੁਕਾਅ ਨਾਲ ਉਸਦੀ ਸਮਝ ਨੂੰ ਗਤੀਸ਼ੀਲ ਰੂਪ ਵਿਚ ਵੇਖਣਾ ਸੰਭਵ ਹੋ ਸਕੇਗਾ। ਉਸ ਦੀਆਂ ਕਹਾਣੀਆਂ ਨੂੰ ਸਹੀ ਪ੍ਰਪੇਖ ਵਿਚ ਸਮਝਣ ਅਤੇ ਉਸਦੀਆਂ ਕਹਾਣੀ ਸੰਭਾਵਨਾਵਾਂ ਨੂੰ ਉਜਾਗਰ ਕਰਨ ਲਈ ਇਹ ਅਹਿਮ ਹੈ।

ਓਪਰੀ ਨਜ਼ਰੇ ਵੇਖਿਆਂ ਜਾਪਦਾ ਹੈ ਜਿਵੇਂ ਕਜ਼ਾਕ ਨੂੰ ਕਾਮ ਸੰਬੰਧਾਂ ਦੀ ਸਨਕ ਹੈ। ਪਰ ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਕਾਮ ਸੰਬੰਧ ਉਸਦੀਆਂ ਕਹਾਣੀਆਂ ਦੀ ਕੀਤੀ ਵੰਡ ਨੂੰ ਹੋਰ ਦ੍ਰਿੜ੍ਹ ਕਰਦੇ ਹਨ। ਦੂਜੇ ਪਾਸੇ ਇਸ ਵੰਡ ਦੇ ਪਰਸਪਰ ਸੰਬੰਧਾਂ ਦੇ ਪ੍ਰਪੇਖ ਵਿਚ ਵੀ ਇਹ ਸੰਬੰਧ ਕਈ ਅਹਿਮ ਤੱਥ ਉਜਾਗਰ ਕਰਦੇ ਹਨ ਜੋ ਕਹਾਣੀਕਾਰ ਦੇ ਆਪਣ ਵਤੀਰੇ ਨੂੰ ਪ੍ਰਗਟਾਉਂਦੇ ਹਨ। ਦਰਅਸਲ ਕਾਮ ਸੰਬੰਧਾਂ ਦਾ ਉਸ ਦੀਆਂ ਕਹਾਣੀਆਂ ਵਿਚ ਆਉਣਾ ਇਕ ਸਨਕ ਨਹੀਂ ਸਗੋਂ ਇਕ ਆਧਾਰ ਹੈ ਜਿਸ ਨਾਲ ਉਹ ਆਪਣੀ ਕਹਾਣੀ-ਕਲਾ ਨੂੰ ਆਕਾਰ ਦੇਂਦਾ ਹੈ। 'ਕਾਮ-ਸੰਬੰਧਾਂ' ਦੀ ਵਰਤੋਂ ਇਥੇ ਮੈਂ ਬੜੇ ਖੁਲ੍ਹੇ-ਡੁਲ੍ਹੇ ਅਰਥਾਂ ਵਿਚ ਕੀਤੀ ਹੈ। ਇਸ ਤੋਂ ਮੇਰੀ ਮੁਰਾਦ ਔਰਤ-ਮਰਦ ਦੇ ਸੰਭਾਵੀ/ਅਸਲੀ ਕਾਮ ਭਾਵਨਾ ਵਾਲੇ ਰਿਸ਼ਤੇ ਤੋਂ ਹੈ।

ਪਹਿਲੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਕਾਮ ਉਹਨਾਂ ਦੇ ਆਰਥਿਕ ਤੇ ਸਮਾਜਿਕ ਜੀਵਨ ਨੂੰ ਉਜਾਗਰ ਕਰਨ ਲਈ ਸਾਧਨ ਵਜੋਂ ਪ੍ਰਗਟਾਇਆ ਗਿਆ ਹੈ। ਮਿਸਾਲ ਦੇ ਤੌਰ ਤੇ, 'ਕਾਲੀਆਂ ਪੌਣਾਂ' ਦਾ ਨਾਇਕ ਤਰਖਾਣ ਹੈ। ਉਸ ਦੀ ਘਰਵਾਲੀ ਸੱਤਿਆ ਕੁੜੀ ਨੂੰ ਦੇਖਣ ਆਉਣ ਵਾਲਿਆਂ ਦੀ ਸੇਵਾ ਲਈ ਪੈਸੇ ਨਾ ਹੋਣ ਖੁਣੋਂ ਤੰਗ ਹੈ। ਉਹ ਚੱਠਿਆਂ ਕੋਲੋਂ ਇਹ ਸ਼ਰਤ ਤੇ ਪੈਸੇ ਲੈ ਆਉਂਦੀ ਹੈ ਕਿ ਕੁੜੀਆਂ ਚਾਰ ਦਿਨ ਕੰਮ ਕਰ ਜਾਇਆ ਕਰਨਗੀਆਂ। ਨਾਇਕ ਨੂੰ ਪਤਾ ਹੈ ਕਿ 'ਦਿਨ ਚੜ੍ਹਨ ਤੋਂ ਪਹਿਲਾਂ ਹੀ, ਚੱਠਿਆਂ ਦੀ ਉਸ ਹਵੇਲੀ ਵਿਚ ਕਿਤੇ ਮਰ ਮੁੱਕ ਜਾਣਾ ਸੀ—ਜੀਹਦੀਆਂ ਉਚੀਆਂ ਕੰਧਾਂ ਕੋਲੋਂ ਪਿੰਡ ਦੇ ਲੋਕ ਤਾਂ ਕੀ —ਰੱਬ ਵੀ ਤ੍ਰਹਿ ਕੇ ਲੰਘਦਾ ਸੀ' (ਸਫ਼ਾ 62)। 'ਗਿੱਲੇ ਅੱਖਰਾਂ ਦਾ ਪੁਲ' ਦਾ ਨਾਇਕ ਛਿੰਜਾਂ ਵਿਚ ਘੁਲਣ ਵਾਲਾ ਪਹਿਲਵਾਨ ਹੈ। ਉਸ ਦੀ ਪਤਨੀ ਦੀ ਮੌਤ ਨਾਲ ਉਹ ਜ਼ਿੰਦਗੀ ਤੋਂ ਹਾਰ ਜਾਂਦਾ ਹੈ। ਪਰ ਆਪਣੀ ਧੀ ਦੇ ਨੰਗੇ ਜੋਬਨ ਨੂੰ ਵੇਖ ਕੇ ਉਸ ਨੂੰ ਆਪਣੀ ਪਤਨੀ ਦੇ ਜ਼ਿੰਦੇ ਹੋਣ ਦਾ ਭਰਮ ਪੈਂਦਾ ਹੈ ਨਤੀਜੇ ਵਜੋਂ ਉਹ ਜ਼ਿੰਦਗੀ ਜੀਉਣ ਲਈ ਪ੍ਰੇਰਿਆ ਜਾਂਦਾ ਹੈ। 'ਪਾਣੀ ਦੀ ਕੰਧ' ਵਿਚ ਆਰਥਿਕ ਤੇ ਸਮਾਜਿਕ ਯਥਾਰਥ ਤੋਂ ਕਾਮ ਨੂੰ ਅੱਡ ਕਰਨ ਦਾ ਡਰਾਉਣਾ ਰੂਪ ਹੈ।

ਕਾਮ ਸੰਬੰਧੀ ਵਿਸ਼ੇ ਦੀ ਸਥਿਤੀ ਕਿਰਸਾਨੀ ਪਾਤਰਾਂ ਨਾਲ ਸੰਬੰਧਤ ਕਹਾਣੀਆਂ ਵਿਚ ਵੱਖਰੀ ਹੈ। ਇਹਨਾਂ ਵਿਚ ਕਾਮ ਸੰਬੰਧ ਆਰਥਿਕ ਮਸਲਿਆਂ ਤੋਂ ਵੱਖਰੇ ਰੱਖ ਕੇ ਪ੍ਰਗਟਾਏ ਗਏ ਹਨ। ਇਹਨਾਂ ਵਿਚ ਕਾਮ ਦੇ ਸੰਬੰਧ ਵਿਚ ਅਚਾਨਕ ਵਾਪਰਨ ਵਾਲੀਆਂ ਘਟਨਾਵਾਂ ਅਤੇ ਕਾਮ ਨੂੰ ਲੈ ਕੇ ਬਦਲਾ ਲੈਣ ਦੀ ਗੱਲ ਵੇਖੀ ਜਾ ਸਕਦੀ ਹੈ। ਇਹਨਾ ਵਿਚ ਨੈਤਿਕ ਕੀਮਤਾਂ ਤੇ ਪ੍ਰਤੱਖ ਜਾਂ ਪਰੋਖ ਰੂਪ ਵਿਚ ਦਬਾਅ ਵੀ ਹੈ। 'ਕਿਰਨਾਂ ਦੇ ਹਾਸ਼ੀਏ' ਵਿਚ ਨਾਇਕ ਨਿਸ਼ਾਨੇ ਨੂੰ ਗੁਰਨੈਬ ਤੋਂ ਜਦੋਂ ਉਹਦੀ ਮਾਂ ਦੇ ਉਸਦੇ ਮਤਰਏ ਭਰਾ ਨਾਲ ਸ਼ਰੀਰਕ ਸੰਬੰਧ ਹੋਣ ਦਾ ਪਤਾ ਲੱਗਦਾ ਹੈ ਤਾਂ ਉਹ ਪਹਿਲਾਂ ਭਰਾ ਨੂੰ ਮਾਰਨ ਬਾਰੇ ਸੋਚਦਾ ਹੈ ਅਤੇ ਫੇਰ ਇਰਾਦਾ ਬਦਲ ਕੇ ਭਰਾ ਦੀ ਪਤਨੀ ਨਾਲ ਸੰਬੰਧ ਬਨਾਉਣ ਲਈ ਤੁਰ ਪੈਂਦਾ ਹੈ। 'ਧੁੱਪ ਦੀ ਉਮਰ' ਵਿਚ ਵੀਰਾਂ ਚਾਚੀ ਦੇ ਪਤੀ ਦੀ ਮੌਤ ਤੋਂ ਬਾਅਦ ਬੜੇ ਚਿਰ ਤੱਕ ਆਪਣੀਆਂ ਭਾਵਨਾਵਾਂ 'ਤੇ ਕਾਬੂ ਰੱਖਣ ਬਾਅਦ ਮੁੰਡੇ ਤੇ ਨੂੰਹ ਦੇ ਵਿਆਹ ਬਾਅਦ ਸਰੀਰਕ ਸੰਬੰਧ ਨੂੰ ਅਚਾਨਕ ਇਕ ਦਿਨ ਵੇਖ ਕੇ ਉਸ ਦੇ ਮਨ ਦਾ ਹੱਠ ਟੁੱਟ ਜਾਂਦਾ ਹੈ। ਨਤੀਜੇ ਵਜੋਂ ਉਹ ਚੋਰੀ ਚੀਮਿਆਂ ਦੇ ਹੌਲਦਾਰ ਨਾਲ ਸ਼ਰੀਰਕ ਸੰਬੰਧ ਮਾਣਦੀ ਹੈ। ਇਹਨਾਂ ਦੋਨਾਂ ਕਹਾਣੀਆਂ ਨਾਲੋਂ ਜ਼ਰਾ ਵੱਖਰੀ ਹੈ 'ਮਰਨ ਰੁਤੇ'। ਇਸ ਵਿਚ ਨਾਇਕ ਨੇ ਸੂਬੇਦਾਰਾਂ ਦੀ ਵੱਡੀ ਕੁੜੀ ਨਾਲ ਸੰਬੰਧ ਸਥਾਪਿਤ ਕੀਤੇ ਸਨ, ਜਿਸਨੇ ਬਦਨਾਮੀ ਦੇ ਡਰੋਂ ਆਤਮਘਾਤ ਕਰ ਲਿਆ ਸੀ। ਇਸ ਘਟਨਾ ਦਾ ਅਸਰ ਉਸਦੇ ਨਾਲ ਸਫ਼ਰ ਕਰਦਾ ਹੈ। ਉਸ ਨੂੰ ਪੰਜਾਂ ਧੀਆਂ ਉਸੇ ਦੇ ਸਰਾਪ ਦਾ ਨਤੀਜਾ ਜਾਪਦੀਆਂ ਹਨ। ਉਸਨੂੰ ਹਰ ਵੇਲੇ ਜਾਪਦਾ

ਹੈ ਜਿਵੇਂ ਉਸ ਦੀਆਂ ਕੁੜੀਆਂ ਦੇ ਬਦਨਾਮ ਤੀਵੀਆਂ ਵਾਂਗ ਕਿਸੇ ਨਾਲ ਗਲਵਕੜੀ-ਪਾਈ ਹੋਈ ਹੋਵੇ। ਜਿਥੇ ਪਹਿਲੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਲੇਖਕ ਦੀ ਆਪਣੀ ਸਮੂਲੀਅਤ ਨਹੀਂ ਦੇ ਬਰਾਬਰ ਹੈ, ਉਥੇ ਇਹਨਾਂ ਕਹਾਣੀਆਂ ਵਿਚ ਉਸਦੀ ਸ਼ਮੂਲੀਅਤ ਹੈ।

ਸ਼ਹਿਰੀ ਜੀਵਨ ਨਾਲ ਸੰਬੰਧਿਤ ਕਹਾਣੀ 'ਸਿਲਸਿਲਾ' ਵਿਚੋਂ ਸਮਾਜਿਕ ਤੇ ਆਰਥਿਕ ਚੌਗਿਰਦਾ ਹੀ ਗੁੰਮ ਹੈ ਅਤੇ ਕੇਵਲ ਕਾਮ ਸੰਬੰਧ ਨੂੰ ਬੜੇ ਹੀ ਸਪਾਟ ਢੰਗ ਨਾਲ ਪ੍ਰਗਟਾਇਆ ਗਿਆ ਹੈ। ਦੂਜੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਜਿਥੇ ਕਾਮ ਸੰਬੰਧਾਂ ਦੇ ਪ੍ਰਤੀਕਰਮ ਨੂੰ ਦਿਖਾਇਆ ਗਿਆ ਹੈ ਉਥੇ ਇਸ ਵਿਚ ਪ੍ਰਤੀਕਰਮ ਨਹੀਂ ਸਗੋਂ ਕਾਮ ਮਾਤਰ ਲਾਲਸਾ ਬਣ ਕੇ ਉਭਰਦਾ ਹੈ। ਇਸ ਕਹਾਣੀ ਵਿਚ ਨਾਇਕ ਰਵੀ ਆਸ਼ੀ ਨੂੰ ਕਾਮ ਸੰਬੰਧ ਸਥਾਪਿਤ ਕਰਨ ਲਈ ਆਗਿਆ ਮੰਗਦਾ ਹੈ। ਆਸ਼ੀ ਇਸ ਸ਼ਰਤ 'ਤੇ ਰਾਜ਼ੀ ਹੁੰਦੀ ਹੈ ਕਿ ਥਾਂ ਸੁਰੱਖਿਅਤ ਹੋਵੇ। ਪਰ ਰਵੀ ਐਵੇਂ ਹੀ ਇਕ ਥਾਂ ਉਪਰ ਲੈ ਜਾ ਕੇ ਸੰਤਰੀ ਨੂੰ ਪੈਸੇ ਦੇ ਕੇ ਕਾਮ ਸੰਬੰਧਤ ਸਥਾਪਿਤ ਕਰ ਲੈਂਦਾ ਹੈ।

ਜਿਵੇਂ ਕਿ ਅਸੀਂ ਵੇਖਿਆ ਕਿ ਕਾਮ ਇਨ੍ਹਾਂ ਤਿੰਨਾਂ ਪ੍ਰਕਾਰ ਦੀਆਂ ਕਹਾਣੀਆਂ ਵਿਚ ਅੱਡਰੇ ਅੱਡਰੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਪਹਿਲੇ ਪ੍ਰਕਾਰ ਵਿਚ ਸਾਰੇ ਆਰਥਿਕ ਸਮਾਜਿਕ ਜੀਵਨ ਦਾ ਅਨਿੱਖੜਵਾਂ ਅੰਗ ਹੈ। ਉਹ ਚਰਿਤਰ ਨੂੰ ਉਦਾਤ ਭਾਵਨਾ ਬਖਸ਼ਦਾ ਹੈ। ਦੂਜੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਕਾਮ ਆਰਥਿਕ ਸਮੱਸਿਆਵਾਂ ਤੋਂ ਵੱਖਰੀ ਤੇ ਵਿਅਕਤੀਗਤ ਸਮੱਸਿਆ ਹੈ। ਇਹ ਤਿੱਖੇ ਪ੍ਰਤੀਕ੍ਰਿਆ ਨੂੰ ਸਿਰਜਦਾ ਹੈ। ਤੀਜੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਕਾਮ ਕੇਵਲ ਸ਼ਰੀਰਕ ਭੋਗ ਦੀ ਲਾਲਸਾ ਮਾਤਰਾ ਹੈ। ਉਸ ਵਿਚ ਉਸ ਦਾ ਸਮਾਜਿਕ ਆਰਥਿਕ ਜੀਵਨ ਤਾਂ ਕੀ ਉਹਨਾਂ ਦੇ ਵਿਅਕਤੀ ਦੀ ਵੀ ਸਮੱਸਿਆ ਨਹੀਂ ਰਹਿੰਦੀ।

ਪਹਿਲੇ ਪ੍ਰਕਾਰ ਦੀਆਂ ਕਹਾਣੀਆਂ ਵਿਚ ਜੀਵਨ ਦੇ ਵੱਧ ਸਜੀਵ ਤੇ ਵਿਵਧ-ਅਯਾਮੀ ਅਨੁਭਵ ਨੂੰ ਪਕੜਨ ਦੀ ਕੋਸ਼ਿਸ਼ ਹੈ। ਇਹ ਸਮਰੱਥਾ ਦੂਜੀਆਂ ਕਹਾਣੀਆਂ ਵਿਚ ਜ਼ਰਾ ਕੁ ਘੱਟ ਵੇਖੀ ਜਾ ਸਕਦੀ ਹੈ। ਉਸ ਦੀ ਆਪਣੀ ਸ਼ਮੂਲੀਅਤ ਸੁੰਦਰਤਾ ਨੂੰ ਵਿਸ਼ੇਸ਼ਣ ਲਾ ਕੇ ਦੱਸਣ ਤੋਂ ਪਤਾ ਚਲ ਜਾਂਦੀ ਹੈ। ਮਿਸਾਲ ਦੇ ਤੌਰ 'ਤੇ 'ਕਿਰਨਾਂ ਦੇ ਹਾਸ਼ੀਏ' ਵਿਚ 'ਰੂਪ ਚਾਂਗਰਾਂ ਮਾਰਦਾ ਹੈ', 'ਖ਼ਲਾਅ ਵਿਚ ਭਟਕਦੀ ਖੁਸ਼ੀ' ਵਿਚ 'ਸੰਧੂਰਿਆ ਜੋਬਨ' ਹੈ; ਅਤੇ 'ਧੁੱਪ ਦੀ ਉਮਰ' ਵਿਚ ਚਾਚੀ ਵੀਰਾਂ ਦਾ 'ਕੱਚ ਵਰਗਾ ਤਨ' ਹੈ। ਇਹਨਾਂ ਕਹਾਣੀਆਂ ਵਿਚ ਰੋਮਾਂਨੀ ਪਹੁੰਚ ਵੀ ਹੈ ਜਿਸ ਕਰਕੇ ਹਰ ਗੱਲ ਅਚਾਨਕ ਵਾਪਰਦੀ ਹੈ। ਨੈਤਿਕਤਾ ਤੇ ਜ਼ੋਰ ਦੇਣਾ, ਫੇਰ ਉਸ ਦੇ ਵਿਰੋਧ ਨੂੰ ਪ੍ਰਗਟਾਉਣਾ ਵੀ ਇਸੇ ਲੇਖਕੀ ਪਹੁੰਚ ਵੱਲ ਸੰਕੇਤ ਹੈ। ਪਰ ਤੀਜੇ ਪ੍ਰਕਾਰ ਦੀ ਕਹਾਣੀ 'ਸਿਲਸਿਲਾ' ਵਿਚ ਕਾਮ ਵਿਅਕਤੀਗਤ ਮਾਨਸਿਕ ਸਮੱਸਿਆ ਘੱਟ ਅਤੇ ਸਰੀਰ ਦੀ ਲਾਲਸਾ ਬਹੁਤੀ ਹੈ। ਇਸ ਵਿਚ ਲੇਖਕ ਦੀ ਦਿਲਚਸਪੀ ਘੱਟ ਜਾਪਦੀ ਹੈ। ਇਹੀ ਕਾਰਨ ਹੈ ਕਿ ਅਸ਼ਲੀਲਤਾ ਤੇ ਸਤਹੀਪਨ ਇਸ ਵਿਚ ਆਪੇ ਹੀ ਆ ਗਿਆ ਹੈ। ਮਿਸਾਲ ਦੇ ਤੌਰ ਉਤੇ 'ਜਦੋਂ ਪਿਆਰ ਅਤੇ ਹੱਥ-ਘੁੱਟਣੀਆਂ ਨੂੰ ਛੱਡ ਰਵੀ ਕਿਸੇ 'ਓੜਕ ਤੱਕ' ਦੀ ਗੱਲ ਲਈ ਜ਼ਿੱਦ ਕਰ ਰਿਹਾ ਸੀ ਤਾਂ ਨਾਇਕਾ ਆਸ਼ੀ ਨੇ ਕਿਹਾ, 'ਸਿਰਫ਼ ਇਕੋ ਸ਼ਰਤ—ਕਿ ਕੋਈ ਡਾਢੀ ਹੀ ਮਹਿਫ਼ੂਜ਼ ਥਾਂ ਹੋਵੇ—' (ਸਫ਼ਾ 95)।

ਇਹਨਾਂ ਕਹਾਣੀਆਂ ਦੇ ਆਪਸੀ ਰਿਸ਼ਤੇ ਨੂੰ ਵੇਖਣਾ ਵੀ ਜ਼ਰੂਰੀ ਹੈ। ਪਹਿਲੇ ਅਤੇ ਦੂਜੇ ਪ੍ਰਕਾਰ ਦੀਆਂ ਕਹਾਣੀਆਂ ਦੇ ਪਾਤਰਾਂ ਵਿਚ ਵਿਰੋਧ ਹੈ। ਪਹਿਲੀ ਪ੍ਰਕਾਰ ਦੇ ਪਾਤਰਾਂ ਦੀ ਵਿਰੋਧੀ ਭਾਵਨਾ ਦਾ ਆਧਾਰ ਆਰਥਿਕ ਹੈ। ਇਹ ਆਰਥਿਕ ਲੁੱਟ ਬਾਰੇ ਸੰਕੇਤ 'ਸੈਲਾਬ' ਦਾ ਨਾਇਕ ਕਰਦਾ ਹੈ: 'ਪਰ ਹੱਡ-ਤੋੜਵੀਂ ਕਾਰ, ਮੇਰਾ ਅੰਗ ਅੰਗ ਭੰਨ ਦਿੰਦੀ—ਜੱਟ ਅਮਲੀ ਹੋਣ ਦੀ ਉਪਾਧੀ ਨਾਲ ਵਡਿਆਉਂਦੇ ਡੰਗ ਦੇ ਮਾਵੇ ਨਾਲ ਸਾਰੀ ਸਾਰੀ ਦਿਹਾੜੀ ਕੋਹੀ ਜਾਂਦੇ' (ਸਫ਼ਾ 48)। ਇਸੇ ਸੰਬੰਧ ਵਿਚ 'ਕਾਲੀਆਂ ਪੌਣਾਂ' ਦੇ ਬੰਤਾ ਸਿੰਘ ਤਰਖਾਣ ਦੀ ਹਾਲਤ ਵੇਖੀ ਜਾ ਸਕਦੀ ਹੈ। 'ਵਾਹੀਆਂ ਟਰੈਕਟਰਾਂ ਤੇ ਹੋ ਗਈਆਂ ਸਨ ਤੇ ਘਰਾਂ ਦੀ 'ਫਾਲ-ਛਿੰਗ' ਬਦਲੇ ਜੱਟਾਂ ਦੇ ਘਟਦੇ ਦਾਣੇ ਉਤਨੇ ਹੀ ਥੋੜੇ ਹੁੰਦੇ ਚਲੇ ਗਏ ਸਨ ਜਿੰਨੀਆਂ ਲੋੜਾਂ ਮੂੰਹ ਅੱਡਦੀਆਂ ਚਲੀਆਂ ਗਈਆਂ ਸਨ' (ਸਫ਼ਾ 55)। ਉਹ ਇਸ ਵਿਰੋਧੀ ਭਾਵਨਾ ਨੂੰ ਨੈਤਿਕ ਕਦਰਾਂ ਵਿਚ ਵੀ ਪ੍ਰਗਟਾਉਂਦਾ ਹੈ। ਪਰ ਜਦੋਂ ਦੀ ਚੱਠਿਆਂ ਕੇ ਦਲਬੀਰ ਨੇ ਚੋਣੀਆਂ ਕੁੜੀਆਂ ਚੋਂ ਸ਼ਰੀਣ ਪਾਖਰ ਕੀ ਵਿਚਕਾਰਲੀ, ਨਰਮੋਂ 'ਚ ਧੂਹ ਲਈ ਹੈ, ਤਦ ਤੋਂ ਉਹ ਦੋਵੇਂ ਭੈਣਾਂ (ਬੰਤਾ ਸਿੰਘ ਦੀਆਂ ਧੀਆਂ) ਪਿੰਡ ਲਾਗਲੇ ਉਸ ਆਲੂ ਸਟੋਰ ਵਿਚ ਕੰਮ ਕਰਨ ਜਾ ਲਗੀਆਂ...' (ਸਫ਼ਾ 56)। ਇਸ ਵਿਰੋਧ ਦੇ ਪ੍ਰਿਪੇਖ ਵਿਚ ਦੂਜੇ ਪ੍ਰਕਾਰ ਦੀਆਂ ਕਹਾਣੀਆਂ ਦੇ ਪ੍ਰਗਟਾਏ ਕਾਮ ਸੰਬੰਧਾਂ ਨੂੰ ਵੇਖਿਆ ਜਾ ਸਕਦਾ ਹੈ। ਇਹਨਾਂ ਦੇ ਕਾਮ ਨੂੰ ਵਿਅਕਤੀਗਤ ਮਜ਼ਬੂਰੀ ਜੋ ਕਿਸੇ ਵੇਲੇ ਵੀ ਪੈਦਾ ਹੋ ਸਕਦੀ ਹੈ ਦੱਸਣਾ ਇਸੇ ਵਿਰੋਧੀ ਭਾਵਨਾ ਦਾ ਸੰਕੇਤਕ ਪ੍ਰਗਟਾਵਾ ਹੈ। ਇਸੇ ਕਰਕੇ ਜਿਥੇ ਉਹਨਾਂ ਦੀ ਨੈਤਿਕ ਕੀਮਤਾਂ ਤੇ ਜ਼ਿਆਦਾ ਦਬਾਅ ਹੈ ਉਥੇ ਵਿਰੋਧ ਨੂੰ ਜਾਇਜ਼ ਕਰਾਰ ਦੇਣ ਦੀ ਕੋਸ਼ਿਸ਼ ਕਰਨੀ ਵੀ। ਨਤੀਜੇ ਵਜੋਂ ਸੰਬੰਧਾਂ ਦੇ ਹੁੰਦੇ ਹਮਲੇ ਦਾ ਜੁਆਬ ਉਸਦੇ ਅਨੁਰੂਪ ਹੀ

ਦਿਤਾ ਜਾਂਦਾ ਹੈ।

ਤੀਜੀਆਂ ਕਹਾਣੀਆਂ ਦਾ ਜੀਵਨ ਪਹਿਲੇ ਦੋਨਾਂ ਦਾ ਵਿਰੋਧੀ ਹੈ। ਕਜ਼ਾਕ ਸ਼ਹਿਰੀ ਜੀਵਨ ਕਦਰਾਂ ਦਾ ਪਿੰਡ ਦੇ ਮੁਕਾਬਲੇ ਵਿਰੋਧੀ ਜਾਪਦਾ ਹੈ। ਇਸ ਸਿਲਸਿਲੇ ਵਿਚ ਉਸ ਦੀ ਕਹਾਣੀ 'ਖ਼ਲਾਅ ਵਿਚ ਭਟਕਦੀ ਖ਼ੁਸ਼ੀ' ਵੇਖੀ ਜਾ ਸਕਦੀ ਹੈ। ਇਸ ਦਾ ਪਾਤਰ ਸ਼ਹਿਰੀ ਹੈ ਅਤੇ ਮੱਧ-ਵਰਗ ਦਾ ਹੈ। ਉਸ ਦੇ ਸਹੁਰੇ ਪੇਂਡੂ ਹਨ। ਇਸ ਦਾ ਨਾਇਕ ਪਿੰਡ ਵਾਲਿਆਂ ਨੂੰ ਅਨਪੜ੍ਹ ਸਮਝਦਾ ਅਤੇ ਹਕਾਰਤ ਦੀ ਨਿਗਾਹ ਨਾਲ ਤੱਕਦਾ ਹੈ। ਪਰ ਉਸ ਦਾ ਪੜ੍ਹੇ ਲਿਖੇ ਫੇਰੀ ਕਰਨ ਵਾਲੇ ਮਾਸਟਰ ਨਾਲ ਟਕਰਾ ਵੀ ਸ਼ਹਿਰੀ ਕੀਮਤਾਂ ਨੂੰ ਨੰਗਾ ਕਰਦਾ ਹੈ। ਇਸ ਵਿਰੋਧ ਵਿਚ ਸਾਰੇ ਪਿੰਡ ਨੂੰ ਇਕਾਈ ਦੇ ਰੂਪ ਵਿਚ ਲਿਆ ਗਿਆ ਹੈ। ਸ਼ਹਿਰੀ ਜੀਵਨ 'ਤੇ ਲਿਖੀ ਕਹਾਣੀ ਵਿਚ ਕਾਮ ਨੂੰ ਲਾਲਸਾ ਤੇ ਸਤਹੀ ਰੂਪ ਵਿਚ ਚਿਤਰਨਾ ਵੀ ਇਸੇ ਭਾਵਨਾ ਵੱਲ ਸੰਕੇਤ ਹੈ।

ਉਪਰੋਕਤ ਚਰਚਾ ਤੋਂ ਕਜ਼ਾਕ ਦੀਆਂ ਕਹਾਣੀਆਂ ਪਿੱਛੇ ਕਾਰਜਸ਼ੀਲ ਤੱਥਾਂ ਬਾਰੇ ਪਤਾ ਚਲਦਾ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਕਜ਼ਾਕ ਆਪਣੇ ਵਿਅਕਤੀਗਤ ਅਨੁਭਵ ਤੋਂ ਕਹਾਣੀਆਂ ਲਿਖਦਾ ਹੈ। ਇਹੀ ਕਾਰਨ ਹੈ ਕਿ ਪਹਿਲੇ ਪ੍ਰਕਾਰ ਦੀਆਂ ਕਹਾਣੀਆਂ ਬਾਕੀਆਂ ਦੀ ਤੁਲਨਾ ਵਿਚ ਵਧ ਸਫਲ ਹਨ। ਸ਼ਹਿਰ ਬਾਰੇ ਕਹਾਣੀ ਦੀ ਅਸਫਲਤਾ ਵੀ ਇਸੇ ਪਾਸੇ ਸੰਕੇਤ ਕਰਦੀ ਹੈ। ਇਹ ਅਸਫਲਤਾ ਇਸ ਤੱਥ ਵਲ ਵੀ ਸੰਕੇਤ ਕਰਦੀ ਹੈ ਕਿ ਉਸ ਦਾ ਵਿਅਕਤੀਗਤ ਅਨੁਭਵ ਬਹੁਤਾ ਪ੍ਰਤੱਖੀਕਰਨ ਉਤੇ ਆਧਾਰਿਤ ਹੈ। ਪਰ ਨਾਲ ਹੀ ਉਸ ਦੇ ਵਿਅਕਤੀਗਤ ਅਨੁਭਵ ਵਿਚਲੀ ਵਰਗ ਚੇਤਨਾ ਅਚੇਤਨ ਤੇ ਅਪ੍ਰਤੱਖ ਰੂਪ ਵਿਚ ਕਲਾਤਮਕ ਮਾਧਿਅਮਾਂ ਰਾਹੀਂ ਉਜਾਗਰ ਹੁੰਦੀ ਹੈ। ਵਰਗ ਚੇਤਨਾ ਕਰਕੇ ਹੀ ਉਹ ਪ੍ਰਤੀਖਣ ਦੀਆਂ ਸੀਮਾਵਾਂ ਤੋੜਨ ਵਿਚ ਸਫਲ ਰਹਿੰਦਾ ਹੈ। ਇਸੇ ਲਈ ਉਹ ਪਿੰਡ ਦੇ ਇਸ ਵਰਗ ਨੂੰ ਬਦਲਦੇ ਪ੍ਰੀਪੇਖ ਵਿਚ ਪਕੜਨ ਵਿਚ ਸਫਲ ਹੁੰਦਾ ਹੈ। ਪਿੰਡ ਦੀ ਬਦਲਦੀ ਹੋਈ ਜ਼ਰਾਇਤੀ ਆਰਥਿਕਤਾ ਤੇ ਉਸ ਵਿਚ ਸੇਪ ਦੀ ਸੰਸਥਾ ਦੇ ਤਿੜਕਨ ਵਲ ਉਹ ਸੰਕੇਤ ਕਰਦਾ ਹੈ : 'ਵਾਹੀਆਂ ਟਰੈਕਟਰਾਂ ਤੇ ਹੋ ਗਈਆਂ ਸਨ। ਤੇ ਘਰਾਂ ਦੀ 'ਫਾਲ-ਛਿੰਗ' ਬਦਲੇ ਜੱਟਾਂ ਦੇ ਘਟਦੇ ਦਾਣੇ ਉਤਨੇ ਹੀ ਥੋੜੇ ਹੁੰਦੇ ਚਲੇ ਗਏ ਸਨ, ਜਿੰਨੀਆਂ ਲੋੜਾਂ ਮੂੰਹ ਅੱਡਦੀਆਂ ਚਲੀਆਂ ਗਈਆਂ ਸਨ' (ਸਫ਼ਾ 5)। ਇਸ ਵਰਗ ਦੇ ਲੋਕਾਂ ਦੀ ਆਰਥਿਕ ਤੇ ਸਭਿਆਚਾਰਕ ਸਥਿਤੀ ਵੱਲ ਸੰਕੇਤ ਕੀਤਾ ਗਿਆ ਹੈ : 'ਪਰ ਪਤਾ ਨਹੀਂ ਮੈਂ ਕਿਹੜੀ ਨਾ-ਮੁਰਾਦ ਮਿੱਟੀ ਦਾ ਬਣਿਆਂ ਹਾਂ ਕਿ ਪੋਟਾ ਪੋਟਾ ਸੁਆਹ ਹੋ ਜਾਣ ਤੱਕ ਵੀ ਮੈਥੋਂ ਕੁਝ ਨਹੀਂ ਸਰਿਆ' (ਸਫ਼ਾ 47)।

ਕਹਾਣੀਕਾਰ ਵਿਸ਼ੇਸ਼ ਕਰ ਪਹਿਲੀਆਂ ਕਹਾਣੀਆਂ ਦੇ ਜੀਵਨ ਨੂੰ ਇਤਿਹਾਸ ਦੇ ਬਦਲੇ ਹੋਏ ਪ੍ਰੀਪੇਖ ਵਿਚ ਰੱਖ ਕੇ ਵੇਖਦਾ ਹੈ। ਪਿੰਡ ਦੀ ਆਰਥਿਕਤਾ ਬਦਲ ਗਈ ਹੈ। ਇਥੋਂ ਨਿਕਲ ਕੇ ਇਕ ਨਵੇਂ ਅਰਥਚਾਰੇ ਨਾਲ ਜੁੜਿਆ ਤਾਂ ਜਾ ਸਕਦਾ ਹੈ, ਪਰ ਉਸ ਦੀ ਲੁੱਟ ਘੱਟ ਨਹੀਂ ਸਗੋਂ ਵੱਧ ਹੀ ਹੈ। 'ਪਰ ਜਦੋਂ ਦੀ ਚੱਠਿਆਂ ਦੇ ਦਲਬੀਰ ਨੇ ਛੇਣੀਆਂ ਕੁੜੀਆਂ 'ਚੋਂ ਸ਼ਰੀਣ ਪਾਖਰ ਕੇ ਵਿਚਕਾਰਲੀ ਨਰਮੋ 'ਚ ਧੂਹ ਲਈ ਹੈ। ਤਦ ਤੋਂ ਉਹ ਦੋਵੇਂ ਭੈਣਾਂ ਪਿੰਡ ਲਾਗਲੇ ਉਸ ਆਲੂ ਸਟੋਰ ਵਿਚ ਕੰਮ ਕਰਨ ਜਾ ਲਗੀਆਂ ਹਨ, ਜੀਹਦੇ ਮੁਨਸ਼ੀ ਦੀ— ਲੋਕਾਂ ਦੇ ਕਹਿਣ ਵਾਂਗ—ਸਿਰਫ਼ ਅੱਖ ਹੀ ਪੱਥਰ ਦੀ ਨਹੀਂ, ਦਿਲ ਵੀ ਪੱਥਰ ਦਾ ਸੀ। ਇਕ ਨਜ਼ਰ ਵੇਖਣ ਨੂੰ ਉਸ ਆਲੂ ਸਟੋਰ ਦੀਆਂ ਸਿਰਫ਼ ਬਾਹਰਲੀਆਂ ਹੀ ਕੰਧਾਂ ਉਚੀਆਂ ਦਿਸਦੀਆਂ ਸਨ। ਪਰ ਕੰਧਾਂ ਤੋਂ ਵੀ ਉਚੀਆਂ ਕਿਤੇ ਉਹ ਬੋਰੀਆਂ ਦੀਆਂ ਧਾਕਾਂ ਸਨ। ਜੀਹਨਾਂ ਦੇ ਪੈਰਾਂ ਵਿਚ ਆਲੂਆਂ ਦੀ ਥਾਵੇਂ, ਪਹਿਲਾਂ ਕਿਸੇ ਦੀ ਆਬਰੂ ਤਰੱਕਦੀ ਸੀ ਤੇ ਕਿਸੇ ਗੁਸਤਾਖ ਹਵਾ ਦੇ ਬੁੱਲੇ ਸੰਗ, ਕਦੇ ਪਿੰਡ ਤੋਂ ਦੀ ਲੰਘ ਜਾਂਦੀ, ਜਾਂ ਕਦੇ ਪਿੰਡ ਦੀ ਸੱਥ ਵਿਚ ਜਾ ਬੈਠਦੀ...' (ਸਫ਼ਾ 56)। ਇਥੇ ਇਹ ਗੱਲ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿ ਕਜ਼ਾਕ ਇਸ ਬਦਲੀ ਹੋਈ ਸਥਿਤੀ ਨੂੰ ਔਰਤ ਦੀ ਸਰੀਰਕ ਲੁੱਟ ਦੇ ਰੂਪ ਵਿਚ ਹੀ ਵੇਖਦਾ ਹੈ, ਜਿਸ ਦਾ ਇਕ ਗੁੱਝਾ-ਅਰਥ ਇਹ ਵੀ ਹੈ ਕਿ ਉਹ ਸਮਾਜਿਕ ਯਥਾਰਥ ਨੂੰ ਉਸ ਦੇ ਸਹੀ ਠੋਸ ਰੂਪ ਵਿਚ ਨਹੀਂ ਪ੍ਰਗਟਾਉਂਦਾ। ਇਸੇ ਝੁਕਾਅ ਕਰਕੇ ਉਸ ਦੀ ਸ਼ੈਲੀ ਵਿਚ ਕਾਵਿ ਤੱਤ ਆ ਗਏ ਹਨ।

ਕਜ਼ਾਕ ਦੀ ਕਹਾਣੀ-ਕਲਾ ਨੂੰ ਸਿਮਝਣ ਲਈ ਉਸ ਦੇ ਸਮਾਜਿਕ ਯਥਾਰਥ ਪ੍ਰਤੀ ਰਵੱਈਏ ਨੂੰ ਦੇਖਣਾ ਜ਼ਰੂਰੀ ਹੈ। ਹੇਠਲੇ ਵਰਗ ਦੇ ਲੋਕ ਆਰਥਿਕ ਲੁੱਟ ਦਾ ਸ਼ਿਕਾਰ ਹਨ। ਉਹ ਇਸ ਲੁੱਟ ਨੂੰ ਚੁੱਪ ਚਾਪ ਸਹੀ ਜਾਂਦੇ ਹਨ। ਉਹ ਸੰਗਠਿਤ ਹੋਣ ਨੂੰ ਤਿਆਰ ਨਹੀਂ। 'ਦਾਇਰੇ' ਦਾ ਨਾਇਕ ਜੀਰੀਆਂ ਨੂੰ ਜ਼ੈਲਦਾਰ ਦੇ ਖ਼ਿਲਾਫ਼ ਉਭਾਰਨ ਦੀ ਕੋਸ਼ਿਸ਼ ਕਰਦਾ ਹੈ : 'ਉਏ ਸਾਲਿਉ ਕੇਦੀ-ਓ ਤੁਸੀਂ ?...ਸਾਲਿਉ ਇਕ ਮੁੱਠ ਹੋ ਜਾਉ ਤਾਂ.. ਜੇ ਹਾਲੇ ਵੀ ਨੀਂ ਸਿਰ ਚੁੱਕਣਾ ਫੇ' (ਸਫ਼ਾ 78-79)। ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਇਹ ਆਰਥਿਕ ਲੁੱਟ ਨੂੰ ਵਧੇਰੇ ਚੰਗੀ ਤਰ੍ਹਾਂ ਪੇਸ਼ੇਵਰ ਜਾਤਾਂ ਦੇ ਲੋਕ ਸਮਝਦੇ ਹਨ। ਉਪਰੋਕਤ ਕਹਾਣੀ ਵਿਚ ਹੀ ਸੀਰੀ ਮੱਲ ਨੂੰ ਇਸੇ ਲਈ ਕਹਿੰਦੇ ਹਨ : 'ਭਾਈ ਤੈਨੂੰ ਤਾਂ ਸੁੱਖੇ ਤਰਖਾਣ ਦੀ ਚੱਕ ਐ...'

(ਸਫ਼ਾ 79)। ਉਸ ਦੇ ਪਾਤਰ ਜਿਵੇਂ ਆਪਣੇ ਆਪ ਤੋਂ ਅਜਨਬੀ ਹੋ ਗਏ ਹਨ। ਉਹਨਾਂ ਦਾ ਵਜੂਦ ਮੁਕ ਗਿਆ ਹੈ। 'ਕਾਲੀਆਂ ਪੌਣਾਂ' ਦਾ ਨਾਇਕ ਸੋਚਦਾ ਹੈ: 'ਉਸਦਾ ਦਿਲ ਕਰਦਾ; ਉਹ ਕਿਸੇ ਅਜਿਹੇ ਤਮਾਸ਼ਬੀਨ ਦੇ ਮੂੰਹ ਉਤੇ ਤੱਤਾ ਵਾਲਾ ਵੰਗਾਹ ਮਾਰੇ...ਜਾਂ ਵਦਾਣ ਨਾਲ ਸਿਰ ਖੱਖੜੀ ਕਰ ਦੇਵੇ...। ਪਰ ਅਗਲੇ ਹੀ ਕਿਸੇ ਬਿੰਦ ਉਹ ਬੜਾ ਤਲਖ ਅਹਿਸਾਸ ਹੋਣ ਲਗਦਾ ਜਿਵੇਂ ਉਹਦੇ ਹਥ ਤਾਂ ਬਹੁਤ ਛੋਟੇ ਸਨ...' (ਸਫ਼ਾ 59)। 'ਦਾਇਰੇ' ਦਾ ਨਾਇਕ ਮਹਿਸੂਸ ਕਰਦਾ ਹੈ ਕਿ 'ਜਿਵੇਂ ਉਹਦੇ ਅੰਦਰਲਾ ਘੁੱਦਾ ਤਾਂ ਹਾਲੀ ਵੀ ਉਸੇ ਤਰ੍ਹਾਂ ਪਿੰਡ ਦੀਆਂ ਰੂੜੀਆਂ ਥੱਲੇ ਦੱਬਿਆ ਪਿਆ ਸੀ। ਤੇ ਉਸ ਫਰਾਹਟੇ ਵਾਲੀ ਰਾਤ ਦੀ ਸਾਰੀ ਨੀਂਦਰ ਹਾਲੀ ਵੀ ਉੱਝ ਦੀ ਉੱਝ ਉਹਦੀਆਂ ਅੱਖਾਂ ਵਿਚ ਰੜਕ ਰਹੀ ਸੀ' (ਸਫ਼ਾ 84)। ਇਸ ਵਿਚ ਜਿਥੇ ਇਕ ਪਾਸੇ ਵਿਵਸਤਾ ਹੈ ਉਥੇ ਚਿਣਗ ਵੀ ਕਿਤੇ ਧੁਰ ਅੰਦਰ ਸੁਲਗ ਰਹੀ ਹੈ। 'ਸੰਲਾਬ' ਕਹਾਣੀ ਨੂੰ ਇਸ ਸਿਲਸਿਲੇ ਵਿਚ ਵੇਖਣਾ ਚਾਹੀਦਾ ਹੈ। ਇਸ ਵਿਚ ਲੁੱਟ ਦਾ ਸ਼ਿਕਾਰ ਸੀਰੀ ਅਮਲੀ ਬਣ ਜਾਂਦਾ ਹੈ। ਪਰ ਬਦਲੇ ਹੋਏ ਹਾਲਾਤ ਵਿਚ ਇਹ ਸਰਪੰਚ ਨੂੰ ਵੋਟ ਪਾ ਕੇ ਉਸ ਦੇ ਨਾਲ ਜੁੜ ਕੇ ਸਮਾਜਿਕ ਰੂਪ ਵਿਚ ਉਪਰ ਉਠਦਾ ਹੈ। ਉਸਨੂੰ ਮਰੇ ਡੰਗਰਾਂ ਦੀ ਖੱਲ ਲਾਹੁਣ ਦਾ ਕੰਮ ਮਿਲਦਾ ਹੈ। ਅਮਲੀ ਹੋਣ ਦੇ ਬਾਵਜੂਦ ਵੀ ਉਸਦੀ 'ਪਦਵੀ' ਆਪਣੀ ਬਰਾਦਰੀ ਵਿਚ ਉਚੀ ਹੋ ਜਾਂਦੀ ਹੈ। ਪਰ ਫੇਰ ਵੀ ਉਸ ਦਾ ਇਸ ਤਰੱਕੀ ਪ੍ਰਤੀ ਰਵੱਈਆ ਉਤਸ਼ਾਹ-ਜਨਕ ਨਹੀਂ ਹੈ।'

ਉਹ ਸੋਚਦਾ ਹੈ : 'ਮੇਰਾ ਤਾਂ ਇਕ ਇਕ ਬੋਲ ਜਿਵੇਂ ਸੰਘ ਵਿਚ ਹੀ ਮਰ ਮੁਕ ਗਿਆ ਹੈ। ਅਤੇ ਮੈਂ ਇਸ ਮੋਏ ਮੁੱਕੇ ਵਜੂਦ ਸਣੇ—ਕਿਸੇ ਉਸ ਭਿਆਨਕ ਦਲਦਲ ਵਿਚ ਗਰਕ ਰਿਹਾ ਹਾਂ। ਜਿਥੇ ਆਪਣੀ ਹੀ ਲੋਥ—ਆਪਣੇ ਹੀ ਮੋਢਿਆਂ ਤੇ ਚੁੱਕੀ ਲੋਕ, ਟਾਹ ਟਾਹ ਹੱਸਦੇ ਹਨ'। (ਸਫ਼ਾ 52) । ਸਪਸ਼ਟ ਹੈ ਕਿ ਉਸ ਦਾ ਮੁੱਖ ਝੁਕਾਅ ਪਹਿਲੇ ਵਰਗ ਦੇ ਸਮਾਜਿਕ ਯਥਾਰਥ ਨਾਲ ਹੈ। ਇਹੀ ਕਾਰਨ ਹੈ ਕਿ ਉਸਨੇ ਆਪਣੀ ਕਿਤਾਬ ਦਾ ਨਾਂ 'ਸੂਰਜਮੁਖੀ ਪੁੱਛਦੇ ਨੇ' ਰੱਖਿਆ ਹੈ। 'ਸੂਰਜਮੁਖੀ' ਤੋਂ ਉਸ ਦੀ ਮੁਰਾਦ ਉਹਨਾਂ ਲੋਕਾਂ ਵਲ ਹੈ ਜੋ ਆਰਥਿਕ ਤੌਰ ਤੇ ਕਿਸੇ ਦੇ ਮੂੰਹ ਵਲ ਵੇਖਦੇ ਰਹਿੰਦੇ ਨੇ। ਪਰ ਉਹ ਇਸ ਨੂੰ ਵਿਅਕਤੀਗਤ ਅਨੁਭਵ ਅਤੇ ਵਰਗ ਅਨੁਭਵ ਦੇ ਵਿਰੋਧੀ ਰਿਸ਼ਤੇ ਵਿਚੋਂ ਸਮਝਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਵਿਚ ਵਿਅਕਤੀਗਤ ਝੁਕਾਅ ਦਾ ਵੱਧ ਦਖਲ ਹੈ। ਜਿਥੇ ਉਹ ਵੱਧ ਚੰਗੀ ਤਰ੍ਹਾਂ ਉਹ ਜੀਵਨ ਦੇ ਸੰਸਥਾਈ ਸਰੂਪ ਨੂੰ ਸਮਝਣ ਵਿਚ ਸਫਲ ਹੋਇਆ ਹੈ, ਉਥੇ ਉਸਦਾ ਵਿਅਕਤੀਗਤ ਝੁਕਾਅ ਉਸ ਦੀ ਸੀਮਾ ਦੀ ਦਿਸ਼ਾ ਵੀ ਨਿਰਧਾਰਿਤ ਕਰਦਾ ਹੈ। ਇਸ ਸਥਿਤੀ ਨਾਲੋਂ ਉਲਟ ਸਥਿਤੀ ਦੂਜੇ ਤੇ ਤੀਜੇ ਵਰਗ ਦੇ ਲੋਕਾਂ ਦੇ ਜੀਵਨ ਦੀ ਹੈ। ਇਹ ਜੀਵਨ ਨੂੰ ਅਸਾਵਾਂ ਸਮਝਣ ਦੇ ਪ੍ਰਗਟਾਉਣ ਦਾ ਤੱਥ ਜਿੱਥੇ ਉਸ ਦੀ ਵਿਅੱਕਤੀਗਤ ਪੂਰਬ ਧਾਰਨਾ ਅਤੇ ਵਰਗ ਚੇਤਨਾ ਦਾ ਨਤੀਜਾ ਹੈ, ਉਥੇ ਇਹ ਇਸ ਗੱਲ ਵੱਲ ਵੀ ਸੰਕੇਤ ਕਰਦਾ ਹੈ ਕਿ ਉਸ ਨੂੰ ਵਿਚਾਰਧਾਰਕ ਸੂਝ ਨਹੀਂ। ਇਹੀ ਕਾਰਨ ਹੈ ਕਿ ਦੂਰ ਚਲਾ ਗਿਆ ਜੀਵਣ ਵੀ ਜਿਵੇਂ ਉਸ ਦੇ ਮਨ ਨੂੰ ਟੁੰਬਦਾ ਹੈ। ਕਹਾਣੀਆਂ ਦਾ ਚੁਗਿਰਦੇ ਦੇ ਵਰਨਣ ਵਿਚ ਬਹੁਤ ਸਾਰੇ ਫਿਕਰੇ ਇਸ ਤੱਥ ਨੂੰ ਉਜਾਗਰ ਕਰਦੇ ਹਨ, ਜਿਵੇਂ: 'ਦੂਰ ਕਿਧਰੇ ਜਗਰਾਤੇ ਦੀਆਂ ਡੁੱਬੀਆਂ ਜਹੀਆਂ ਭੇਟਾਂ' (ਸਫ਼ਾ 83)...'ਲਾਗਲੇ ਪਿੰਡ ਦੇ ਸਪੀ-ਕਰ ਤੋਂ ਟੁਟਲਾ ਜਿਹਾ ਪਾਠ' (ਸਫ਼ਾ 32) ..'ਦੂਰ... ਕਿਧਰੇ 'ਟੰਗਣੇ' ਤੋਂ ਕੁੱਕੜ ਦੀ ਟੁੱਟਵੀਂ ਜਹੀ ਬਾਂਗ...' (ਸਫ਼ਾ 46) ਆਦਿ। ○

## 'ਏਕਣੇ ਐ' ਦਾ ਕਹਾਣੀਕਾਰ—ਮੁਖਤਿਆਰ ਸਿੰਘ ○ ਸ਼ਹਰਯਾਰ

> ਪਹਿਲਾ ਨਾਵਲ ਲਿਖਣ ਤੋਂ ਮਗਰੋਂ ਮੈਂ ਫੈਸਲਾ ਕੀਤਾ ਕਿ ਪਿੰਡ ਅਤੇ ਆਪਣੇ ਬਚਪਣ ਬਾਰੇ ਲਿਖਣਾ ਮੇਰੇ ਦੇਸ਼ ਦੀ ਰਾਜਨੀਤਕ ਹਕੀਕਤ ਦਾ ਸਾਹਮਣਾ ਕਰਨ ਤੇ ਉਸ ਬਾਰੇ ਲਿਖਣ ਤੋਂ ਭੱਜਣਾ ਹੈ। ਇਸ ਸਮੇਂ ਰਾਜਨੀਤੀ ਅਤੇ ਸਾਹਿਤ ਸੰਬੰਧਾਂ ਬਾਰੇ ਬਹਿਸ ਜ਼ੋਰ ਸ਼ੋਰ ਨਾਲ ਚੱਲ ਰਹੀ ਸੀ...ਲੇਕਿਨ ਜਦੋਂ ਮੈਂ 'ਦ ਈਵਲ ਆਵਰ' ਲਿਖ ਚੁੱਕਿਆ ਤਾਂ ਮੇਰੀ ਸਮਝ ਵਿਚ ਆਇਆ ਕਿ ਮੈਂ ਜੋ ਕੁਝ ਸੋਚ ਰਿਹਾ ਸੀ ਉਹ ਸਾਰਾ ਫਿਰ ਗਲਤ ਨਿਕਲਿਆ।...ਮੈਂ ਦੇਖਿਆ ਤੇ ਮਹਿਸੂਸ ਕੀਤਾ ਕਿ ਬਚਪਨ ਬਾਰੇ ਮੈਂ ਜੋ ਲਿਖਿਆ ਸੀ ਉਹ ਜ਼ਿਆਦਾ ਰਾਜਨੀਤਕ ਸੀ ਅਤੇ ਉਸਦਾ ਮੇਰੇ ਦੇਸ਼ ਦੀ ਹਕੀਕਤ ਨਾਲ ਕਿਤੇ ਜ਼ਿਆਦਾ ਸੀ।
>
> —ਗੈਬਰੀਅਲ ਗਾਰੋਸ਼ ਮਾਰਖੇਜ਼

'ਮੁਖਤਿਆਰ ਸਿਆਂ ਐਥੇ ਕੁ ਕਹਾਣੀ ਬਣੀ ਜੀ ਨ੍ਹੀਂ' ਕਿਸੇ ਕਹਾਣੀ ਦੀ ਪੜ੍ਹਤ ਸਮੇਂ ਉਸਨੂੰ ਰਾਇ ਦਿੱਤੀ ਜਾਣੀ। 'ਉਹ, ਨਹੀਂ', ਏਕਣੇ ਐ' ਉਹ ਨੇ ਘਟਨਾ ਨੂੰ 'ਸ਼ੁਧ' ਰੂਪ ਖਿਚ ਚਿਤਰੇ ਜਾਣ ਦਾ ਦਾਅਵਾ ਕਰਨਾ। ਬੱਸ ਇਹੋ ਹੈ ਉਸਦੀਆਂ ਕਹਾਣੀਆਂ ਦਾ ਧੁਰਾ। ਉਸਨੇ ਕਹਾਣੀਆਂ ਦੇਖੀਆਂ ਪਹਿਲਾਂ ਹੁੰਦੀਆਂ ਨੇ ਲਿਖੀਆਂ ਬਾਅਦ ਵਿਚ ਅਤੇ ਇਸ ਦੇਖਣ ਤੇ ਲਿਖਣ' ਵਾਲਾਂ ਲੇਖਕ ਤੱਥ ਅਤੇ ਵੱਥ ਪ੍ਰਤੀਕ ਪੂਰੀ ਤਰ੍ਹਾਂ

ਸੁਹਿਰਦ ਰਹਿਣ ਦੇ ਅਹੁਰ ਵਿਚ ਰਹਿੰਦਾ ਹੈ। ਜੇ ਗੱਲ ਉਮਦੀ ਕਹਾਣੀ ਬਾਰੇ ਹੋਣ ਲੱਗੀ ਹੈ ਤਾਂ ਵਾਕਈ ਗੱਲ ਤਾਂ ਉਸ ਵਿੱਚ ਹੈ ਅਤੇ ਜੇ ਇਸ ਗੱਲ ਦੀ 'ਪ੍ਰਕ੍ਰਿਆ' ਵੱਲ ਵੇਖਦਾ ਹੈ ਤਾਂ ਇਹ 'ਸੋਚ ਤੋਂ ਵੱਥ ਘੜ੍ਹਨ ਵਾਲੀ ਪ੍ਰਕ੍ਰਿਆ' ਨਾ ਸਮਝ ਕੇ ਹੀ ਉਸਦੀ ਕਹਾਣੀ-ਕਲਾ ਦੇ ਮਰਮ ਨੂੰ ਪਛਾਣਿਆ ਜਾ ਸਕੇਗਾ। ਉਸ ਨੇ ਇਕ ਵਿਸ਼ੇਸ਼ ਗਲਪ ਬੋਧ ਬਣਾਇਆ ਨਹੀਂ, ਜਿਸ ਨੂੰ ਲੋੜ ਪੈਣ ਤੇ ਕਹਾਣੀ ਲਿਖਣ ਲਈ ਵੀ ਵਰਤਿਆ ਜਾ ਸਕਦਾ ਹੈ ਕੁਝ ਵਾਸਤਵਿਕ ਤੱਥ ਹੀ ਉਸ ਦੇ ਕਹਾਣੀ ਲਈ ਲੋੜੀਂਦੇ ਗਲਪ ਬੋਧ ਦੀ ਅਧਾਰਸ਼ਿਲਾ ਬਣਦੇ ਹਨ।

ਅਸੀਂ ਯੂਨੀਵਰਸਟੀ ਗੇਟ ਤੋਂ ਹਾਲ ਗੇਟ ਤੱਕ ਖੁਲ੍ਹੀਆ ਅੱਖਾਂ ਨਾਲ ਸਫਰ ਕਰਦੇ ਹਾਂ, ਪਰ ਜੇ ਹਾਲ ਗੇਟ ਪਹੁੰਚ ਕੇ ਸਾਰਿਆਂ ਨੂੰ ਆਪੋ ਆਪਣਾ ਸਫਰਨਾਮਾ ਸੁਣਾਉਣ ਲਈ ਕਿਹਾ ਜਾਵੇ ਤਾਂ ਉਹ ਸਾਰੇ ਅਲੱਗ ਅਲੱਗ ਸਫਰਨਾਮੇ ਹੋਣਗੇ। ਘਟਨਾਵਾਂ ਘਟ ਰਹੀਆਂ ਨੇ, ਚਰਖ ਆਪਣੀ ਰਫਤਾਰੇ ਘੁੰਮ ਰਿਹਾ ਹੈ ਪਰ ਕੋਈ ਕਿਸੇ ਘਟਨਾ ਬਿੰਦੂ ਤੇ ਕੇਂਦਰਿਤ ਹੈ, ਕੋਈ ਕਿਸੇ ਤੇ, ਇਸ ਸ਼ੋਰ ਸ਼ਰਾਬੇ ਦੇ ਆਲਮ ਵਿਚ ਇਕ ਨਿੱਕੀ ਜਿਹੀ ਘਟਨਾ ਘਟ ਰਹੀ ਹੈ—'ਚੌਂਤਰੇ ਤੋਂ ਹੇਠਾਂ ਖੇਡਦੇ ਮਾਸਟਰ ਦੇ ਮੁੰਡੇ ਨੇ ਅਚਾਨਕ ਕੁਝ ਦੇਖਿਆ, 'ਓ ਓ ਮਾਊਂ ਐਂ' 'ਕਿਥੇ ਐ...?' ਉਸ ਦੇ ਪਿਉ ਨੇ ਪੁੱਛਿਆ 'ਓ ਜੀ ਓ...' ਉਸ ਨੇ ਉਂਗਲੀ ਉਧਰ ਕੀਤੀ। ਸਾਰੇ ਬੱਚੇ ਚੁਪ ਹੋ ਕੇ ਦੇਖਣ ਲੱਗ ਪਏ।' ਉਲੂਆ ਇਹ ਤਾਂ ਡੱਡੂ ਦੀ ਸਿਰੀ ਐਂ' ਕੀੜੀਆਂ ਸਿਰੀ ਨੂੰ ਖਿੱਚਣ ਦੀ ਕੋਸ਼ਿਸ਼ ਕਰ ਰਹੀਆਂ ਨੇਂ' (ਪੰਨਾ 67) ਇਹ ਘਟਨਾ ਹੈ ਜਿਸ ਵੱਲ ਮਾਸਟਰ ਜੀ ਦੀ ਨਿਗ੍ਹਾ ਜਾ ਪੈਂਦੀ ਹੈ ਅੰਤੇ ਕਹਾਣੀਕਾਰ ਡੱਡੂ ਦੀ ਸਿਰੀ ਨੂੰ ਧੂਹਦੀਆਂ ਕੀੜੀਆਂ ਦੇਖ ਕੇਮਾਸਟਰ ਦੀ ਮਾਨਸਕ ਉੱਥਲ ਪੁੱਥਲ ਦੀਆਂ ਪਰਤਾਂ ਖੋਲ੍ਹਣ ਲੱਗ ਜਾਂਦਾ ਹੈ। ਇਸ ਖਿੱਚਾ ਧੂਹੀ ਵੱਲ ਮਾਸਟਰ ਦੀ ਨਿਗ੍ਹਾ ਬਹੁਤੀ ਦੇਰ ਨਹੀਂ ਟਿਕ ਸਕਦੀ। ਉਸਨੇ 'ਪੱਗ ਦੇ ਅੱਗੇ ਪਿਛੇ ਹੱਥ ਰੱਖ ਕੇ ਥੋੜ੍ਹਾਂ ਦਬਾਇਆ ਤੇ ਫਿਰ ਧਿਆਨ ਬੱਚਿਆਂ ਤੋਂ ਤਿਲਕ ਕੇ ਕੀੜੀਆਂ ਦੀ ਖਿਚਾਧੂਈ ਵੱਲ ਚਲਾ ਗਿਆ। ਉਸਨੂੰ ਜਾਪਿਆ 'ਨਿਆਣੇ ਉਸਦਾ ਸਿਰ ਘਸੀਟ ਰਹੇ ਨੇ' (ਪੰਨਾ 64) ਕਹਾਣੀਕਾਰ ਦਾ ਪਿਛਲਾ ਵਾਕ 'ਨਿਆਣੇ ਉਸਦਾ ਸਿਰ ਘਸੀਟ ਰਹੇ ਨੇ', ਬਿੱਝਕ ਜ਼ਰਾਂ ਲਾਊਡ ਲਗਦਾ ਹੋਵੇ ਪਰ ਓਨੀ ਹੀ ਗਹਿਰੀ ਚੁੱਪ ਨਾਲ ਉਹ ਨਿਆਣਿਆਂ ਨੂੰ 'ਕੀੜੀਆਂ' ਕਹਿਣ ਦਾ ਇਸ਼ਾਰਾ ਕਰ ਦੇਂਦਾ ਹੈ। ਹੁਣ ਸਕੂਲ ਵਿਚ ਡੱਡੂ ਦਾ ਸਿਰ ਹੈ ਜਾਂ ਕੀੜੀਆਂ ਹਨ। ਉਹ ਕੀੜੀਆਂ ਜਿਹੜੀਆਂ ਅੱਧੀ ਛੁਟੀ ਕਰਨ ਲਈ ਭੱਜੇ ਜਾਂਦੇ 'ਨਿਆਣਿਆਂ ਦੇ ਪੈਰਾਂ ਹੇਠਾਂ ਆ ਕੇ ਐਸੀਆਂ ਲਿਤਾੜੀਆਂ ਗਈਆਂ। ਬਾਕੀਆਂ ਨੂੰ ਇਕ ਦੂਜੀ ਵੱਲ ਭੱਜ ਦੌੜ ਪੈ ਗਈ (ਪੰਨੇ 66-67)। ਸਾਰੀ ਕਹਾਣੀ ਇਸ ਗੱਲ ਦੀ ਤਲਾਸ਼ ਹੈ ਕਿ ਡੱਡੂ ਦਾ ਸਿਰ ਕੌਣ ਹੈ, ਉਹ ਜੁਦ ਕਿਵੇਂ ਹੋਇਆ, ਕੀੜੀਆਂ ਕੌਣ ਹਨ, ਉਨ੍ਹਾਂ ਦੀ ਭੱਜ ਦੌੜ ਕਿਧਰ ਹੈ। ਇੱਕ ਗੱਲ ਇਥੇ ਰਹਿੰਦੇ ਪੜ੍ਹਾਉਣ ਵਾਲਿਆਂ ਦੀ ਸਮਝ 'ਚ ਆਈ ਹੋਈ ਹੈ ਕਿ 'ਏਥੇ ਤਾਂ ਜੂਨ ਵੰਗਨ ਐ; ਅੰਗਰੇਜ਼ੀ ਸਕੂਲੇ ਚੰਗਾ ਰਹੂ ,ਅਸੀਂ ਵੀ ਲਾਏ ਹੋਏ ਨੇ। ਨੀਂਹ ਪੱਕੀ ਹੋ ਜੂਗੀ' (ਪੰਨਾ 69) ਇਹ ਸਾਡੇ ਸਕੂਲਾਂ ਦੀ ਜ਼ਿੰਦਗੀ ਦੀ ਬਰਬਰਤਾ, ਜਹਾਲਤ ਅਤੇ ਖੁਦ ਗਰੀਬੀ ਤੇ ਇਕ ਕਰੜਾ ਵਿਅੰਗ ਹੈ ਜਿਹੜਾ ਸਾਨੂੰ ਇਸ ਗੱਲ ਤੇ ਸ਼ਰਮਿੰਦਾ ਹੋਣ ਲਈ ਮਜਬੂਰ ਕਰਦਾ ਹੈ ਕਿ ਅਸੀਂ ਸਕੂਲਾਂ ਦੀਆਂ ਕੰਧਾਂ ਤੇ ਕੀ ਕੀ ਗੰਦਗੀ ਲਿਖ ਛੱਡੀ ਹੈ। ਇਸ ਵਿਚ ਮਾਸਟਰਾਂ ਦੇ ਆਮ ਤਕੀਆ ਕਲਾਮ 'ਕੁਤਿਓ' 'ਗਧਿਓ' 'ਜੋਕਾਂ' ਦੁਹਰਾਂਵਾਰ ਕਰਦੇ ਨੇ ਕਹਿਣ ਵਾਲਿਆਂ ਨੂੰ ਬਲਕਿ ਪਹਿਲਾਂ ਇਨ੍ਹਾਂ ਵਿਸ਼ੇਸ਼ਣਾਂ ਨਾਲ ਵਿਭੂਸ਼ਤ ਕਰਦੇ ਨਜ਼ਰ ਆਉਂਦੇ ਹਨ।

ਉਹਦੀ ਕਹਾਣੀ ਵਿੱਚ ਚੀਸ ਦਾ ਦਰਦ ਹੈ, ਚੀਖ ਦਾ ਨਹੀਂ। ਸ਼ਾਇਦ ਉਹ ਲੁ ਸ਼ੁਨ ਦੀ ਉਕਤੀ ਤੋਂ ਵਾਕਫ ਹੋਵੇ ਕਿ ਚੀਖ ਕਿਸੇ ਦਾ ਕੁਝ ਨਹੀਂ ਸੁਆਰਦੀ।

'ਬਾਜ ਜਦੋਂ ਚਿੜੀ ਨੂੰ ਆ ਪੈਂਦਾ ਹੈ ਤਾਂ ਉਹ ਸ਼ਾਂਤ ਹੁੰਦਾ ਹੈ। ਸਿਰਫ ਚਿੜੀ ਚੀਖਦੀ ਹੈ। ਜਦ ਬਿਲੀ ਚੂਹੇ ਤੇ ਝਪਟਦੀ ਹੈ ਤਾਂ ਉਹ ਬਿਲਕੁਲ ਸ਼ਾਂਤ ਹੁੰਦੀ ਹੈ। ਚੀਖਦਾ ਸਿਰਫ ਚੂਹਾ ਹੈ। ਤੇ ਜਿਹੜਾ ਸਿਰਫ ਚਿੱਲਾਅ ਸਕਦਾ ਹੈ ਉਹ ਖਤਮ ਹੋ ਜਾਂਦਾ ਹੈ।' ਉਸਦੀ ਕਹਾਣੀ ਵਿਚਲੀ ਵੇਦਨਾ ਚੀਸ ਦੀ ਵੇਦਨਾ ਹੈ ਅਤੇ ਹਰ ਜਿਉਂਦਾ, ਸੋਚਵਾਨ ਵਿਅਕਤੀ ਚੀਸ ਮਹਿਸੂਸ ਕਰਦਾ ਹੈ। ਮੁਖਤਿਆਰ ਸਿੰਘ ਸੰਵੇਦਨਸ਼ੀਲ ਕਹਾਣੀਕਾਰ ਹੈ। ਪਰ ਇਹ ਚੀਸ ਉਹ ਬੜੇ ਸਥੂਲ ਬਿੰਬਾਂ ਰਾਹੀਂ ਵਿਅਕਤ ਕਰਦਾ ਹੈ ਅਤੇ ਖੂਬੀ ਇਹ ਹੈ ਕਿ ਇਹ ਬਿੰਬ ਸਿਰਜਣਾ ਸਬੰਧਤ ਟੈਕਸਟ ਤੋਂ ਜ਼ਰਾ ਵੀ ਓਪਰੀ ਨਜ਼ਰ ਨਹੀਂ ਆਉਂਦੀ, ਇਹ ਟੈਕਸਟ ਦਾ ਪਿੰਡਾ ਹੀ ਹੈ। ਇਕ ਕਹਾਣੀ ਦਾ ਤਾਂ ਨਾਂ ਹੀ 'ਸੂਲਾਂ' ਹੈ ਜਿਸ ਦੀ ਪਹਿਲੀ ਸਤਰ ਵਿਚ ਹੀ ਠਾਣੇਦਾਰ ਕਿਸੇ ਬੇਗੁਨਾਹ ਦੇ ਜ਼ੋਰ ਨਾਲ ਕਾਨੂੰਨ ਡੰਡਾ ਮਾਰਦਾ ਹੈ (ਪੰ: 29) ਇਹ ਸਾਦਗੀ ਤੇ ਸੱਚ ਤੇ ਵਿਡ ਵਿੱਚ ਅਮਨ ਕਾਨੂੰਨ ਦੇ ਪਹਿਰੇਦਾਰਾਂ ਵੱਲੋਂ ਮਾਰੀ ਗਈ ਕਟਾਰੀ ਹੈ। ਸਿਰਫ ਡੰਡੇ ਨਾਲ ਨਹੀਂ 'ਧੀ ਦਾ ਯਾਰ' ਕਹਿਣ ਨਾਲ ਪੁਲਸ ਦੇ ਸੂਲਾਂ ਵਾਲੇ ਕਿਰਦਾਰ ਵਿੱਚ ਇੱਕ ਹੋਰ ਦਿਸ਼ਾ ਜੋੜ ਦਿੱਤੀ ਗਈ ਹੈ। ਉਸਦੀ ਇਸ ਭਾਵਨਾ ਨੂੰ ਰੂਪਮਾਨ ਕਰਦੀ ਇਸ ਕਹਾਣੀ

(ਚੀਸ) ਵਿੱਚ ਕੁਦਰਤ ਵੀ ਇਸ ਵੇਦਨਾ ਨੂੰ ਭੋਗਦੀ ਨਜ਼ਰ ਆਉਂਦੀ ਹੈ। ਕਹੀ ਦੇ 'ਟੱਕ' ਮਾਰਨ ਨਾਲ ਘਾਹ ਦੀਆਂ 'ਤਿੜ੍ਹਾਂ ਤਿੜ ਤਿੜ ਕਰ ਕੇ' ਟੁੱਟ ਜਾਂਦੀਆਂ ਹਨ। (ਪੰਨਾ 23)। ਸਰਦਾਰ ਦੇ ਵੇਲੇ ਦਾ ਉਗਿਆ ਅੱਕ ਜੜ੍ਹ ਤੋਂ ਹੀ ਪੁਟਿਆ ਗਿਆ' ਪੰਨਾ 25) ਉਹ ਅੱਕ ਦੀਆਂ ਜੜ੍ਹਾਂ ਖਿੱਚਦਾ ਹੈ ਤਾਂ ਅੱਡ ਦੀਆਂ ਨਾੜਾਂ ਨੂੰ 'ਇਉਂ ਖਿੱਚ ਪਈ ਜਿਵੇਂ ਹੌਲੀ ਹੌਲੀ ਬਾਹਰ ਨੂੰ ਸਰਕਦੀਆਂ ਆ ਰਹੀਆਂ ਹੋਣ।' ਕੁਦਰਤ ਅਤੇ ਮਨੁੱਖ ਦੇ ਕਰਮਾਂ ਵਿੱਚ ਸਮਾਨਾਂਤਰਤਾ ਹੈ। ਉਹ ਮਿੱਟੀ ਦਾ ਚੇਪਾ ਲਾਂਭੇ ਸੁੱਟਦਾ ਹੈ ਤਾਂ ਕੀੜੇ ਹੀ ਕੀੜੇ ਨਿਕਲ ਉਹਦੀਆਂ ਲੱਤਾਂ ਤੇ ਚੰਦੀਆਂ ਵੱਢਣ ਲੱਗ ਜਾਂਦੇ ਨੇ। ਬਿਰਨੀ ਵਿਚੋਂ ਸਿਉਂਕ ਦੀਆਂ ਰੁਬਲੀਆਂ ਨਿਕਲਦੀਆਂ ਨੇ, ਤਖਤੇ ਦੇ ਅੰਦਰਲੇ ਪਾਸਿਉਂ ਮਿੱਟੀ ਦੇ ਘਰ ਵਿਚੋਂ ਇੱਕ ਭੂੰਡੀ ਨਿਕਲ ਕੇ ਉਹਦੀ ਲੱਤ 'ਤੇ ਆ ਡੰਗ ਮਾਰਦੀ ਹੈ। ਉਹ ਭਾਬੀਆਂ ਨਾਲ ਚੁਹਲ ਕਰਨ ਦੀ ਗੱਲ ਉਦਰੇਵੇਂ ਵਾਂਗੂੰ ਸੁਣਦਾ ਹੈ। ਘਰ ਦੀ ਕੱਢੀ ਦਾ ਦਾ ਹਾੜਾ ਅੰਦਰ ਜਾਂਦਿਆਂ ਹੀ ਉਸਦੇ 'ਜੀਭ ਤੇ ਗਲੇ ਵਿੱਚ ਕੀੜੀਆਂ ਜਿਹੀਆਂ ਲੜਦੀਆਂ ਜਾਪਦੀਆਂ ਹਨ (ਪੰਨਾ 27) ਅਤੇ ਇਨ੍ਹਾਂ ਨਿੱਕੀਆਂ ਨਿੱਕੀਆਂ ਕੁਦਰਤ ਦੀਆਂ ਚੋਭਾਂ ਦਾ ਸਮਾਜਕ ਸਮਾਨਾਤਰਣ ਉਦੋਂ ਹੋ ਜਾਂਦਾ ਹੈ ਜਦੋਂ ਜੀਤ ਉਹਨੂੰ ਦਾਰੂ ਦੇ ਲੋਰ ਵਿਚ ਕਹਿੰਦਾ ਕਿ ਜੇ ਉਹ ਵਿਆਹ ਕਰਵਾ ਲਏ (ਜਿਸ ਨੂੰ ਉਹ ਪਹਿਲਾਂ ਉਦਾਸੀ ਜਹੀ ਨਾਲ ਟਾਲ ਦੇਂਦਾ ਹੈ) ਤਾਂ ਉਹਨੂੰ ਭਰਜਾਈਆਂ ਵੱਲ ਨਾ ਵੇਖਣਾ ਪਏਗਾ।

ਇਥੇ ਆ ਉਹ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ ਜਦੋਂ ਸਰਦਾਰ ਦੀ ਮਸ਼ਕਰੀ ਨਾਲ ਕਹੀ ਗੱਲ ਨੂੰ ਉਹ ਭਵਿਖਮੁੱਖੀ ਨਜ਼ਰੀਏ ਨਾਲ ਦੇਖਣ ਲੱਗ ਪੈਂਦਾ ਹੈ, ਉਹ ਲੋਰ ਦੇ ਆਸਰੇ ਧਿਆਨ ਮਗਨ ਹੋ ਜਾਂਦਾ ਹੈ 'ਹਾਂ—ਵਿਆਹ; ਫੇਰ ਬੱਚੇ ਹੋਣਗੇ...ਫੇ ਉਹਨਾਂ ਦੇ...ਫੇ...ਹਾਂ...ਹਾਂ...ਾ' ਅਤੇ ਸ਼ੋਸ਼ਣ ਕਰਨ ਵਾਲਾ ਉਸ ਕੋਲੋਂ ਇਸ ਸੁਪਨੇ ਤੇ ਵੀ ਝਪਟਾ ਮਾਰਦਾ ਹੈ 'ਓ ਬੀ ਸਾਡੇ ਖੇਤਾਂ 'ਚ ਈ ਬੱਟਾਂ ਡੌਲਾਂ ਦੀ ਢਾਅ ਭੰਨ ਕਰਨਗੇ' ਉਸ ਦੇ ਇਸੇ ਵਾਰ ਤੋਂ ਚਾਨਣ ਚੀਕ ਉਠਦਾ ਹੈ 'ਨਾ...ਈ...ਈਂ' ਲੇਕਿਨ ਚਾਨਣ ਦੀਆਂ ਅੱਖਾਂ ਵਿਚ ਲਾਲ ਡੋਰੇ ਉਤਰ ਆਉਂਦੇ ਹਨ, ਉਸ ਦੀ ਸ਼ਕਲ ਹੋਰ ਵੀ ਭਿਆਨਕ ਹੋ ਜਾਂਦੀ ਹੈ। ਅਗਾਂਹ ਕਹਾਣੀ ਇੱਕ ਚੁੱਪ ਨੂੰ ਸੰਬੋਧਨ ਹੁੰਦੀ ਹੈ ਜਿਸ ਦੀ ਦਿਸ਼ਾ ਅਜੇ ਕਿਸੇ ਚੁੱਪ ਨੂੰ ਬਲ ਦੇਣ ਵਾਲੇ ਨੇ ਨਿਰਧਾਰਿਤ ਨਹੀਂ ਕੀਤੀ। ਲੇਕਿਨ ਇਸ ਦੇ ਪਿਛੋਕੜ ਵਿੱਚ ਕਹਾਣੀਕਾਰ ਕੁਦਰਤ ਨੂੰ ਬੜੇ ਵਿਕਰਾਲ ਮਨੁੱਖੀ ਬਿੰਬਾਂ ਵਿਚ ਵਿਚਰਦੀ ਦਿਖਾਉਂਦਾ ਹੈ, ਜਦੋਂ ਸਰਦਾਰ ਸ਼ਾਮ ਨੂੰ ਉਹਨੂੰ ਤੁਰਿਆ ਆਉਂਦਾ ਨਜ਼ਰ 'ਆਉਂਦਾ ਹੈ ਜਿਹੜਾ ਉਹਤੋਂ ਵੱਧ ਤੋਂ ਵੱਧ ਕੰਮ ਕਰਵਾ ਲੈਣ ਦੇ ਅਹੁਰ ਵਿੱਚ ਹੈ ਤਾਂ 'ਅੱਗੇ ਅੱਗੇ ਕਿੱਡਾ ਹੀ ਵੱਡਾ, ਉਸਦਾ ਪਰਛਾਵਾਂ ਧਰਤੀ ਤੇ ਆ ਰਿਹਾ ਸੀ'। ਇਉਂ ਕੁਦਰਤ ਵੀ ਉਸ ਨੂੰ ਰਾਤ ਨੂੰ ਆਰਾਮ ਦੀ ਨੀਂਦ ਨਾ ਸੌਣ ਦੇਣ ਦੀ ਸਾਜ਼ਿਸ਼ ਵਿਚ ਭਾਈਵਾਲ ਹੈ।

ਉਹ ਸ਼ਹਿਰੀ ਦਫਤਰੀ ਜ਼ਿੰਦਗੀ ਦੀ ਕਰੂਰਤਾ 'ਲੁੱਕ ਵਿਚ ਫਸੇ ਪੈਰਾਂ' ਰਾਹੀਂ ਰੂਪਮਾਨ ਕਰਦਾ ਹੈ। ਪਹਿਲਾਂ ਤਾਂ ਇਹ ਫਸਿਆ ਹੋਇਆ ਕੋਈ ਉਮਰੋਂ ਵੀ ਵਡੇਰਾ ਨਹੀਂ, ਕਤੂਰਾ ਹੀ ਹੈ ਇਸ ਲਈ ਉਸਦੀ ਵੇਦਨਾਂ ਭੌਂਕਣ ਤੱਕ ਦਾ ਰੂਪ ਵੀ ਅਖਤਿਆਰ ਨਹੀਂ ਕਰ ਸਕਦੀ 'ਟਿਆਉਂ' 'ਟਿਆਉਂ' (ਪੰਨਾ 36)ਹੀ ਕਰਦੀ ਹੈ। ਇਸ ਟਿਆਉਂ ਟਿਆਉਂ ਨਾਲ ਸਬੰਧਤ ਕੌਣ ਕੌਣ ਨੇ? ਆਪਣੀ ਕੁਰਸੀ ਤੇ ਬੈਠਣ ਤੋਂ ਪਹਿਲਾਂ ਰਸਮੀ ਜਿਹਾ ਹੱਥ ਮਿਲਾ ਕੇ ਹਾਲ ਚਾਲ ਪੁੱਛਣ ਵਾਲੇ, ਜਵਾਬ ਵਿੱਚ ਠੀਕ ਐ, ਠੀਕ ਐ ਕਹਿਣ ਵਾਲੇ 'ਪਰ ਉਹਨਾਂ ਨੂੰ ਇਉਂ ਲਗਦੈ ਕਿ ਉਹ ਝੂਠ ਬੋਲ ਰਹੇ ਹੋਣ' (ਪੰਨਾ 86), ਪੰਜ ਤਰੀਕ ਤੋਂ ਮਗਰੋਂ ਸਾਰੇ ਉਨੱਤੀ ਤਰੀਕ ਵਰਗੇ ਮੂੰਹ ਹੋ ਜਾਣ ਵਾਲੇ, ਪੁਰਾਣੇ ਬੂਟਾਂ 'ਚ ਤਸਮਿਆਂ ਦੀ ਥਾਂ ਸੇਬੇ ਪਾਉਣ ਵਾਲੇ, ਖੁੱਲ੍ਹੀ ਜਿਹੀ ਕਮੀਜ਼, ਘਸੀ ਹੋਈ ਪੈਂਟ ਬੇਤਰਤੀਬੀ ਬੰਨ੍ਹੀ ਹੋਈ ਦਾੜ੍ਹੀ ਢਿੱਲੀਆਂ ਜਿਹੀਆਂ ਅੱਖਾਂ ਅਤੇ ਡਿਗਦੀ ਪੱਗ ਵਾਲੇ, ਕਤੂਰੇ ਦੀ ਆਵਾਜ਼ ਤੋਂ ਦੁਖੀ ਹੋ ਕੇ ਹਵਾ ਨੂੰ ਗਾਲ੍ਹਾਂ ਕੱਢਣ ਵਾਲੇ, ਪੁਤਲੀਆਂ ਵਾਂਗ ਫਿਰਦੇ, ਗਈ ਬਿਜਲੀ ਤੋਂ ਫਾਈਲਾਂ ਦੀ ਝੁੱਲ ਮਾਰਨ ਵਾਲੇ, ਉਨ੍ਹਾਂ ਬੱਚਿਆਂ ਦੇ ਬਾਪ ਜਿਹੜੇ ਸਕੂਲ ਤੋਂ ਆਉਂਦੇ ਬੇਹੋਸ਼ ਹੋ ਜਾਂਦੇ ਨੇ, ਪਿੰਡ ਦੀ ਖੁਲ੍ਹ ਖੰਡ ਲਈ ਓਦਰੇ ਹੋਏ, ਵੱਡੇ ਮੇਜ਼ ਤੋਂ ਗੜ੍ਹਕਵੀ ਆਵਾਜ਼ ਮਗਰੋਂ ਚੁੱਪ, ਸ਼ਾਂਤ ਹੋ ਜਾਣ ਵਾਲੇ, ਫਾਈਲਾਂ ਪੜ੍ਹ ਕੇ ਕੁਰਸੀਆਂ ਵਿਚ ਧਸਦੇ ਜਾ ਰਹੇ, ਵਾਰ ਵਾਰ ਟਾਈਮ ਪੁੱਛੀ ਜਾਣ ਵਾਲੇ, ਕਤੂਰੇ ਦੀਆਂ ਚੀਕਾਂ ਤੇ ਘੜੀ ਦੀ ਘੜੀ ਹੱਸ ਕੇ ਘਰ ਦੀ ਕਬੀਲਦਾਰੀ ਦੇ ਰੋਣੇ ਸਾਂਝੇ ਕਰਨ ਵਾਲੇ, ਆਉਂਦੇ ਅਫ਼ਸਰ ਨੂੰ ਦੇਖ ਕੇ ਬਿੱਲੀ ਨੂੰ ਦੇਖ ਕੇ ਚੂਹਿਆਂ ਵਾਂਗ ਦੌੜਣ ਵਾਲੇ, ਕੁੜੀਆਂ ਦੀਆਂ ਗੱਲਾਂ ਕਰਦਿਆ ਹੱਸਦੇ ਨੇ ਪਰ ਅੱਖਾਂ ਬਦੋ ਬਦੀ ਸਿੰਮ ਆਉਂਦੀਆਂ ਨੇ, ਕੰਮ ਦੀ ਨਕਦਰੀ ਲਈ ਝੁਰਦੇ, ਪੰਲੀਓ ਦਾ ਕੋਈ ਇਲਾਜ ਨਹੀਂ ਤੇ ਝੁਰਦੇ ਅਤੇ ਕੀੜੀਆਂ ਦੇ ਭੌਣ ਵਾਂਗੂੰ ਛੁੱਟੀ ਸਮੇਂ ਦਫਤਰੋਂ ਬਾਹਰ ਨਿਕਲ ਆਉਣ ਵਾਲੇ. ਇਹ ਰੀਂਗਦੀ ਜ਼ਿੰਦਗੀ ਦਾ ਇਕ ਖੁੱਲ੍ਹਾ ਚਿੱਤਰ ਹੈ ਅਤੇ ਇਸ ਰਾਹ ਦਾ ਕੋਈ ਆਰ ਜਾਂ ਪਾਰ ਨਜ਼ਰ ਨਹੀਂ ਆਉਂਦਾ, ਇਨ੍ਹਾਂ ਪਾਤਰਾਂ ਨੂੰ।

ਇਸੇ ਸ਼ਹਿਰੀ ਜ਼ਿੰਦਗੀ ਨੂੰ ਉਹ ਇਕ ਹੋਰ ਨਜ਼ਰੀਏ ਤੋਂ ਵੀ ਦੇਖਦਾ ਹੈ ਜਿਥੇ ਰਿਸ਼ਤੇ ਵੀ ਸ਼ਹਿਰੀ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ । ਪੱਲੇਦਾਰ ਇਕ ਪਾਸੇ ਤਾਂ ਪਿਉ ਵਾਲੇ ਰਿਸ਼ਤੇ ਦੀ ਸ਼ਿੱਦਤ ਜਤਾਉਂਦਾ ਹੈ, "ਮੇਰਾ ਬਾਪ ਐ ਮੈਂ ਚਾਹੇ ਬੱਢ ਦਾਂ" (ਪੰਨਾ 47) ਦੂਜੇ ਪਾਸੇ ਇਸੇ ਰਿਸ਼ਤੇ ਨੂੰ ਮਜਬੂਰੀਆਂ ਅੱਗੇ ਝੁਠਲਾਉਂਦਾ ਹੈ, ਜਿਥੇ ਬਾਪ ਨੂੰ, 'ਸਾਲਿਆ ਮੰਡੀ 'ਚ ਬਦਨਾਮ ਕਰਦੈਂ ?' (ਪੰਨਾ 46) ਕਹਿ ਕੇ ਸੰਬੋਧਨ ਹੁੰਦਾ ਹੈ । ਇਹ ਸ਼ਿੱਦਤ ਝੁਠਲਾਈ ਇਸ ਲਈ ਵੀ ਜਾਂਦੀ ਹੈ ਕਿ ਉਹ ਪਿੰਡ ਵਰਗੇ ਮਾਹੌਲ ਵਿਚ ਜਿਥੇ ਅਰਥਚਾਰੇ ਨਾਲ ਭਾਈਚਾਰਾ ਵੀ ਜੁੜਿਆ ਹੁੰਦਾ ਹੈ, ਹੀਣਾ ਕੰਮ ਨਹੀਂ ਕਰਦਾ, ਪਰ ਸ਼ਹਿਰ ਜਾ ਕੇ ਪੱਲੇ-ਦਾਰੀ ਕਰਨ ਲੱਗ ਪੈਂਦਾ ਹੈ । ਉਹ ਸਮਝਦਾ ਹੈ ਕਿ ਸ਼ਹਿਰ ਦੀ ਨਿਕੰਮੀ ਆਜ਼ਾਦੀ ਵੀ ਪਿੰਡ ਦੀ ਬੱਝਵੀਂ ਗੁਲਾਮੀ ਨਾਲੋਂ ਮਾੜੀ ਨਹੀਂ ।

'ਬੁਝਾਰਤ' ਵਿਚ ਉਹ ਆਪਣੀ ਮਾਸੂਮ ਬੱਚੀ ਨਾਲ ਸੈਰ ਕਰਦਿਆਂ ਇਕ ਵਿਦਿਅਕ ਅਦਾਰੇ ਦੀ 'ਸਿਲ੍ਹਾਬੀ ਚਿਤਕਬਰੀ ਕੰਧ' ਤੇ ਲਿਖਿਆ ਪੜ੍ਹਣ ਦੀ ਕੋਸ਼ਿਸ਼ ਕਰਦਾ ਹੈ । ਇਥੇ ਉਹ ਡੱਬ-ਖੜੱਬੇ ਪਾਖੰਡਾਂ ਦੇ ਮਨੁੱਖੀ ਜਾਮੇ ਵਿਚ ਦਰਸ਼ਨ ਕਰਵਾਉਂਦਿਆਂ ਇਕ ਲੋਕ-ਕਥਾ ਨੂੰ ਹੋਰ ਸਰਲ ਕਰ ਸਕਣ ਦੀ ਸਮਰੱਥਾ ਦੀ ਝਲਕ ਦੇਂਦਾ ਹੈ । ਬੱਚੀ ਕਹਾਣੀ ਸੁਨਣਾ ਲੋਚਦੀ ਹੈ ਅਤੇ ਉਹ ਘਾਹ ਤੇ ਬੈਠ ਕੇ ਉਸ ਨੂੰ ਰੰਗੇ ਗਿੱਦੜ ਵਾਲੀ ਕਹਾਣੀ ਸੁਣਾਉਂਦਾ ਹੈ ਪਰ ਇਹ ਕਹਾਣੀ ਨਹੀਂ, ਇਕ ਬੁਝਾਰਤ ਹੈ । ਰੰਗਿਆ ਗਿੱਦੜ ਆਪਣੇ ਨਾਲ ਦੇ ਸਾਥੀਆਂ ਦੀ ਆਵਾਜ਼ ਸੁਣ ਕੇ ਨਹੀਂ ਬੋਲਦਾ, ਇਸ ਕਰ ਕੇ ਪਛਾਣੇ ਜਾਣ ਦੀ ਇਸ ਸੰਭਾਵਨਾ ਤੋਂ ਸੁਚੇਤ ਹੈ, ਪਰ ਮੀਂਹ ਪੁਏ ਤੋਂ ਉਸਦਾ ਰੰਗ ਖੁਰ ਗਿਆ । 'ਫਿਰ ਕਿੱਥੇ ਗਿਆ' ਦਾ ਜਵਾਬ ਸੋਚਦੀ ਉਸ ਮਾਸੂਮ ਦੇ 'ਭਖ ਰਹੇ ਚਿਹਰੇ ਨੂੰ ਗੰਭੀਰ ਹੋਇਆ ਦੇਖ ਕੇ ਇਉਂ ਜਾਪਿਆ ਜਿਵੇਂ ਉਹ ਹੌਲੀ ਹੌਲੀ ਬੁੱਝ ਹੀ ਲਵੇਗੀ' (ਪੰਨਾ 76) ਇਕ ਚਿੰਤਨਸ਼ੀਲ ਪੀੜ੍ਹੀ ਦੀ ਅਗਲੀ ਪੀੜ੍ਹੀ ਤੋਂ ਅਜਿਹੀ ਆਸ ਰੱਖਣੀ ਭਲੇ ਹੀ ਬਣਦੀ ਹੈ । ਇਸੇ ਕਰਮ ਦੀ ਆਸ਼ਥਾ ਉਸਨੂੰ ਇਸ ਕਹਾਣੀ ਵਿਚ ਵੀ ਲਾਉਡ ਨਹੀਂ ਹੋਣ ਦਿੰਦੀ, ਇਸੇ ਲਈ ਇਸ ਕਹਾਣੀ ਦੀ ਚਿੰਤਨ-ਮੁਦਰਾ ਬਣੀ ਰਹਿੰਦੀ ਹੈ ।

ਮੁਖ਼ਤਿਆਰ ਸਿੰਘ ਰੋਹ ਵਾਲਾ ਕਹਾਣੀਕਾਰ ਨਹੀਂ ਪਰ ਉਹ ਬੇਚਾਰਗੀ ਦਾ ਕਹਾਣੀਕਾਰ ਵੀ ਨਹੀਂ । ਇਸੇ ਗੱਲੋਂ ਉਹ ਪੰਜਾਬੀ ਕਹਾਣੀ ਸੰਸਾਰ ਵਿਚ ਆਪਣੀ ਵੱਖਰੀ ਪਛਾਣ ਬਨਾਉਣ ਦੇ ਸਮਰੱਥ ਹੈ ।

o

## ਪਾਠਕ—ਲੇਖਕ ਫੋਰਮ :

ਜਦੋਂ ਦਾ ਅਕਾਲੀ ਮੋਰਚਾ ਪੰਜਾਬ ਵਿਚ ਸ਼ੁਰੂ ਹੋਇਆ ਹੈ ਅਤੇ ਜਿਹੜੀਆਂ ਮੰਗਾਂ ਲੈ ਕੇ ਅਕਾਲੀਆਂ ਨੇ ਮੋਰਚਾ ਸ਼ੁਰੂ ਕੀਤਾ ਹੈ । ਪੰਜਾਬ ਦੇ ਸਾਧਾਰਨ ਲੋਕਾਂ ਵਿਚ ਵੀ ਅਤੇ ਅਗਾਂਹ ਵਧੂ ਜਾਂ ਇਨਕਲਾਬੀ ਹਲਕਿਆਂ ਵਿਚ ਵੀ ਇਹਦਾ ਚਰਚਾ ਹੈ । ਪ੍ਰੋ. ਭਾਰਦਵਾਜ, ਜਸਵੰਤ ਸਿੰਘ ਕੰਵਲ ਤੇ ਕੁਝ ਹੋਰਨਾਂ ਦਾ ਵਿਚਾਰ ਹੈ ਕਿ ਇਹ ਸਾਰੀਆਂ ਮੰਗਾਂ ਪੰਜਾਬੀਆਂ ਦੀਆਂ ਮੰਗਾਂ ਹਨ ਅਤੇ ਜੋ ਮੰਗਾਂ ਲੈ ਕੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਅੱਗੇ ਆਉਣਾ ਚਾਹੀਦਾ ਸੀ, ਉਹ ਅਕਾਲੀ ਲੈ ਕੇ ਆਏ ਹਨ, ਇਸ ਲਈ ਇਹਨਾਂ ਦਾ ਸਮਰਥਨ ਕਰਨਾ ਜ਼ਰੂਰੀ ਹੈ । ਇਸੇ ਹੀ ਮਸਲੇ ਨੂੰ ਸੁਰਿੰਦਰ ਕੋਲੋਂ ਨੇ ਅਕਤੂਬਰ 1973 ਦੀ ਸਮਤਾ ਵਿਚ 'ਕੀ ਭਾਰਤ ਟੁੱਕੜੇ ਟੁੱਕੜੇ ਹੋ ਜਾਵੇਗਾ ? ਹੋਰ ਦ੍ਰਿਸ਼ਟੀਕੋਨ ਤੋਂ ਲਿਆ ਸੀ । ਭਾਰਤ ਦੇ ਇਤਿਹਾਸ ਨੂੰ ਪਿਛੋਕੜ ਬਣਾਦਿਆਂ ਉਹਨਾਂ ਨੇ ਇਹ ਨਿਚੋੜ ਕੱਢਿਆ ਸੀ "ਸਰਮਾਏਦਾਰੀ ਕਦੀ ਵੀ ਲੁੱਟ ਛੱਡਣ ਲਈ ਤਿਆਰ ਨਹੀਂ ਹੋਵੇਗੀ । ਤੇ ਹੁਣ ਰਾਜਾਂ ਵਿਚ ਇਸ ਦਾ ਵਿਰੋਧ ਸ਼ੁਰੂ ਹੋ ਚੁੱਕਾ ਹੈ...ਇਸ ਵੇਲੇ ਦੇਸ਼ ਵਿਚ ਭੁਗੋਲਿਕ ਤੇ ਰਾਜਨੀਤਿਕ ਤੌਰ ਤੇ ਹੋਣ ਵਾਲੀਆਂ ਤਬਦੀਲੀਆਂ ਦੀਆਂ ਸੰਭਾਵਨਾਵਾਂ ਵਿਚੋਂ ਇਹ ਸਭ ਤੋਂ ਵੱਡੀ ਹੈ ਕਿ ਰਾਜ ਸਰਮਾਏਦਾਰੀ ਜੂਲ੍ਹਾ ਲਾਹੁਣ ਲਈ ਕਿਸੇ ਵੇਲੇ ਵੀ ਕੇਂਦਰ ਤੋਂ ਵੱਖ ਹੋਣ ਦਾ ਯਤਨ ਕਰ ਸਕਦੇ ਹਨ ਅਤੇ ਇਤਿਹਾਸ ਆਪਣੇ ਆਪ ਨੂੰ ਦੁਹਰਾ ਸਕਦਾ ਹੈ ।" ਜਗਰੂਪ ਸਿੰਘ ਨੇ ਦਸੰਬਰ 1983 ਵਿਚ ਸੁਰਿੰਦਰ ਕੋਲੋਂ ਦੀ ਧਾਰਨਾ ਦੇ ਪੱਖ ਵਿਚ ਯੋਰਪ ਤੇ ਏਸ਼ੀਆ ਦੀ ਹਿਸਟਰੀ ਲੈਂਦਿਆਂ ਇਹ ਸਿੱਧ ਕੀਤਾ ਸੀ "ਆਪਣੇ ਸਭਿਆਚਾਰ ਨੂੰ ਬਚਾਉਣ ਦੀ ਖਾਤਰ ਘੱਟ ਗਿਣਤੀ ਵਾਲੀਆਂ ਛੋਟੀਆਂ ਕੌਮਾਂ ਸੰਘਰਸ਼ ਚਲਾਉਂਦੀਆਂ ਰਹਿੰਦੀਆਂ ਹਨ । ਇਹ ਸਭ ਮੁਕਤੀ ਲਹਿਰਾਂ ਹੁੰਦੀਆਂ ਹਨ । ਪੰਜਾਬ 'ਚ ਮਿਲਦੇ ਹਰ ਰੰਗ ਦੇ ਕਾਮਰੇਡ ਇਹਨਾਂ ਲਹਿਰਾਂ ਨੂੰ ਵੱਖਵਾਦੀ ਤੇ ਇਨਕਲਾਬ ਲਈ ਵੱਧ ਹਾਨੀਕਾਰਕ ਕਹਿਕੇ ਸਾਰ ਲੈਂਦੇ ਹਨ । ਇਨ੍ਹਾਂ ਦੀ ਅਗਵਾਈ ਕਰਨ ਤੋਂ ਡਰਦੇ ਹਨ...ਪਰ ਕਬੂਤਰ ਦੇ ਅੱਖਾਂ ਮੀਟਿਆਂ ਬਿੱਲੀ ਕੋਲੋਂ ਦੀ ਨਹੀਂ ਲੰਘਣ ਲੱਗੀ" ਇਸ ਮਸਲੇ ਤੇ ਸਾਥੀ ਚਰਨ ਸਿੰਘ (ਜਨਵਰੀ 1984) ਦੀ ਇਹ ਧਾਰਨਾ ਸੀ "ਅਕਾਲੀ ਮੋਰਚਾ ਕੋਈ ਕੌਮ ਦੀ ਮੁਕਤੀ ਲਈ ਨਹੀਂ ਹੈ । ਖੱਬੀ ਧਿਰ ਨੂੰ ਇਹ ਨੋਟ ਕਰਨਾ ਪਵੇਗਾ ਕਿ ਭਾਵੇਂ ਅਕਾਲੀ ਮੰਗਾਂ ਬਹੁਤ ਹੱਦ ਤੱਕ ਜਾਇਜ਼ ਹਨ ਪਰ

ਇਸ ਦੇ ਨਾਲ ਹੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਝਾਤੀ ਮਾਰੀਏ ਤਾਂ ਖਾਲਿਸਤਾਨ ਦੇ ਪੈਂਫਲਿਟ ਪੜ੍ਹਨ ਨੂੰ ਮਿਲਦੇ ਹਨ ਤੇ ਸਾਥੀ ਸ਼ਾਇਦ ਖਾਲਿਸਤਾਨ ਨੂੰ ਵੀ ਠੀਕ ਹੀ ਕਹਿੰਦੇ ਹਨ "ਕੋ ਕੋਈ ਸਾਥੀ ਸੋਚੇ ਕਿ ਖਾਲਿਸਤਾਨ-ਬਲੋਚਿਸਤਾਨ ਨਾਲ ਕੌਮਾਂ ਦੀ ਲੁੱਟ ਖ਼ਤਮ ਹੋ ਜਾਊ ਤਾਂ ਗਲਤ ਹੈ। ਸਿਰਫ਼ ਵੱਖਰੇ ਹੋਣ ਨਾਲ ਤਾਂ ਲੁੱਟ ਖਤਮ ਨਹੀਂ ਹੋਣ ਲੱਗੀ। ਖਾਲਿਸਤਾਨ ਤੋਂ ਬਾਅਦ ਜੱਟਸਤਾਨ, ਮਜਬੀਸਤਾਨ.. ਆਦਿਕ ਦੀ ਕ੍ਰਿਆ ਵੀ ਅੱਗੇ ਵਧਦੀ ਹੈ—ਇਹ ਜੋ ਵੱਡੀਆਂ ਕੌਮਾਂ ਛੋਟਿਆਂ ਨੂੰ ਲੁੱਟਦੀਆਂ ਹਨ, ਇਹ ਸਾਰੀ ਇਸ ਲੋਟੂ ਪ੍ਰਬੰਧ ਦੀ ਦੇਣ ਹੈ...ਸੋ ਲੋੜ ਹੈ ਦੁਫੇੜ ਨੂੰ ਖਤਮ ਕਰਨ ਦੀ ਤੇ ਇਨਕਲਾਬੀ ਲਹਿਰਾਂ ਚਲਾਉਣ ਦੀ ਨਾਂ ਕਿ ਖਾਲਿਸਤਾਨ ਬਣਾਉਣ ਦੀ..."

ਇਹਨਾਂ ਵੱਖ ਵੱਖ ਪਹੁੰਚਾਂ ਦੇ ਪ੍ਰਸੰਗ ਵਿਚ ਇਕ ਸਾਂਝੀ ਸੋਚ ਬਨਾਉਣੀ ਅੱਜ ਇਨਕਲਾਬੀ ਧਿਰ ਦਾ ਫਰਜ਼ ਬਣਦਾ ਹੈ। ਇਥੇ ਸ਼ਖਸੀਅਤਾਂ ਦਾ ਸਵਾਲ ਨਹੀਂ, ਨੀਤੀਆਂ ਦਾ ਸਵਾਲ ਹੈ। ਧਾਰਮਕ ਜਨੂੰਨ ਦੇ ਵਿਰੁੱਧ ਲੜਦਿਆਂ ਹੋਇਆਂ ਅਸੀਂ ਇਹ ਵੀ ਵੇਖਣਾ ਹੈ ਕਿ ਬੁਨਿਯਾਦੀ ਨੁਕਤਿਆਂ ਤੋਂ ਸਾਡਾ ਧਿਆਨ ਲਾਂਭੇ ਨਾ ਜਾਏ।

ਇਕ ਪਾਸੇ ਸਵਾਲ ਛੋਟੀਆਂ ਕੌਮਾਂ ਦੇ ਸਭਿਆਚਾਰ ਨੂੰ ਬਚਾਉਣ ਦਾ ਹੈ ਤੇ ਦੂਜੇ ਪਾਸੇ ਬੁਨਿਯਾਦੀ ਸਵਾਲ ਇਸ ਲੋਟੂ ਪ੍ਰਬੰਧ ਨੂੰ ਖਤਮ ਕਰਨ ਦਾ ਹੈ, ਜੋ ਵੱਧ ਤੋਂ ਵੱਧ ਸਾਧਾਰਨ ਲੋਕਾਂ ਦੀ ਏਕਤਾ ਤੇ ਆਧਾਰਤ ਹੈ। ਇਸ ਵਿਚਾਰ ਚਰਚਾ ਨੂੰ ਅਗੇ ਲਿਜਾਂਦੇ ਹੋਏ, ਇਸ ਪਾਠਕ ਲੇਖਕ ਫੋਰਮ ਵਿਚ ਅਸੀਂ ਕੁਝ ਹੋਰ ਲਿਖਤਾਂ ਦੇ ਰਹੇ ਹਾਂ ਤਾਂ ਜੋ ਮਸਲਾ ਵੱਧ ਸਪੱਸ਼ਟ ਹੋ ਸਕੇ। ਜਸਵੰਤ ਸਿੰਘ ਕੰਵਲ ਵਲੋਂ ਹੋਰ ਸਪਸ਼ਟਤਾ।

—ਸੰਪਾਦਕ

## 1. ਹੋਰ ਸਪਸ਼ਟਤਾ

### ਜਸਵੰਤ ਸਿੰਘ ਕੰਵਲ

ਪਿਛਲੇ ਮਹੀਨੇ ਸਮਤਾ ਵਿਚ ਮੇਰੇ ਸਪਸ਼ਟ ਵਿਚਾਰਾਂ ਨੂੰ ਧੁੰਦਲਾਣ ਤੇ ਕੁਰਾਹੇ ਪਾਉਣ ਦੇ ਜਤਨ ਕੀਤੇ ਗਏ ਹਨ। ਕਿਸੇ ਬੀਮਾਰੀ ਦੀ ਤਸ਼ਖ਼ੀਸ ਪਹਿਲੋਂ ਤੇ ਇਲਾਜ ਪਿਛੋਂ ਕੀਤਾ ਜਾਂਦਾ ਹੈ, ਮੂਲ ਤੱਤ ਨੂੰ ਪਾਸੇ ਰਖ ਕੇ ਕੀਤਾ ਵਾਦ ਵਿਵਾਦ ਜਾਬ੍ਹਾਂ ਦਾ ਭੇੜ ਹੀ ਰਹਿ ਜਾਂਦਾ ਹੈ। ਬੀਮਾਰੀ ਦੀ ਜੜ੍ਹ ਹੈ ਪੰਜਾਬ ਨਾਲ ਵਿਤਕਰਾ। ਇਹ ਵਿਤਕਰਾ ਹੋਇਆ ਹੈ ਜਾਂ ਨਹੀਂ ? ਜਿਹੜੀਆਂ ਆਰਥਿਕ ਸਹੂਲਤਾਂ, ਇੰਡਸਟਰੀ, ਜ਼ਬਾਨ ਦੇ ਅਧਾਰ ਤੇ ਸੂਬੇ ਆਦਿ ਦੂਜੇ ਰਾਜਾਂ ਨੂੰ ਦਿੱਤੇ ਹਨ; ਪੰਜਾਬ ਨੂੰ ਨਹੀਂ ਦਿੱਤੇ। ਜੇ ਅਧੂਰਾ ਸੂਬਾ ਦਿੱਤਾ ਤਾਂ ਉਹ ਵੀ ਦੋ ਮੋਰਚੇ ਲਵਾ ਕੇ। ਪੰਜਾਬ ਨੂੰ ਬਿਨਾਂ ਮੋਰਚਿਆਂ ਦੇ ਹੁਣ ਤੱਕ ਕੀ ਮਿਲਿਆ ਹੈ ? ਹੁਣ ਇਹਦੀ ਪੈਦਾਵਾਰ ਦੇ ਵਸੀਲੇ ਪਾਣੀ ਤੇ ਬਿਜਲੀ ਵੀ ਖੋਹ ਕੇ ਦੂਜੇ ਰਾਜਾਂ ਨੂੰ ਦਿੱਤੇ ਜਾ ਰਹੇ ਹਨ। ਇਸ ਵਿਤਕਰੇ ਨੂੰ ਲੋਕਾਂ ਖਾਸਕਰ ਕਿਸਾਨਾਂ ਮਨੋਂ ਮਨੀ ਬੁਰੀ ਤਰ੍ਹਾਂ ਮਹਿਸੂਸ ਕੀਤਾ ਹੈ, ਅਕਾਲੀਆਂ ਇਸ ਵਿਤਕਰੇ ਤੇ ਅਨਿਆਂ ਦੇ ਤੱਤ-ਵਤ ਨੂੰ ਸਮਝਿਆ ਤੇ ਮੋਰਚਾ ਲਾ ਦਿੱਤਾ। ਲੋਕਾਂ ਧੜਾਧੜ ਗਰਿਫਤਾਰੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਕਿਉਂਕਿ ਬਿਜਲੀ ਪਾਣੀ ਹੀ ਪੰਜਾਬ ਦੀ ਆਰਥਿਕਤਾ ਦਾ ਇਕੋ ਇਕ ਅਧਾਰ ਹੈ, ਨਿਰਣਾ ਇਸ ਗੱਲ ਦਾ ਕਰਨਾ ਹੈ, ਮੰਗਾਂ ਹੱਕੀ ਹਨ ਕਿ ਨਹੱਕੀ। ਜਿਹੜੇ ਮੋਰਚੇ ਦੇ ਵਰੁਧ ਹਨ, ਉਹ ਪੰਜਾਬ ਦੀ ਖੁਸ਼ਹਾਲੀ ਦੇ ਹੱਕ ਵਿਚ ਨਹੀਂ। ਜਿਹਨਾਂ ਚੁੱਪ ਧਾਰ ਲਈ, ਉਹ ਇੰਦਰਾ ਸਰਕਾਰ ਦੀ ਅਚੇਤ ਮਦਦ ਕਰ ਰਹੇ ਹਨ। ਬਾਕੀ ਸਮੇਤ ਅਪੋਜ਼ੀਸ਼ਨ ਪਾਰਟੀਆਂ ਦੇ ਇਸ ਮੋਰਚੇ ਦੀਆਂ ਮੰਗਾਂ ਨੂੰ ਸਾਰੇ ਪੰਜਾਬੀਆਂ ਦੀਆਂ ਹੱਕੀ ਸੰਮਝਦੇ ਸਮਰਥਨ ਦੇ ਰਹੇ ਹਨ। ਮੈਂ ਕਿਸੇ ਰਾਜਸੀ ਪਾਰਟੀ ਦਾ ਮੈਂਬਰ ਨਹੀਂ। ਅਕਾਲੀ ਸਿਆਸਤ ਨਾਲ ਕਈ ਪੱਖਾਂ ਵਿਚ ਸਹਿਮਤ ਵੀ ਨਹੀਂ ਪਰ ਪੰਜਾਬ ਦੇ ਹਿੱਤਾਂ ਦੀਆਂ ਹੱਕੀ ਮੰਗਾਂ ਦੀ ਹਮਾਇਤ ਕਰਦਾ ਹਾਂ। ਜੇ ਮੈਂ ਮਾੜਾ ਮੋਟਾ ਲੇਖਕ ਹਾਂ ਤਾਂ ਮੈਨੂੰ ਪੰਜਾਬ ਦੇ ਹੱਕ ਦੀ ਗੱਲ ਸਮੇਂ ਸਿਰ ਆਖਣੀ ਚਾਹੀਦੀ ਹੈ। ਈਦੋਂ ਮਗਰੋਂ ਤੰਬਾ ਫੂਕਣਾ ਏ। ਘੁੰਗਣੀਆਂ ਮੂੰਹ ਪਾਈ ਬੈਠੇ ਲੇਖਕਾਂ ਦਾ ਈਮਾਨ ਸਲਾਮਤ ਰਹੇ।

ਮੁਲਕ ਦੀ ਵੰਡ ਨੂੰ ਕਈ ਭਾਈਆਂ ਫਿਰਕੂ ਨਹੀਂ ਮੰਨਿਆ। ਕਾਂਗਰਸ ਨੇ ਹਿੰਦੂਆਂ, ਮੁਸਲਮ ਲੀਗ ਨੇ ਮੁਸਲਮਾਨਾਂ ਤੇ ਅਕਾਲੀਆਂ ਵਲੋਂ ਸਿਖਾਂ ਦੀ ਕੀਤੀ ਪ੍ਰਤਿ-ਨਿਧਤਾ ਦੇ ਇਤਿਹਾਸਕ ਸੱਚ ਤੋਂ ਵੀ ਇਨਕਾਰ ਕੀਤਾ ਹੈ। ਦਿਨ ਨੂੰ ਰਾਤ ਕਹਿਣ ਵਾਲੇ ਨੂੰ ਤਾਂ ਹੱਥ ਜੋੜ ਕੇ ਪ੍ਰਣਾਮ ਕਰਨੀ ਹੀ ਬਣਦੀ ਹੈ, ਮੈਂ ਫਿਰਕੂ ਵੰਡ ਪਿਛੋਂ ਆਪੇ ਨੂੰ ਸਾਹਿਤ ਨਾਲ ਜੋੜ ਲਿਆ ਸੀ। ਓਦੋਂ ਤੋਂ ਹੀ ਮੈਨੂੰ ਅਕਾਲੀ ਸਿਆਸਤ ਦਾ ਰਾਹ ਧੁੰਦਲਾ ਲੱਗਾ ਹੈ। ਉਸ ਸਮੇਂ ਮੈਂ ਇਕ ਕਹਾਣੀ ਲਿਖੀ ਸੀ 'ਅਸਤੀਫਾ'। ਉਹਦੇ ਬਾਰੇ ਅਕਾਲੀਆਂ ਵਿਚ ਵਾਦ ਵਿਵਾਦ ਛਿੜਿਆ ਸੀ। ਦੇਸ ਦੀ ਵੰਡ ਪਿਛੋਂ ਪੈਪਸੂ ਦੀ ਮੁਜ਼ਾਰਾ ਲਹਿਰ ਪੰਜਾਬ ਵਿਚ ਟਾਕਰੇ ਵਾਲੀ ਅਹਿਮ ਘਟਨਾ ਸੀ। ਉਸ ਨੂੰ ਮੈਂ 'ਰਾਤ ਬਾਕੀ ਹੈ" ਵਿਚ ਲਿਆਉਣ ਦਾ ਨਗੂਣਾ ਜਿਹਾ ਜਤਨ ਕੀਤਾ। ਉਸ ਤੋਂ ਪਿਛੋਂ ਕਿਸਾਨ ਦੇ ਹਿਤਾਂ ਦੀ ਬੈਟਰਮੈਂਟ ਐਜੀਟੇਸ਼ਨ ਲਹਿਰ ਉੱਠੀ। ਮੈਂ ਜੇਲ੍ਹ ਗਿਆ।

ਕੈਨੇਡਾ ਦੇ ਪ੍ਰਸਿੱਧ ਲੇਖਕ ਸਾਧੂ ਦਾ ਪਹਿਲਾ ਕਹਾਣੀ ਸੰਗ੍ਰਹਿ ਕਿਸ ਦਾ ਕਸੂਰ ?
ਪ੍ਰਕਾਸ਼ਕ—ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਅੰਮ੍ਰਿਤਸਰ . ਮੁੱਲ 3/-

ਪਰ ਲਹਿਰ ਵਿਚਕਾਰੇ ਦਮ ਤੋੜ ਗਈ । ਕਮਿਊਨਿਸਟ ਪਾਰਟੀ ਦੇ ਦੋ-ਫਾੜ ਹੋ ਜਾਣ ਪਿਛੋਂ ਨਕਸਲੀ ਲਹਿਰ ਮੁਖ ਘਟਨਾ ਦੇ ਤੌਰ ਤੇ ਉਭਰੀ । ਜਿਸ ਜੋਸ਼ ਤੇ ਸਿਦਕ ਨਾਲ ਅੱਗੇ ਆਈ, ਰਾਜਸੀ ਇਤਿਹਾਸ ਵਿਚ ਇਕ ਵੱਡਾ ਹਲੂਣਾ ਬਣ ਗਈ । ਐਮਰਜੈਂਸੀ ਸਮੇਂ ਸਾਰੇ ਬੁੱਧੀਜੀਵੀਆਂ ਕੁਝ ਵੀ ਆਖਣ ਦੀ ਦਲੇਰੀ ਨਾ ਕੀਤੀ । ਮੈਂ ਲਹਿਰ ਦਾ ਮੈਂਬਰ ਨਹੀਂ ਸਾਂ । ਕੁਝ ਦੋਸਤ ਜ਼ਰੂਰ ਮਿਲਦੇ ਰਹੇ ਸਨ । ਕੁਰਬਾਨੀ ਦੇ ਅਥਾਹ ਡੁਲ੍ਹੇ ਲਹੂ ਬਾਰੇ ਕੁਝ ਨਾ ਆਖਣਾ ਮੈਨੂੰ ਸ਼ਰਮ ਵਾਲੀ ਗੱਲ ਲੱਗੀ । ਮੈਂ ਦੋ ਸਾਲ ਦੀ ਤਿਆਰੀ ਨਾਲ "ਲਹੂ ਦੀ ਲੋਅ" ਵਿਚ ਆਪਣਾ ਮੂਨ ਰੱਖ ਦਿੱਤਾ । ਮੇਰੀ ਸਟੈਂਡ ਉੱਤੇ ਹਰ ਵਾਰ ਵਾਦ-ਵਿਵਾਦ ਛਿੜਿਆ । ਸਮਾਜ ਵਿਚ ਲੋਕ-ਹਿਤਾਂ ਦੀ ਲਹਿਰ ਉੱਠੇ, ਲੇਖਕ ਉਹਦੇ ਬਾਰੇ ਕੁਝ ਨਾ ਆਖੇ, ਮਾੜੀ ਗੱਲ ਹੈ । ਇਸ ਅਕਾਲੀ ਮੋਰਚੇ ਨਾਲ ਲੋਕਾਂ ਖ਼ਾਸ ਤੌਰ ਤੇ ਕਿਸਾਨਾਂ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ । ਭਾਵੇਂ ਆਰਥਿਕ ਪੱਖ ਦੀ ਸਮਝ ਘੱਟ ਹੈ ਅਤੇ ਧਰਮ ਨਾਲ ਜੁੜੀ ਸ਼ਰਧਾ ਤੇ ਵਿਸ਼ਵਾਸ਼ ਵਧੇਰੇ ਭਾਰੂ ਹਨ । ਇਸ ਧਾਰਮਕ ਸ਼ਰਧਾ ਨੂੰ ਲੋਕ ਹਿਤਾਂ ਲਈ ਵਰਤਿਆ ਜਾਵੇ ਜਾਂ ਨਾ ? ਪੰਜਾਬ ਦੀ ਰਾਜਨੀਤੀ ਵਿਚ ਏਹੋ ਇਕ ਮੁੜ ਹੈ; ਜਿਥੇ ਖੱਬੀਆਂ ਪਾਰਟੀਆਂ ਔਖੜੀਆਂ ਹਨ । ਅੱਜ ਲੱਖਾਂ ਲੋਕ ਸ਼ਰਧਾ ਅਧੀਨ ਜੇਲ੍ਹਾਂ ਨੂੰ ਜਾ ਰਹੇ ਹਨ । ਮਾਇਆ ਅਰਦਾਸ ਕਰਵਾ ਰਹੇ ਹਨ । ਅਕਾਲੀਆਂ ਨਾਲ ਜੁੜੇ ਲੋਕ ਘੱਟੋ ਘੱਟ ਇਕ ਦਹਾਕਾ ਤਾਂ ਨਹੀਂ ਟੁੱਟਦੇ । ਲੋਕਾਂ ਦੇ ਮਨ ਦੋ ਤਰ੍ਹਾਂ ਹੀ ਜਿੱਤੇ ਜਾ ਸਕਦੇ ਹਨ; ਜਜ਼ਬੇ ਨਾਲ, ਜਿਸ ਵਿਚ ਸ਼ਰਧਾ ਤੇ ਵਿਸ਼ਵਾਸ਼ ਆ ਜਾਂਦੇ ਹਨ ਤੇ ਦੂਜਾ ਗਿਆਨ । ਸਮਾਜੀ ਸੂਝ ਦੇਣ ਵਾਲਿਆਂ (ਕਮਿਊਨਿਸਟਾਂ) ਜਜ਼ਬੇ ਦਾ ਮੁਹਾਜ਼ ਖਾਲੀ ਛੱਡ ਦਿੱਤਾ । ਅਕਾਲੀਆਂ ਉਹਦੇ ਉੱਤੇ ਕਬਜ਼ਾ ਕਰ ਲਿਆ ਤੇ ਨਾਲ ਹੀ ਇਨਕਲਾਬੀ ਵਿਰਸੇ ਦੇ ਮਾਲਕ ਬਣ ਬੈਠੇ । ਲੋੜਿਆ ਗਿਆਨ ਨਾਲ ਨਹੀਂ ਜਾਂਦਾ; ਸਪਿਰਟ ਹੀ ਛਾਲ ਮਾਰ ਕੇ ਅੱਗੇ ਆਉਂਦੀ ਹੈ । ਗਿਆਨ ਤਾਂ ਉਸ ਜਦੋ ਜਹਿਦ ਨੂੰ ਤਰਤੀਬ ਹੀ ਦੇਂਦਾ ਹੈ । ਮੈਂ ਬਹੁਤਾ ਆਸਵੰਦ ਨਹੀਂ, ਅਕਾਲੀ ਲੋਕ ਹਿਤਾਂ ਦਾ ਕੋਈ ਸਾਰਥਕ ਸਮਝੌਤਾ ਕਰ ਲੈਣਗੇ । ਪਰ ਮੈਂ ਇਹਨਾਂ ਹੱਕੀ ਮੰਗਾਂ ਨੂੰ ਠੀਕ ਸਮਝਦਾ ਹਾਂ ਤੇ ਚਾਹੁੰਦਾ ਹਾਂ ਇਹਨਾਂ ਦੀ ਪੂਰਤੀ ਕੀਤੀ ਜਾਵੇ । ਜ਼ਰੂਰੀ ਗੱਲ ਹੈ, ਮੋਰਚੇ ਵਿਚ ਹਿੱਸਾ ਲੈਣ ਵਾਲਿਆਂ ਨੂੰ ਜਜ਼ਬੇ ਦੀ ਲੋੜਾਈ ਤੋਂ ਅਗਾਂਹ ਸੂਝ ਦਿੱਤੀ ਜਾਵੇ : 'ਤੁਹਾਡੀ ਮੰਜ਼ਲ ਸਾਂਝੀਵਾਲਤਾ ਤੱਕ ਹੈ ।' ਬੁਧੀਮਾਨ ਜੇ ਲੜਾਕੂ ਲੋਕਾਂ ਦੇ ਨੇੜੇ ਹੀ ਨਹੀਂ ਜਾਣਗੇ ਤਾਂ ਗਿਆਨ ਅੰਨ੍ਹੀਆਂ ਗਲੀਆਂ ਵਿਚ ਵੱਖ ਧੱਕੇ ਖ਼ਾਈ ਜਾਵੇਗਾ ਤੇ ਲੜਾਕੂ ਜੋਸ਼ ਆਪਣਾ ਲਹੂ ਅਜਾਈਂ ਬਹਾ ਕੇ ਇਕ ਦਿਨ ਠੰਡਾ ਪੈ ਜਾਵੇਗਾ । ਇਉਂ ਇਤਿਹਾਸ ਵਿਚ ਕਦੀ ਵਾਰ ਵਾਪਰਿਆ ਹੈ । ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਫਰਜ਼ ਵਜੋਂ ਆਪਣਾ ਹਿੱਸਾ ਲਿਖ ਕੇ ਪਾਉਣ ਦੇ ਜਤਨ ਕਰਦਾ ਰਿਹਾ ਹਾਂ ।

ਮੈਂ ਦਰਿਆਵਾਂ ਤੇ ਹੱਕ ਪੰਜਾਬ ਦਾ ਮੰਨਦਾ ਹਾਂ । ਪੰਜਾਬ ਨਾਂ ਦਰਿਆਵਾਂ ਕਾਰਨ ਪਿਆ ਹੈ । ਕੌਮਾਂਤਰੀ ਕਾਨੂੰਨ ਤੇ ਭੂਗੋਲਿਕ ਦਰਿਸ਼ਟੀ ਤੋਂ ਦਰਿਆ, ਪਹਾੜ ਤੇ ਜੰਗਲ ਆਦਿ ਉਸ ਰਾਜ ਦੀ ਮਲਕੀਅਤ ਮੰਨੇ ਜਾਂਦੇ ਹਨ; ਜਿਹਨਾਂ ਵਿਚ ਸਥਿਤ ਹੁੰਦੇ ਹਨ । ਆਪਣੀ ਲੋੜ ਤੋਂ ਫਾਲਤੂ ਅਨਾਜ ਨਾਲ, ਜਿਵੇਂ ਕਿਸਾਨ ਮੰਡੀ ਵਿਚੋਂ ਆਪਣੀ ਵਰਤੋਂ ਦੀਆਂ ਚੀਜ਼ਾਂ ਵਟਾਉਂਦਾ ਹੈ; ਤਿਵੇਂ ਅਸੀਂ ਫਾਲਤੂ ਪਾਣੀ ਨਾਲ ਆਪਣੀਆਂ ਹੋਰ ਲੋੜਾਂ ਪੂਰੀਆਂ ਕਰ ਸਕਦੇ ਹਾਂ । ਹੁਣ ਰੇੜਕਾ ਇਹ ਹੈ ਦਰਿਆ ਪੰਜਾਬ ਦੇ ਹਨ ਜਾਂ ਹਰਿਆਣੇ ਤੇ ਰਾਜਸਥਾਨ ਦੇ ? ਇਸ ਪਾਣੀ ਦਾ ਫ਼ੈਸਲਾ ਸੈਂਟਰ, ਅਥਵਾ ਰਾਜਸਥਾਨ ਤੇ ਹਰਿਆਣਾ ਕਿਉਂ ਕਰੇ ? ਸਮੱਸਿਆ ਮਾਲਕੀ ਦੀ ਵਧ ਤੇ ਪਾਣੀ ਦੀ ਕਾਣੀ ਵੰਡ ਦੀ ਘੱਟ ਹੈ । ਗਲਤ ਹੋਇਆ ਸਮਝੌਤਾ ਦੋਬਾਰਾ ਮੁੜ ਟੁੱਟੇਗਾ ।

ਪਾਣੀ ਤੇ ਬਿਜਲੀ ਪੰਜਾਬ ਲਈ ਜ਼ਿੰਦਗੀ ਮੌਤ ਦਾ ਸਵਾਲ ਹਨ । ਬਿਜਲੀ ਖੇਤੀ ਨਾਲ ਹੀ ਨਹੀਂ, ਇੰਡਸਟਰੀ ਨਾਲ ਬੁਰੀ ਤਰ੍ਹਾਂ ਜੁੜੀ ਹੋਈ ਹੈ । ਪੰਜਾਬ ਵਿਚ ਇੰਡਸਟਰੀ ਕੋਲੇ ਤੇ ਤੇਲ ਨਾਲ ਚਲਾਉਣੀ ਵੱਡੀ ਭੁੱਲ ਹੋਵੇਗੀ । ਇਸ ਗੱਲ ਨੂੰ ਹਰ ਸਰਮਾਏਦਾਰ ਸਮਝਦਾ ਹੈ । ਕਿਉਂਕਿ ਕੋਲਾ ਗੈਸ ਪੰਜਾਬ ਤੋਂ ਦੂਰ ਦੇ ਰਾਜਾਂ ਦੀ ਪੈਦਾਵਾਰ ਹਨ । ਇਹ ਸਪਲਾਈ ਕਿਸੇ ਵੀ ਐਮਰਜੈਂਸੀ ਵਿਚ ਰੁਕ ਸਕਦੀ ਹੈ ਤੇ ਸਨਅਤ ਦਾ ਭੱਠਾ ਬਹਿ ਸਕਦਾ ਹੈ । ਪਾਣੀ ਵਾਲੀ ਸਸਤੀ ਬਿਜਲੀ ਦੂਜੇ ਰਾਜਾਂ ਨੂੰ ਦੇ ਕੇ ਪੰਜਾਬ ਡੰਡੇ ਹੀ ਵਜਾਵੇਗਾ । ਪੰਜਾਬ ਨੂੰ ਥਰਮਲ ਪਲਾਂਟਾਂ ਦੇ ਰਾਹ ਪਾਇਆ ਜਾ ਰਿਹਾ ਹੈ । ਬਠਿੰਡੇ ਦਾ ਸਫ਼ੈਦ ਹਾਥੀ ਕਦੇ ਕੋਲੇ ਨਾਲ ਰੱਜਿਆ ਨਹੀਂ ਤੇ ਨਾ ਹੀ ਕਦੇ ਉਹਦੇ ਚਾਰੇ ਯੂਨਿਟ ਚਲੇ ਹਨ । ਅਸਲ ਵਿਚ ਕੋਲੇ ਤੇ ਤੇਲ ਦੀ ਲੋੜ ਕਾਰਨ, ਸੈਂਟਰ ਪੰਜਾਬ ਦੀ ਗਿੱਚੀ ਆਪਣੇ ਗੋਡੇ ਹੇਠ ਹਮੇਸ਼ਾਂ ਰੱਖਣਾ ਚਾਹੁੰਦਾ ਹੈ । ਪੰਜਾਬ ਕੋਲ ਬਿਜਲੀ ਹੋਵੇਗੀ ਤਾਂ ਇੰਡਸਟਰੀ ਖੁਲ੍ਹ ਕੇ ਚਲੇਗੀ । ਬੇਰੋਜ਼ਗਾਰੀ ਘਟੇਗੀ । ਖਰੀਦਦਾਰੀ ਵਧੇਗੀ । ਕਰਜ਼ਾਈ ਪੰਜਾਬ ਨੂੰ ਆਰਥਿਕ ਪੱਖੋਂ ਸਾਹ-ਸੁਖਾਲਾ ਆਵੇਗਾ । ਵਪਾਰੀ ਤੇ ਗਾਹਕ ਵਿਚਕਾਰ ਤਰੇੜ ਘਟੇਗੀ ।

ਮੈਂ ਅਸਲ ਵਿਚ ਦੋ ਮੰਗਾਂ ਨੂੰ ਹੀ ਵੱਧ ਮਹੱਤਤਾ ਦੇਂਦਾ ਹਾਂ; ਬਿਜਲੀ ਪਾਣੀ ਤੇ ਵਧ ਅਧਿਕਾਰ । ਵਧ ਅਧਿਕਾਰਾਂ ਦੀ ਲੋੜ ਸਭ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਨੇ ਕੀਤੀ ਸੀ, ਜਦੋਂ ਚੂਣੀ ਤੇ ਬਹੁਸੰਮਤੀ ਵਿਚ

ਹੁੰਦੀ ਕਾ. ਨਮੂਦਰੀਪਾਦ ਦੀ ਵਜ਼ਾਰਤ, ਨਹਿਰੂ ਸਰਕਾਰ ਨੇ ਤੋੜੀ ਸੀ, ਪਾਰਟੀ ਨੇ ਸਮਝਿਆ ਸਾਰੇ ਅਧਿਕਾਰ ਤਾਂ ਸੈਂਟਰ ਆਪਣੇ ਕੋਲ ਨੱਪੀ ਬੈਠਾ ਹੈ। ਖੇਤੀ ਮਹਿਕਮਾ ਰਾਜਾਂ ਕੋਲ ਹੈ; ਪਰ ਭਾਅ ਸੈਂਟਰ ਨੀਅਤ ਕਰਦਾ ਹੈ। ਇਸ ਸਾਲ 151 ਰੁਪਏ ਤੋਂ 152 ਰੁਪਏ ਫੀ ਕੁਇੰਟਲ ਭਾਅ ਨੀਅਤ ਕਰਨਾ ਮਜ਼ਾਕ ਨਹੀਂ, ਧੱਕਾ ਹੈ। ਖੇਤੀ ਲਈ ਵਰਤਦੀਆਂ ਚੀਜ਼ਾਂ ਦੇ ਭਾਅ ਤੇਲ ਸਮੇਤ ਕਿੱਥੇ ਗਏ ਹਨ, ਮਸ਼ੀਨਰੀ ਕਿੰਨੀ ਮਹਿੰਗੀ ਹੋਈ ਹੈ। ਕਿਉਂਕਿ ਠੀਕ ਭਾਅ ਦੇਣ ਨਾਲ ਪੰਜਾਬ ਦੇ ਕਿਸਾਨ ਨੂੰ ਸਾਹ ਸੁਖਾਲਾ ਆਉਂਦਾ ਹੈ। ਪਰ ਸੈਂਟਰ ਨੇ ਦੇਣੀ ਉਸ ਨੂੰ ਮੋਰਚੇ ਵਿਚ ਕੁੱਦਣ ਦੀ ਸਜ਼ਾ ਹੈ। ਇਹ ਚਾਲ ਕਿਸਾਨ ਤਾਂ ਸਮਝਦਾ ਹੈ, ਪਰ ਕਿਸਾਨ ਲਈ ਇਨਕਲਾਬ ਲਿਆਉਣ ਵਾਲੀਆਂ ਪਾਰਟੀਆਂ ਨੇ ਚਿਰਾਂ ਤੋਂ ਕੰਨਾਂ ਵਿਚ ਕੌੜਾ ਤੇਲ ਪਾ ਛੱਡਿਆ ਹੈ। ਜੇ ਇਹਨਾਂ ਦੀ ਭੋਰਾ ਜਿੰਨੀ ਵੀ ਕਿਸਾਨ ਨਾਲ ਹਮਦਰਦੀ ਹੁੰਦੀ, ਉਹ ਅਕਾਲੀਆਂ ਨਾਲ ਕਦੇ ਨਾ ਜਾਂਦਾ। ਉੱਠਿਆ ਆਪ ਤੋਂ ਨਾ ਜਾਵੇ, ਫਿੱਟੇ ਮੂੰਹ ਗੋਡਿਆਂ ਦੇ। ਕੌਮਾਂਤਰੀ ਭਾਅ ਤੋਂ ਕਿਸਾਨ ਨੂੰ ਫੀ ਕੁਇੰਟਲ ਅੱਸੀ ਰੁਪਏ ਘਟ ਕੀਮਤ ਦਿੱਤੀ ਗਈ ਹੈ। ਜੇ ਕਿਸਾਨੀ ਘਾਟੇ ਦੇ ਅੰਕੜੇ ਸਨ ਸੱਠ ਤੋਂ ਹੀ ਲੈ ਕੇ ਜੋੜੇ ਜਾਣ, ਐਨੀ ਵੱਡੀ ਰਕਮ ਬਣਦੀ ਹੈ, ਜਿਸ ਨਾਲ ਭਾਰਤ ਕਣਕ ਵੇਚਣ ਵਾਲੇ ਦੇਸ਼ਾਂ ਦਾ ਆਰਥਿਕ ਪੱਖੋਂ ਪੰਜ ਵਾਰ ਗੁਲਾਮ ਬਣ ਚੁੱਕਾ ਹੁੰਦਾ। ਦੇਸ ਦੀ ਆਰਥਿਕਤਾ ਨੂੰ ਪੰਜਾਬ ਨੇ ਥੰਮਾ ਦੇਈ ਰੱਖਿਆ ਹੈ। ਇਸ ਲਈ ਵੀ ਇਸ ਨੂੰ ਵਿਤਕਰੇ ਵਾਲੀ ਸਜ਼ਾ ਦਿੱਤੀ ਜਾ ਰਹੀ ਹੈ। ਕੋਲਾ ਤੇ ਤੇਲ ਪੈਦਾ ਕਰਨ ਵਾਲੇ ਰਾਜਾਂ ਨੂੰ ਰਾਇਲਟੀ ਮਿਲਦੀ ਹੈ ਤੇ ਪੰਜਾਬ ਨੂੰ ਰਗੜਾ। ਪੰਜਾਬ ਐਨੀ ਵੱਡੀ ਲੁੱਟ ਦੀ ਸਜ਼ਾ ਕਿੰਨਾ ਕੁ ਚਿਰ ਭੁਗਤੇਗਾ ? ਇਸ ਲਈ ਵਧ ਅਧਿਕਾਰ ਬੁਨਿਆਦੀ ਲੋੜ ਬਣ ਗਏ ਹਨ। ਰਾਜਾਂ ਨੂੰ ਵਧ ਅਧਿਕਾਰ ਦੇਣ ਨਾਲ ਜਿਹੜੇ ਸੈਂਟਰ ਕਮਜ਼ੋਰ ਹੋਣ ਦਾ ਬਹਾਨਾ ਲਾਉਂਦੇ ਹਨ; ਉਹਨਾਂ ਨੂੰ ਕੋਈ ਪੁੱਛੇ, ਰੂਸ, ਅਮਰੀਕਾ, ਕਨੇਡਾ ਤੇ ਮਲੇਸ਼ੀਆ ਆਦ ਦੇਸ ਕਿੰਨੇ ਕੁ ਕਮਜ਼ੋਰ ਹੋ ਗਏ ਹਨ। ਇਸ ਪਿਛੇ ਤਕੜੇ ਤਕੜੇ ਤੇ ਮਾੜੇ ਮਾੜੇ ਰਹਿਣ ਦਾ ਸਿਧਾਂਤ ਕੰਮ ਕਰ ਰਿਹਾ ਹੈ, ਵਧ ਅਧਿਕਾਰ ਇਕੱਲੇ ਅਕਾਲੀ ਨਹੀਂ ਲੈ ਸਰਨਗੇ। ਇਕ ਵਿਸ਼ਾਲ ਸਾਂਝਾ ਮੁਹਾਜ਼ ਚਾਹੀਦਾ ਹੈ। ਜੇ ਵਧ ਅਧਿਕਾਰ ਨਹੀਂ ਮਿਲਣਗੇ, ਆਰਥਿਕ ਗੁਲਾਮੀ ਦੀ ਛੌਂਟ ਹੰਢਾਣ ਲਈ ਤਿਆਰ ਰਹਿਣਾ ਚਾਹੀਦਾ ਹੈ, ਖਾਸ ਤੌਰ ਤੇ ਕਿਰਤੀ ਜਮਾਤਾਂ ਨੂੰ

ਕਾਂਗਰਸ ਸਰਕਾਰ ਨੇ ਮੁਸਲਮ ਤੇ ਹਿੰਦੂ ਯੂਨੀਵਰਸਟੀਆਂ ਕਾਇਮ ਕਰਕੇ ਫਿਰਕੂ ਭਾਵਨਾ ਦੀ ਆਪੂੰ ਨੀਂਹ ਰਖੀ ਹੈ। ਫਿਰ ਹਰਿਦਵਾਰ ਤੇ ਕਾਂਸ਼ੀ ਨੂੰ ਪਵਿਤਰ ਸ਼ਹਿਰ ਕਰਾਰ ਦੇ ਕੇ ਦੂਜੇ ਫਿਰਕਿਆਂ ਦੀ ਸੋਚਣੀ ਨੂੰ ਵੀ ਇਸ ਰਾਹ ਪਾ ਦਿੱਤਾ। ਹਿੰਦੋਸਤਾਨ ਤਾਂ ਸਾਰਾ ਹੀ ਪਵਿਤਰ ਸੀ। ਅਜ ਅੰਮ੍ਰਿਤਸਰ, ਕਲ ਨੂੰ ਅਜਮੇਰ ਸ਼ਰੀਫ, ਪਰਸੋਂ ਪੁਰੀ ਤੇ ਉਜੈਨ ਆਦਿ ਦੀ ਵਾਰੀ ਆਵੇਗੀ ਤੇ ਗਲ ਕਿਤੇ ਨਹੀਂ ਮੁੱਕੇਗੀ। ਇਸ ਡੂੰਮਣੇ ਮਖੀਰ ਵਿਚ ਕਾਂਗਰਸ ਸਰਕਾਰ ਨੇ ਹੀ ਪਹਿਲੀਆਂ ਇੱਟਾਂ ਮਾਰੀਆਂ ਹਨ। ਹੁਣ ਸਰਕਾਰ ਅੰਮ੍ਰਿਤਸਰ ਨੂੰ ਪਵਿਤਰ ਸ਼ਹਿਰ ਕਰਾਰ ਦੇਣੋਂ ਕਿਵੇਂ ਭੱਜੇਗੀ ਜਾਂ ਕਾਂਸ਼ੀ ਹਰਿਦਵਾਰ ਦੀ ਪਵਿਤਰਤਾ ਵਾਪਸ ਲਵੇਗੀ।

ਸਮਤਾ ਵਿਚ ਖਾਲਸਤਾਨ ਦੀ ਬੜੀ ਰੱਟ ਲਈ ਹੈ। ਪੰਜਾਬ ਖੁਸ਼ਹਾਲ, ਭਾਰਤ ਖੁਸ਼ਹਾਲ ਦੀ ਏਕਤਾ ਵਿਚ ਯਕੀਨ ਰਖਦਾ ਹਾਂ। ਇਹ ਮੰਗ ਅਕਾਲੀ ਦਲ ਦੀ ਨਹੀਂ। ਉਹਨਾਂ ਨੂੰ ਬਦਨਾਮ ਕਰਨ ਲਈ ਵਖਵਾਦੀ ਕਹਿ ਕੇ ਕਾਂਗਰਸੀ ਲੀਡਰਾਂ ਤੇ ਵਜ਼ੀਰਾਂ ਬਹੁਤਾ ਪ੍ਰਾਪੇਗੰਡਾ ਕੀਤਾ ਹੈ। ਕੌਮੀ ਪ੍ਰੈਸ ਨੇ ਵੀ ਅਣਹੋਇਆ ਉਛਾਲਿਆ ਹੈ। ਭਾਵੇਂ ਉਹ ਨਾਂਹਰਾਤਮਕ ਪੱਖ ਤੋਂ ਹੀ ਪੇਸ਼ ਕਰਦੀ ਰਹੀ ਹੈ। ਪਰ ਜਿਸ ਗਲ ਨੂੰ ਬਾਰ ਬਾਰ ਅੱਗੇ ਲਿਆਂਦਾ ਜਾਵੇਗਾ; ਉਸ ਦਾ ਪ੍ਰਤਿਕਰਮ ਜਾਗਣਾ ਕੁਦਰਤੀ ਹੈ। ਵਿਨਾਸ਼ਕਾਰੀ ਪੱਖ ਦਾ ਜ਼ਿਕਰ, ਆਪਣੇ ਪੈਰ ਕੁਹਾੜੀ ਮਾਰਨ ਵਾਲੀ ਗਲ ਹੈ। ਇਹ ਮੰਗ ਪੰਜਾਬ ਦੇ ਹਿੱਤ ਵਿਚ ਨਹੀਂ ਤੇ ਨਾ ਹੀ ਬਾਹਰ ਵਸਦੇ ਪੰਜਾਬੀਆਂ ਲਈ ਲਾਭਕਾਰੀ ਹੈ।

ਅਕਾਲੀ ਟਿਕਟ ਲੈ ਕੇ ਅਸੈਂਬਲੀ ਵਿਚ ਜਾਣ ਵਾਲੀ ਗੱਲ ਅਸਲੋਂ ਹਾਸੋ ਹੀਣੀ ਹੈ। ਸਾਹਿਤਕਾਰੀ ਛੱਡਕੇ ਰਾਜਸੀ ਦਲਦਲ ਵਿਚ ਆਵਾਂਗਾ ? ਨਾ ਪਿਆਰੇ ਭੁੱਲ ਕੇ ਵੀ ਨਾ। ਅਸੈਂਬਲੀ ਅਲੈਕਸ਼ਨ ਪੰਜ ਸਤ ਲੱਖ ਤੇ ਪਾਰਲੀਮੈਂਟ ਦਾ ਤਾਂ ਹਿਸਾਬ ਹੀ ਛੱਡੋ। ਲੱਖਾਂ ਤਾਂ ਟਿਕਟ ਹਾਸਲ ਕਰਨ ਲਈ ਚਾਹੀਦੇ ਹਨ ਤੇ ਨਾਲ ਈਮਾਨ ਵੀ ਵੇਚਣਾ ਪੈਂਦਾ ਹੈ। ਗਾਂਧੀ ਦੇ ਸ਼ਬਦਾਂ ਵਾਲਾ ਰਾਮਰਾਜ ਅਸਲੋਂ ਭ੍ਰਿਸ਼ਟ ਚੁੱਕਾ ਹੈ। ਇਸ ਨੂੰ ਤਾਂ ਕਾਮੇ ਦੀ ਡਿਕਟੇਟਰਸ਼ਿਪ ਹੀ ਸਾਫ ਕਰੇਗੀ। ਹੁਣ ਤਾਂ ਉਸ ਦੇ ਆਉਣ ਤੱਕ ਖੁਆਰੀ ਤੇ ਲੁਟਾਈ ਦਾ ਪੰਧ ਤਹਿ ਕਰਨਾ ਪੈਣਾ ਹੈ। ਐਨਾ ਨੀਵਾਂ ਸੋਚਣ ਦੀ ਲੋੜ ਨਹੀਂ। ਮੇਰੇ ਕੋਲ ਮਾਨਸਿਕ ਤਸੱਲੀ ਵਾਲਾ ਸਾਹਿੱਤਕ ਸਟੈਂਡ ਹੈ।

ਦੇਸੋਂ ਬਾਹਰ ਜਾਣ ਵਾਲੇ ਦੋ ਬੇੜੀਆਂ ਦੇ ਸਵਾਰ ਹਨ। ਇਸ ਸਭਿਆਚਾਰ ਤੋਂ ਉਹਨਾਂ ਟੁੱਟ ਜਾਣਾ ਹੈ ਤੇ ਦੂਜੇ ਵਿਚ ਸਮਾ ਨਹੀਂ ਹੋਣਾ। ਉਹਨਾਂ ਦੀ ਤੀਜੀ ਚੌਥੀ ਪੀਹੜੀ ਸਥਾਨਕ ਕਲਚਰ ਵਿਚ ਬਦਰੰਗ ਢੰਗ ਨਾਲ ਖਲਤ ਮਲਤ ਹੋ ਜਾਵੇਗੀ। ਉਹ ਸੱਚ ਨੂੰ ਸਵੀਕਾਰ ਨਾ ਵੀ ਕਰਨ, ਪਰ ਹੋਣਾ ਤਾਂ ਹੋਣਾ ਹੈ। ਨਿਰੇ ਨਾ ਰੱਖ ਲੈਣ

ਨਾਲ ਕਲਚਰ ਬਚ ਸਕਦਾ। ਬਾਕੀ ਸਭ 'ਵਾ ਵਿਚ ਤਲਵਾਰਾਂ ਮਾਰਨਾ ਹੈ।

ਛੋਟੇ ਰਾਜਾਂ ਨੂੰ ਫਲੋਟਿੰਗ ਵੋਟਾਂ ਨਾਲ ਦਬਾਉਣ ਦਾ ਰਵਾਜ ਪੈ ਚੱਲਿਆ ਹੈ। ਆਸਾਮ ਪਿਛੋਂ ਪੰਜਾਬ ਉਤੇ ਇਹ ਤਜਰਬਾ ਕੀਤਾ ਜਾ ਰਿਹਾ ਹੈ। ਸੈਂਟਰ ਦੀ ਸਰਮਾਏਦਾਰੀ ਨੂੰ ਪੰਜਾਬ ਹਰ ਪੱਖੋਂ ਅੜਨ ਕਾਰਨ ਚੁਭਦਾ ਹੈ। ਇਹਦਾ ਕਿਸਾਨ ਮਿਹਨਤੀ ਹੋਣ ਨਾਲ ਯੂ. ਪੀ. ਬਿਹਾਰ ਦੇ ਕਿਸਾਨ ਨਾਲੋਂ ਕਿਤੇ ਨਰੋਆ ਇਨਕਲਾਬੀ ਵਿਰਸਾ ਰੱਖਦਾ ਹੈ। ਉਸ ਦੀ ਪਿੱਠ ਉਤੇ ਕੁਰਬਾਨੀਆਂ ਦੇ ਕੇ ਮੱਲਾਂ ਮਾਰਨ ਦਾ ਇਤਿਹਾਸ ਹੈ। ਜਿਸ ਕਾਰਨ ਉਸ ਦਾ ਹੌਸਲਾ ਤੇ ਜ਼ੋਰ ਜ਼ੁਲਮ-ਜਬਰ ਦੇ ਖਿਲਾਫ਼ ਸਮੇਂ ਸਮੇਂ ਬਗਾਵਤਾਂ ਕਰਦਾ ਰਿਹਾ ਹੈ। ਸਰਮਾਏਦਾਰੀ ਆਰ-ਥਿਕ ਪੱਖੋਂ ਇਸਨੂੰ ਨਤਾਣਾ ਬਣਾਕੇ ਤਹਿ ਕਰਨਾ ਚਾਹੁੰਦੀ ਹੈ। ਇਹ ਪੋਲੀਟੀਕਲ ਚਾਲ ਗੁੱਝੀ ਛਿਪੀ ਨਹੀਂ। ਪੰਜਾਬ ਦਾ ਮੁੱਖ ਮੰਤਰੀ ਸੈਂਟਰ ਨੇ ਹਮੇਸ਼ਾ ਮੰਨੇ ਕਾ ਸਿੱਖ ਹੀ ਬਣਾ-ਇਆ ਹੈ। ਪਾਰਲੀਮੈਂਟ ਦੇ ਘੁਦੋਂ ਮੈਂਬਰਾਂ ਪੰਜਾਬ ਨਾਲ ਹੁੰਦੇ ਧੱਕਿਆਂ ਬਾਰੇ ਕਦੇ ਝੂਠ ਝੂਠ ਵੀ ਹਾਹ ਦਾ ਨਾਅਰਾ ਨਹੀਂ ਮਾਰਿਆ ਦੂਜੇ ਸੈਂਟਰ ਸਰਮਾਏਦਾਰ ਪੰਜਾਬੀਆਂ ਦਾ ਬਾਹਰ ਜਾਣਾ ਤੇ ਹੋਰ ਰਾਜਾਂ ਦੀ ਲੇਬਰ ਦਾ ਪੰਜਾਬ ਵਿਚ ਆਉਣਾ ਆਪਣੇ ਇਰਾਦਿਆਂ ਦੀ ਪਰਵਾਨਗੀ ਲਈ ਨੇਕ ਚਾਲ ਸਮਝਦਾ ਹੈ। ਇਹ ਗੱਲ ਇਕ ਸਾਧਾਰਨ ਆਦਮੀ ਵੀ ਜਾਣਦਾ ਹੈ, ਜਿਸ ਦੇਸ ਵਿਚੋਂ ਉਸ ਦੇ ਅਸਲੀ ਵਸਨੀਕ ਨਿਕਲਦੇ ਰਹਿਣ ਤੇ ਬਾਹਰੋਂ ਦਸ ਗੁਣਾਂ ਵਧ ਆਉਂਦੇ ਰਹਿਨ, ਉਹਦਾ ਆਰਥਚਾਰ ਤੇ ਸਭਿਆ-ਚਾਰ ਤਬਾਹ ਹੀ ਹੋਵੇਗਾ। ਖਾਸ ਤੌਰ ਤੇ ਪੜੇ ਲਿਖੇ ਤੇ ਹੁਨਰਮੰਦ ਬੰਦੇ ਨਿਕਲਣ ਨਾਲ ਕਈ ਪ੍ਰਕਾਰ ਦੀ ਗਰੀਬੀ ਆਉਂਦੀ ਹੈ। ਉਹਨਾਂ ਦੇ ਕੁਝ ਲੱਖ ਰੁਪਏ ਭੇਜਣ ਨਾਲ ਬਹੁਤਾ ਫਰਕ ਨਹੀਂ ਪੈਂਦਾ; ਜਦੋਂ ਇਕਲੇ ਕਣਕ ਝੋਨੇ ਵਿਚੋਂ ਅਰਬਾਂ ਰੁਪਇਆ ਛੱਡਿਆ ਜਾਂਦਾ ਹੈ। ਆਰਥਿਕ ਤੇ ਸਭਿਆਚਾਰਕ ਪੱਖੋਂ ਹਰ ਛੋਟੇ ਰਾਜ ਨੂੰ ਅੰਦਰਲੀ ਖੁਦ ਮੁਖਤਿਆਰੀ ਦੀ ਗਰੰਟੀ ਮਿਲਣੀ ਚਾਹੀਦੀ ਹੈ। ਨਹੀਂ ਤਾਂ ਹਰ ਪੱਖ ਦੀ ਗੁਲਾਮੀ ਹੰਢਾਉਣੀ ਪਵੇਗੀ। ਇਸਤਰਾਂ ਦੀ ਗੁਲਾਮੀ ਢੋਣ ਵਿਚ ਸਰਮਾਏਦਾਰ ਦੇ ਪਿਛਾਣੇ ਕਦਮਾਂ ਦੀ ਹਮਾਇਤ ਕਰਨ ਵਾਲੇ ਦੀ ਭਾਗੀ ਬਣਨਗੇ। ਕੰਮ ਕੋਈ ਕਿਤੇ ਕਰੇ; ਵੋਟਾਂ ਬਾਈ ਡਾਕ ਆਪਣੇ ਰਾਜਾਂ ਵਿਚ ਭੇਜਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ।

ਮੈਂ ਪਹਿਲਾਂ ਵੀ ਲਿਖਿਆ ਹੈ, ਇਹ ਮੋਰਚਾ ਵੱਡੇ ਸੱਜੇ ਤੇ ਛੋਟੇ ਸੱਜੇ ਦੇ ਵਿਚਕਾਰ ਚਲ ਰਿਹਾ ਹੈ। ਇਸ ਵਿਚੋਂ ਕਾਂਗਰਸ ਹਿਦੂੰਆਂ ਨੂੰ ਜੋੜ ਜਾਵੇਗੀ ਤੇ ਅਕਾਲੀ ਸਿਖਾਂ ਨੂੰ। ਸਾਫ ਹੋ ਜਾਵੇਗਾ ਖੱਬਾ ਫਰੰਟ। ਚਾਹੀਦਾ ਇਹ ਸੀ ਵੱਡੀ ਸਰਮਾਏਦਾਰੀ ਨੂੰ ਮੁੱਖ ਦੁਸ਼ਮਨ ਮਿਥ ਕੇ ਛੋਟੀ ਦੀ ਮਦਦ ਕੀਤੀ ਜਾਂਦੀ ਅਤੇ ਕਿਸਾਨੀ ਵਿਚ ਨਰੋਏ ਪੈਰ ਜਮਾਏ ਜਾਂਦੇ। ਕਾਮੇ ਕਿਸਾਨ ਦੀ ਬਦਕਿਸਮਤੀ ਕਿ ਲੈਫਟ ਫਰੰਟ ਨੇ ਉਸ ਦੀ ਬਾਂਹ ਨਹੀਂ ਫੜੀ। ਮੁਸੀਬਤਾਂ ਮਾਰੇ ਕਿਸਾਨ ਨੇ ਕਿਤੇ ਤਾਂ ਜਾਣਾ ਹੀ ਸੀ। ਧਾਰਮਕ ਜੋਸ਼ ਦੇ ਪ੍ਰਕਾਰ ਅਕਾਲੀ ਉਸ ਨੂੰ ਧੂਹ ਕੇ ਲੈ ਗਏ। ਖੱਬਾ ਨਿਰੀ ਨੁਕਤਾਚੀਨੀ ਕਰਨ ਜੋਗਾ ਰਹਿ ਗਿਆ। ਮਤੇ ਪਾਸ ਕਰਨਾ ਤੇ ਸਮੇਂ ਸਮੇਂ ਬਿਆਨ ਦੇ ਛੱਡਣਾ ਤਾਂ ਪਰੈਸ ਵਿਚ ਮੂੰਹ ਦਖਾਉਣ ਦਾ ਰਵਾਜ ਬਣ ਗਿਆ ਹੈ। ਲੋਕ ਤਾਂ ਰੋਜ਼ ਅਮਲ ਨਾਲ ਪਸੀਜਦੇ ਹਨ। ਇਹ ਜੋੜ ਵਿਛੋ-ੜਦੀ ਮੈਨੂੰ ਨਹੀ ਲਗਦਾ ਦਸ ਬਾਰਾਂ ਸਾਲ ਤੱਕ ਰੰਧੀ ਜਾਵੇ। ਲੋਕ ਫਿਰ ਮਾਰ ਖਾਣਗੇ, ਲੁਟੇ ਜਾਣਗੇ, ਇਹ ਗੜਬੜੀ ਜਾਰੀ ਰਹੇਗੀ; ਜਿਸ ਵਿਚ ਸਰਮਾਏਦਾਰੀ ਦੀ ਚਾਂਦੀ ਹੀ ਚਾਂਦੀ ਹੋਵੇਗੀ।

ਜਿੰਨਾ ਚਿਰ ਪੰਜਾਬ ਵਿਚ ਖੱਬਾ ਸਾਂਝਾ ਮਹਾਜ਼ ਨਹੀ ਉਸਰਦਾ; ਧਹੀ ਸੇਧ ਵਿਚ ਕਦਮ ਨਹੀਂ ਉਡਦੇ, ਮੋਰਚਾ ਮੁਲਤਵੀ ਕਰਵਾਉਣ ਦੀ ਥਾਂ ਉਹਦੀਆਂ ਸਹੀ ਮੰਗਾਂ ਦਾ ਸਮਰਥਨ, ਅਸਲੀ ਸ਼ਕਲ ਵਿਚ ਦਿੱਤਾ ਜਾਵੇ। ਇਉਂਹੀ ਕਿਸਾਨੀ ਦਾ ਗਵਾਇਆ ਵਿਸ਼ਵਾਸ਼ ਮੋੜਿਆ ਜਾ ਸਕਦਾ ਹੈ। ਲੱਛੇਦਾਰ ਤਕਰੀਰਾਂ ਲੋਕਾਂ ਦਾ ਕੁਝ ਨਹੀਂ ਸਵਾਰ ਸਕਦੀਆਂ। ਇੰਦਰਾ ਗਾਂਧੀ ਆਖਦੀ ਹੈ, "ਪੰਜਾਬੀ ਤਾਂ ਬਹੁਤ ਬਹਾਦਰ ਹਨ।" ਏਨੀ ਤਾਰੀਫ ਕਰਨ ਨਾਲ ਉਸ ਦੇ ਪੱਲਿਓਂ ਕੁਝ ਨਹੀਂ ਜਾਂਦਾ ਤੇ ਪੰਜਾਬੀਆਂ ਨੂੰ ਮਿਲਦਾ ਕੁਝ ਨਹੀਂ। ਬਹਾਦਰੀ ਨੂੰ ਫੂਕ ਛਕਾ ਕੇ ਇਹਨੂੰ ਬਲੀ ਦਾ ਬਕਰਾ ਬਣਾਈ ਰਖੋ। ਲੋਕ ਤਾਂ ਅਮਲ ਵੇਖਦੇ ਹਨ। ਜਿਹੜੇ ਇਸ ਮੈਦਾਨ ਵਿਚ ਪੂਰੇ ਉਤਰਨਗੇ; ਖੁਸ਼ੀ ਗੱਡੀ ਖਿੱਚ ਕੇ ਲੈ ਜਾਣਗੇ।

ਇਹ ਵਿਚਾਰ ਮੈਂ ਉਮਰ, ਤਜਰਬੇ, ਸਾਹਿਤ ਤੇ ਇਤਿਹਾਸ ਤੋਂ ਅਪਨਾਏ ਹਨ। ਮੈਨੂੰ ਕਿਸਾਨਾਂ ਦੇ ਪੱਖ ਵਿਚ ਖਲੋਣਾ ਵਰਤਮਾਨ ਵਿਚ ਸਹੀ ਲਗਦਾ ਹੈ। ਮਜ਼ਦੂਰ ਸਾਥੀਆਂ ਵਿਚ ਮੈਂ ਰਿਹਾ ਨਹੀਂ, ਕੋਈ ਮੌਕਾ ਹੀ ਨਹੀਂ ਜੁੜਿਆ। ਏਸੇ ਕਾਰਨ ਉਹਨਾਂ ਬਾਬੇ ਲਿਖਿਆ ਨਹੀਂ। ਪਰ ਮੈਂ ਮਜ਼ਦੂਰ ਨੂੰ ਕਿਸਾਨ ਦਾ ਆਗੂ ਭਰਾ ਮੰਨਦਾ ਹਾਂ ਮੈਨੂੰ ਵਿਰਸੇ ਵਿਚ ਕਿਸਾਨੀ ਮਿਲੀ ਹੈ। ਪੰਜਾਬੀ ਤੇ ਸਿਖ ਹੋਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਵਫਾ ਕਰਨ ਵਾਲੇ ਨਰੋਏ ਵਿਰਸੇ ਨੂੰ ਤਬਾਹ ਹੁੰਦਿਆਂ ਵੇਖਣਾ ਮੇਰੇ ਲਈ ਅਸਹਿ ਹੈ, ਮੈਂ ਪੰਜਾਬ ਨੂੰ ਹਰ ਪਖੋਂ ਖੁਰ ਰਿਹਾ ਵੇਖ ਰਿਹਾ ਹਾਂ, ਜੋ ਮੈਂ ਅਨੁਭਵ ਕੀਤਾ, ਬਿਨਾ ਝਿਜਕ ਕਹਿ ਦਿੱਤਾ, ਜਿਹਨੀ ਅਯਾਸ਼ੀ ਤੇ ਫੈਸ਼ਨ ਵਜੋਂ ਲਿਖਣਾ ਮੈਨੂੰ ਗੁਨਾਹ ਲਗਦਾ ਹੈ, ਇਹ ਮੇਰਾ ਆਖਰੀ ਲੇਖ ਹੈ। ਹੁਣ ਮੈਂ ਆਪਣਾ ਧਿਆਨ "ਅੰਨਿਆਂ 'ਚ ਉਠਿਆ ਸੂਰਮਾ" ਨਾਵਲ ਉਤੇ ਕੇਂਦਰਿਤ ਕਰ ਰਿਹਾ ਹਾਂ। ○

## 2. ਜਸਵੰਤ ਸਿੰਘ ਕੰਵਲ ਨੂੰ ਕੀ ਹੋ ਗਿਆ ਏ ?

**ਪ੍ਰੀਤਮ ਸਿੰਘ ਪ੍ਰਵਾਨਾ**

ਜਦੋਂ ਦਾ ਕੰਵਲ ਯੂਰਪ ਤੋਂ ਹੋ ਕੇ ਮੁੜਿਆ ਏ, ਉਸ ਬਾਰੇ 'ਸਮਤਾ' ਵਿਚ ਬੜੀਆਂ ਅਜੀਬੋ-ਗਰੀਬ ਗੱਲਾਂ ਪੜ੍ਹੀਆਂ ਹਨ। ਕੁਝ ਗੱਲਾਂ ਤਾਂ ਅਜਿਹੀਆਂ ਸਨ ਜਿਨ੍ਹਾਂ ਬਾਰੇ ਇਹ ਯਕੀਨ ਹੀ ਨਹੀਂ ਸੀ ਆਉਂਦਾ ਕਿ ਉਹ ਕੰਵਲ ਨੇ ਕਹੀਆਂ ਹੋਣਗੀਆਂ। ਮੇਰੇ ਮਨ ਵਿਚ ਕੰਵਲ ਦਾ ਬਿੰਬ 'ਰਾਤ ਬਾਕੀ ਹੈ' 'ਤਾਰੀਖ ਵੇਖਦੀ ਹੈ' ਅਤੇ 'ਲਹੂ ਦੀ ਲੋਅ' ਵਾਲੇ ਕੰਵਲ ਦਾ ਸੀ। ਪਰ ਜਿਹੜੇ ਦਰਸ਼ਨ 'ਸਮਤਾ' ਦੇ ਕੁਝ ਪਿਛਲੇ ਪਰਚਿਆਂ ਰਾਹੀਂ ਅਤੇ ਖਾਸਕਰ ਇਸਦੇ ਜਨਵਰੀ, 1984 ਦੇ ਅੰਕ ਰਾਹੀਂ ਹੋਏ ਹਨ, ਉਹ 'ਕੰਵਲ' ਤਾਂ ਬਿਲਕੁਲ ਹੀ ਸਿਰ ਪਰਨੇ ਹੋਇਆ ਜਾਪਦਾ ਏ। 'ਕੰਵਲ' ਦੀਆਂ ਲਿਖਤਾਂ ਵੀ ਪੜ੍ਹੀਆਂ ਅਤੇ ਉਸ ਨਾਲ ਮਿਲਣੀਆਂ ਵੀ ਬਹੁਤ ਕੀਤੀਆਂ ਪਰ ਉਹ ਕਦੇ ਵੀ ਏਨਾ ਸੰਕੀਰਨ ਕੱਟੜ ਦਿਖਾਈ ਨਹੀਂ ਸੀ ਦਿੱਤਾ ਜਿੰਨਾ ਉਹ ਕੈਨੇਡਾ ਵਾਲਿਆਂ ਦੇ ਸਵਾਲਾਂ ਦਾ ਜਵਾਬ ਦੇਣ ਲੱਗਾ ਦਿਸਿਆ ਏ। ਸੱਚੀ ਗੱਲ ਤਾਂ ਇਹ ਵੇ ਕਿ ਉਹ ਅਜਿਹਾ ਤਾਲੋਂ ਘੁੱਸਾ ਏ ਕਿ ਤਾਲ-ਬੇਤਾਲ ਗਾਈ ਤੁਰਿਆ ਜਾਂਦਾ ਏ। ਇਸੇ ਕਰਕੇ ਹੀ ਉਸ ਵਿਚ ਸਵੈ-ਵਿਰੋਧ ਅਤੇ ਵਿਚਾਰਧਾਰਕ ਅਸਪਸ਼ਟਤਾ ਸਾਫ਼ ਨਜ਼ਰੀਂ ਪੈਂਦੇ ਹਨ। ਕਿਤੇ ਉਹ ਕੱਟੜ ਪੰਜਾਬ-ਵਾਦ ਜਿਹੇ ਨਿੱਕ-ਬੁਰਜੂਆ ਵਿਚਾਰਾਂ ਵਿਚ ਗੜੁੱਚ ਦਿਖਾਈ ਦੇਂਦਾ ਏ ਅਤੇ ਕਿਤੇ ਤਿਲਕ ਕੇ ਫਿਰਕਾ-ਪ੍ਰਸਤੀ ਦੀ ਖਾਈ ਵਿਚ ਡਿੱਗ ਕੇ ਹੱਥ-ਗੋਡੇ ਤੁੜਵਾਉਂਦਾ ਨਜ਼ਰ ਆਉਂਦਾ ਏ। ਅਸੀਂ ਉਸ ਦੇ ਕੁਝ ਨੁਕਤਿਆਂ ਉਪਰ ਏਥੇ ਵਿਚਾਰ ਕਰਾਂਗੇ।

ਉਹ ਕਹਿੰਦੇ ਹਨ ਕਿ "ਸੰਤ ਜਰਨੈਲ ਸਿੰਘ ਇਸ ਵੇਲੇ ਸਿਖ ਹਲਕਿਆਂ ਵਿਚ ਸਭ ਤੋਂ ਵੱਧ ਸ਼ਰਧਾ ਰੱਖਣ ਵਾਲਾ ਹੈ।" ਇਹ ਵਾਕ ਹੀ ਉਲਟ ਪ੍ਰਭਾਵ ਦੇਂਦਾ ਹੈ। ਕਹਿਣਾ ਇੰਝ ਚਾਹੀਦਾ ਸੀ ਕਿ ਸਿੱਖ ਹਲਕੇ ਸੰਤ ਜਰਨੈਲ ਸਿੰਘ ਵਿਚ ਸਭ ਤੋਂ ਵੱਧ ਸ਼ਰਧਾ ਰੱਖਦੇ ਹਨ। ਪਰ ਮੈਂ ਕੰਵਲ ਜੀ ਕੋਲੋਂ ਪੁੱਛਦਾ ਹਾਂ ਕਿ ਬੱਬਰ ਖਾਲਸਾ ਦੇ ਸੰਤ ਜਰਨੈਲ ਸਿੰਘ ਦੇ ਸਾਮ੍ਹਣੇ ਆ ਖੜੋਣ ਨਾਲ ਹੁਣ ਉਸ ਵਿਚ ਸ਼ਰਧਾ ਰੱਖਣ ਵਾਲੇ ਸਿੱਖ ਹਲਕੇ ਕਿੱਥੇ ਗਏ ਹਨ। ਅਸਲ 'ਚ ਸ਼ਰਧਾ ਕੁਝ ਉਹ ਮਧਵਰਗੀ ਬੁਧੀਜੀਵੀ ਰੱਖਦੇ ਹਨ ਜਿਹੜੇ ਸੰਤ ਹੋਰਾਂ ਦੇ ਗਰਮ ਨਾਅਰਿਆਂ ਦੀ ਰੌਸ਼ਨੀ ਵਿੱਚ ਖਾਲਸਤਾਨ ਅੱਜ-ਭਲਕ ਬਣਿਆ ਸਮਝਦੇ ਹਨ ਅਤੇ ਉੱਚ ਪਦਵੀਆਂ ਪ੍ਰਾਪਤ ਕਰਨ ਦੀ ਉਡੀਕ ਵਿਚ ਹਨ। ਇਸ ਤੋਂ ਵੱਧ ਬੁੱਧੂਆਂ ਦੀ ਬਹਿਸ਼ਤ ਵਿਚ ਰਹਿਣ ਵਾਲੀ ਹੋਰ ਕਿਹੜੀ ਗੱਲ ਹੈ।

2. ਕੰਵਲ ਜੀ ਬਾਹਰੋਂ ਆਏ 'ਭਈਆਂ' ਦੀ ਗੱਲ ਕਰਦੇ ਤਾਂ ਅਸਲੋਂ ਹੀ ਬੋਥਵੀਆਂ ਮਾਰਨ ਲੱਗ ਪੈਂਦੇ ਹਨ। ਉਹ 'ਭਈਆਂ' ਦੇ ਪੱਕੇ ਤੌਰ ਤੇ ਪੰਜਾਬ ਵਿਚ ਵੱਸਣ ਦੀ ਸੰਭਾਵਨਾ ਤੋਂ ਤਾਂ ਬਹੁਤ ਭੈ-ਭੀਤ ਹਨ ਪਰ ਇਹ ਭੁੱਲ ਜਾਂਦੇ ਹਨ ਕਿ ਜਿਹੜੇ ਪੰਜਾਬ, ਹਰਿਆਣਾ, ਯੂ. ਪੀ., ਮੱਧ-ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਪੱਕੇ ਤੌਰ ਤੇ ਵੱਸੇ ਹੋਏ ਹਨ (ਖਾਸਕਰ ਸਿਖ ਕਿਸਾਨ) ਜੇ ਕੰਵਲ ਸਾਹਿਬ ਦਾ ਇਹੋ ਫਾਰਮੂਲਾ ਉਹਨਾਂ ਉਤੇ ਵਰਤਿਆ ਜਾਵੇ ਤਾਂ ਪੰਜਾਬ ਦੀ ਵਾਹੀਯੋਗ ਜ਼ਮੀਨ ਉਪਰ ਤਾਂ ਪੈਰ ਧਰਨ ਨੂੰ ਥਾਂ ਨਾ ਰਹਿ ਜਾਵੇ। ਕੰਵਲ ਜੀ, ਕੀ ਉਹ ਕਿਸਾਨ ਫਿਰ ਪਾਨ ਦੀਆਂ ਦੁਕਾਨਾਂ ਕਰਨਗੇ। ਤੇ ਜੇ ਉਹਨਾਂ ਆ ਕੇ ਦੁਕਾਨਦਾਰੀ ਸਾਂਭ ਲਈ ਤਾਂ ਦੂਜੇ ਪ੍ਰਦੇਸ਼ਾਂ ਵਿਚ ਵੱਸੇ ਦੁਕਾਨਦਾਰ ਅਤੇ ਟ੍ਰਾਂਸਪੋਰਟਰ ਪੰਜਾਬੀ ਵਾਪਸ ਪੰਜਾਬ ਆ ਕੇ ਫਿਰ ਕੀ ਕਰਨਗੇ।

ਕੰਵਲ ਜੀ, ਆਪਣੀ ਗ਼ਲਤ ਗੱਲ ਨੂੰ ਠੀਕ ਸਿਧ ਕਰਨ ਲਈ ਭਈਆਂ ਦੀ ਆਬਾਦੀ ਪੰਜਾਬ ਵਿਚ ਅੱਧੋ ਅੱਧ ਦੱਸਣ ਵਰਗਾ ਝੂਠ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਪਰ ਕੰਵਲ ਜੀ ਜਦੋਂ ਪੱਕੇ ਤੌਰ ਤੇ ਵੱਸਣ ਦਾ ਵਿਰੋਧ ਕਰਦੇ ਹਨ (ਭਈਆਂ ਦੇ) ਤਾਂ ਉਹ ਧਨਾਢ ਕਿਸਾਨਾਂ ਦੇ ਅੰਦਰਲੇ ਨੂੰ ਬਾਹਰ ਲੈ ਆਉਂਦੇ ਹਨ। ਉਹ ਭਈਆਂ ਕੋਲੋਂ ਸਸਤੇ ਭਾਅ ਕਣਕ ਵਢਾਉਣ, ਝੋਨਾ ਲਵਾਉਣ ਅਤੇ ਝੜਵਾਉਣ ਲਈ ਤਾਂ ਉਹਨਾਂ ਦਾ ਸਵਾਗਤ ਕਰਦੇ ਹਨ ਪਰ ਇਥੇ ਵੱਸਣ ਦਾ ਵਿਰੋਧ। ਜੇ ਇਹੋ ਹੀ ਗੱਲ ਹਰਿਆਣਾ, ਯੂ. ਪੀ. ਅਤੇ ਰਾਜਸਥਾਨ ਦੇ ਪੰਜਾਬੀਆਂ ਅਤੇ ਸਿੱਖਾਂ ਦੇ ਸੰਬੰਧ ਵਿਚ ਵਰਤਿਆ ਜਾਵੇ ਤਾਂ ਬਾਹਰਲੇ ਸੂਬਿਆਂ ਦੇ ਕਿਸੇ ਬੰਦੇ ਦਾ ਐਮ. ਐਲ. ਏ. ਜਾਂ ਵਜ਼ੀਰ ਬਣਨਾ ਤਾਂ ਕਿਧਰੇ, ਕਦੇ ਕਿਸੇ ਨੇ ਗ੍ਰਾਮ ਪੰਚਾਇਤ ਤੋਂ ਲੈ ਕੇ ਅਸੈਂਬਲੀ ਤੱਕ ਚੋਣ ਲੜਨ ਲਈ ਨਾਮ-ਜ਼ਦਗੀ ਦੇ ਕਾਗਜ਼ ਤੱਕ ਵੀ ਦਾਖਲ ਨਹੀਂ ਕੀਤੇ। ਫਿਰ ਕੰਵਲ ਜੀ ਤੁਸੀਂ ਡਰੀ ਕਿਉਂ ਜਾਂਦੇ ਹੋ ਅਤੇ ਹੀਣਤਾ ਭਾਵ ਤਿਆਗਦੇ ਕਿਉਂ ਨਹੀਂ ?

ਇਕ ਹੋਰ ਕਮਾਲ ਦੀ ਗੱਲ ਕੰਵਲ ਜੀ ਨੇ ਕਹੀ ਹੈ। "ਕਿਸੇ ਸੋਸ਼ਲਿਸਟ ਦੇਸ ਨੇ ਬਾਹਰਲੇ ਮਜ਼ਦੂਰਾਂ ਨੂੰ ਆਪਣੇ ਦੇਸ ਵਿੱਚ ਵੜਨ ਨਹੀਂ ਦਿੱਤਾ।" ਕੀ ਪੰਜਾਬ ਰੂਸ ਜਾਂ ਦੂਜੇ ਸੋਸ਼ਲਿਸਟ ਦੇਸਾਂ ਵਾਂਗ ਇਕ ਵੱਖਰਾ ਦੇਸ ਹੈ ਯੂ.ਪੀ. ਅਤੇ ਹਰਿਆਣਾ ਨਾਲੋਂ। ਨਾਲੇ ਕੰਵਲ ਜੀ, ਤੁਹਾਡੀ ਗਿਆਤ ਲਈ, ਰੂਸ ਵਿਚ ਰੂਸੀ ਕੌਮੀਅਤ ਦੂਜੀਆਂ ਸਾਰੀਆਂ ਕੌਮੀਅਤਾਂ ਨਾਲੋਂ ਵਧੇਰੇ ਉੱਨਤ ਕੌਮੀਅਤ ਅਤੇ ਇਸ ਦੀ ਗਿਣਤੀ ਵੀ ਸੋਵੀਅਤ ਯੂਨੀਅਨ ਦੀ ਕੁੱਲ ਆਬਾਦੀ ਦੇ ਅੱਧ ਦੇ ਬਰਾਬਰ ਹੈ। ਇਸ

ਕੌਮੀਅਤ ਦੇ ਬਸ਼ਿੰਦੇ ਬਾਕੀ ਸਾਰੀਆਂ ਰੀਪਬਲਿਕਾਂ ਵਿਚ ਜਾ ਕੇ ਕੰਮ ਵੀ ਕਰਦੇ ਹਨ ਅਤੇ ਇਸ ਤਰ੍ਹਾਂ ਬਾਕੀ ਰੀਪਬਲਿਕਾਂ ਦੇ ਬਾਸ਼ਿੰਦੇ ਵੀ ਦੂਜੀਆਂ ਰੀਪਬਲਿਕਾਂ ਵਿਚ ਜਾ ਕੇ ਕੰਮ ਵੀ ਕਰਦੇ ਹਨ ਅਤੇ ਪੱਕੇ ਤੌਰ ਤੇ ਵੱਸ ਵੀ ਜਾਂਦੇ ਹਨ । ਤੁਹਾਡਾ ਮਨਸ਼ਾ ਅਸਲ ਵਿਚ ਏਨਾ ਸਭਿਆਚਾਰਕ ਨਹੀਂ, ਜਿੰਨਾ ਧਨਾਢ ਕਿਸਾਨੀ ਦੀ ਬਾਕੀ ਪੰਜਾਬੀਆਂ ਉੱਪਰ ਚੌਧਰ ਜਮਾਉਣ ਦੀ ਲਾਲਸਾ ਦੀ ਪਿੱਠ ਪੂਰਨ ਦਾ ਹੈ ।

3. ਇਹ ਠੀਕ ਹੈ ਕਿ ਭਾਰਤ ਵਿਚ ਸੈਕੂਲਰਇਜ਼ਮ ਨੂੰ ਕਾਫੀ ਢਾਅ ਲੱਗੀ ਹੈ । ਪਰ ਕੀ ਫਿਰਕਾ ਪ੍ਰਸਤੀ ਦੇ ਘੋੜੇ ਉਤੇ ਚੜ੍ਹ ਕੇ ਸੈਕੂਲਰਇਜ਼ਮ ਨੂੰ ਸਹੀ ਅਰਥਾਂ ਵਿਚ ਸਥਾਪਤ ਕੀਤਾ ਜਾ ਸਕਦਾ ਹੈ । ਫਿਰ ਹੁਣ ਗੱਲ ਕੇਵਲ ਸਿਖ ਫਿਰਕੇ ਦੇ ਹਿੱਤਾਂ ਦੀ ਰੱਖਿਆ ਦੀ ਹੀ ਨਹੀਂ ਰਹਿ ਗਈ, ਸੰਤ ਭਿੰਡਰਾਂ ਵਾਲੇ ਨੇ ਤਾਂ ਰਾਧਾਸਵਾਮੀਆ, ਨਾਮ-ਧਾਰੀਆਂ, ਨਿਰੰਕਾਰੀਆਂ ਅਤੇ ਕਮਿਊਨਿਸਟਾਂ ਨੂੰ ਆਪਣੇ ਦੁਸ਼ਮਣ ਗਰਦਾਨ ਕੇ ਅਤੇ ਸਮੁੱਚੇ ਹਿੰਦੂਆਂ ਨੂੰ ਸਾਮ-ਰਾਜੀ ਕਹ ਕੇ ਪੰਜਾਬ ਵਿਚ ਖੁਮੈਨੀ ਵਾਦ ਦੀ ਨੀਂਹ ਰੱਖ ਦਿਤੀ ਹੈ । ਇਸ ਬਾਰੇ ਤੁਹਾਡਾ ਕੀ ਖਿਆਲ ਹੈ ਕੰਵਲ ਜੀ ?

ਤੁਸੀ. ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕਰਦਿ-ਆਂ ਪੰਜਾਬੀਆਂ ਨੂੰ ਸਿਖਾਂ ਦੇ ਬਰਾਬਰ ਅਤੇ ਸਿਖਾਂ ਨੂੰ ਅਕਾਲੀਆਂ ਦੇ ਬਰਾਬਰ ਕਰ ਦੇਂਦੇ ਹੋ । ਕੀ ਕਝ ਕੁ ਲੱਖ ਭਈਆਂ ਦੇ ਪੰਜਾਬ 'ਵਿਚ ਵਸਣ ਨਾਲ ਪੰਜਾਬੀ-ਅਤ ਖਤਮ ਹੋ ਜਾਵੇਗੀ ? ਪਰ ਇਸ ਤੋਂ ਕਿਤੇ ਵਧ ਪੰਜਾਬੀਆਂ ਦੇ ਹਰਿਆਨਾ, ਰਾਜਸਥਾਨ ਅਤੇ ਯੂ. ਪੀ ਵਿਚ ਵਸਣ ਨਾਲ ਉਹਨਾ ਪ੍ਰਾਂਤਾਂ ਦਾ ਕਲਚਰ ਕਿੰਵੇਂ ਖਤਮ ਨਹੀਂ ਹੋਵੇਗਾ ? ਇਹ ਸਿਧਾਂਤ ਬੜੇ ਭਿਆਨਕ ਸਿੱਟੇ ਕਢੇਗਾ ਕੰਵਲ ਜੀ । ਜ਼ਰਾ ਸੋਚੋ ।

ਜਿਥੋਂ ਤੱਕ ਕੰਵਲ ਜੀ ਸੂਬਿਆਂ ਨੂੰ ਵਧੇਰੇ ਅਧੀ-ਕਾਰ ਦੇਣ ਦਾ ਸਵਾਲ ਹੈ । ਤੁਹਾਡਾ ਇਹ ਕਹਿਣਾ ਬਿਲ-ਕੁਲ ਨਿਰਮੂਲ ਹੈ ਕਿ ਇਹ ਮੰਗ ਸਭ ਤੋਂ ਪਹਿਲਾਂ ਇਕੱਲੇ ਅਕਾਲੀਆਂ ਨੇ ਹੀ ਉਠਾਈ ਹੈ । ਜਨਤਾ ਰਾਜ ਵੇਲੇ ਜੀਉਤੀ ਬਾਸੂ ਅਤੇ ਸ਼ੇਖ-ਅਬਦੁੱਲਾ ਦੀ ਪਹਿਲ ਕਦਮੀ ਉਤੇ ਰਾਜਾਂ ਨੂੰ ਵਧੇਰੇ ਹੱਕ ਦੇਣ ਦੇ ਮਸਲੇ ਉਤੇ ਵਿਚਾਰ ਕਰਨ ਲਈ ਚੰਡੀਗੜ੍ਹ ਵਿਚ ਮੁੱਖ-ਮੰਤ੍ਰੀਆਂ ਦੀ ਇਕ ਮੀਟਿੰਗ ਦੀ ਮੇਜ਼ਬਾਨੀ ਕਰਨਾ ਮੰਨ ਕੇ ਅਕਾਲੀ ਮੁੱਖ-ਮੰਤ੍ਰੀ ਮੁਰਾਜੀ ਦੀ ਇਕ ਘੁਰਕੀ ਸੁਣ ਕੇ ਮੈਦਾਨੋ ਭੱਜ ਗਿਆ ਸੀ ।

ਤੁਸੀਂ ਕਹਿੰਦੇ ਹੋ ਕਿ ਅਕਾਲੀ 'ਮੁੱਢ ਤੋਂ ਹੀ ਸਿੱਖਧਾਰਾ ਅਨੁਸਾਰ' ਸੋਚਦੇ ਆਏ ਹਨ । ਕੀ ਸਿੱਖ ਧਾਰਾ ਦਾ ਮਤਲਬ ਫਿਰਕਾਪ੍ਰਸਤੀ ਹੈ ਜਾਂ ਤਰਨ ਤਾਰਨ ਲਾਗੇ ਹੋਏ ਕਤਲਾਂ ਵੇਲੇ ਬਾਬਾ ਅਜੀਤ ਸਿੰਘ ਵਲੋਂ ਨਿਭਾਇਆ ਗਿਆ ਰੋਲ ਸਿੱਖਧਾਰਾ ਹੈ । ਵਿਰੋਧੀ ਵਿਚਾਰ ਰੱਖਣ ਵਾਲੇ ਬੇਗੁਨਾਹਾਂ ਦਾ ਕਤਲ ਕਦੇ ਵੀ ਸਿੱਖਧਾਰਾ ਦੇ ਅਨੁਕੂਲ ਨਹੀਂ ਹੋ ਸਕਦਾ । ਤੁਸੀਂ ਵੀ ਇਹ ਤਾਂ ਕਹਿੰਦੇ ਹੋ ਕਿ 'ਬੇਗੁਨਾਹਾਂ ਦਾ ਕਤਲ ਭਾਰੀ ਅਪਰਾਧ ਹੈ' ਪਰ ਇਹ ਫਰਜ਼ ਕਰ ਕੇ ਕਿ ਸਿੱਖ ਹਲਕਿਆਂ ਵਿਚ ਸੰਤ ਜਰਨੈਲ ਸਿੰਘ ਨਾਲ ਬਹੁਤ ਸ਼ਰਧਾ ਹੈ, ਸੰਤ ਜਰਨੈਲ ਸਿੰਘ ਦੀ ਬੇਗੁਨਾਹਾਂ ਦੇ ਕਤਲਾਂ ਨੂੰ ਹੱਕੀ ਠਹਿਰਾਉਣ ਦੀ ਗੱਲ ਸਾਰੇ ਸਿੱਖ ਹਲਕਿਆਂ ਗੱਲ ਮੜ੍ਹ ਦੇਂਦੇ ਹੋ ।

ਕੰਵਲ ਜੀ, ਤੁਸਾਂ ਸੁਰਿੰਦਰ ਸਿੰਘ ਦੀ ਚਿੱਠੀ ਦੇ ਉਤਰ ਵਿਚ ਕਿਹਾ ਹੈ ਕਿ 'ਪੰਜਾਬ ਭਾਸ਼ਾ ਪੱਖੋਂ ਘੱਟ ਗਿਣਤੀ ਵਿਚ ਹੋ ਗਿਆ ਲਗਦਾ ਏ ।' ਇਹ ਇਲਮ ਤੁਹਾਨੂੰ ਕਿਥੋਂ ਹੋਇਆ ਹੈ । ਇਹ ਤਾਂ ਅੰਨਾ ਵੀ ਜਾਣਦਾ ਹੈ ਕਿ ਪੰਜਾਬ ਵਿਚ ਗ਼ੈਰ ਪੰਜਾਬੀਆਂ ਦੀ ਗਿਣਤੀ ਕੁਝ ਲੱਖਾਂ ਤੋਂ ਵੱਧ ਨਹੀਂ ਹੈ । ਫਿਰ ਡੇਢ ਕਰੋੜ ਦੇ ਕਰੀਬ ਪੰਜਾਬੀ ਘੱਟ ਗਿਣਤੀ ਵਿਚ ਕਿਵੇਂ ਹੋ ਗਏ ?

ਤੁਹਾਡਾ ਅਸਲ, ਕੰਵਲ ਜੀ, ਇਹ ਵਾਕ ਨੰਗਾ ਕਰ ਦੇਂਦਾ ਹੈ । 'ਹਿੰਦੁਸਤਾਨ ਵਿਚ ਹਿੰਦੂ, ਉਹ ਵੀ ਫ਼ਿਰਕੂ ਭਾਵਨਾ ਵਾਲੀ ਹਿੰਦੂ ਬੁਰਜਵਾਜ਼ੀ ਰਾਜ ਕਰ ਰਹੀ ਹੈ ।' ਕੰਵਲ ਜੀ ਕੀ ਬੁਰਜਵਾਜ਼ੀ ਦਾ ਕੋਈ ਧਰਮ ਹੁੰਦਾ ਹੈ ? ਜੇ ਹਾਂ, ਤਾਂ ਫਿਰ ਇਹ ਬੁਰਜਵਾਜ਼ੀ ਹਿੰਦੂ ਗ਼ਰੀਬਾਂ ਉਤੇ ਕਿਉਂ ਅਤਿਆਚਾਰ ਕਰਦੀ ਹੈ । ਜਾਂ ਫਿਰ ਇਹ ਤਾਂ ਦੱਸੋ ਕਿ ਬਾਦਲ ਸਰਕਾਰ ਨੇ ਆਪਣੇ ਸਮੇਂ 80 ਦੇ ਕਰੀਬ ਨਕਸਲੀਆਂ ਨੂੰ, ਜਿਨ੍ਹਾਂ ਵਿਚ ਬਹੁਤ ਵੱਡੀ ਗਿਣਤੀ ਸਿਖਾਂ ਦੀ ਸੀ, ਕਿਉਂ ਗੋਲੀਆਂ ਨਾਲ ਉਡਾ ਦਿੱਤਾ ਸੀ । ਕੰਵਲ ਜੀ, ਲੋਟੂਆਂ ਦਾ ਕੋਈ ਧਰਮ ਨਹੀਂ ਹੁੰਦਾ ।

ਕੰਵਲ ਜੀ, ਤੁਹਾਡੀ ਹਾਲਤ ਆਹਲਣਿਓਂ ਡਿੱਗੇ ਬੋਟ ਵਰਗੀ ਹੈ । ਜਿਧਰ ਦੀ ਹਵਾ ਚੱਲੀ, ਓਧਰ ਹੀ ਉਡਾਰੀ ਮਾਰ ਦਿੱਤੀ । ਜਦੋਂ ਕਮਿਊਨਿਸਟ ਤਹਿਰੀਕ ਚੜ੍ਹਤ ਵਿੱਚ ਸੀ, ਤੁਸਾਂ 'ਰਾਤ ਬਾਕੀ ਹੈ' ਲਿਖ ਦਿੱਤਾ । ਨਕਸਲੀ ਉਠੇ ਤਾਂ, 'ਲਹੂ ਦੀ ਲੋਅ' ਝਰੀਟ ਮਾਰੀ, ਹਾਲਾਂਕਿ ਉਸ ਵਿਚ ਨਕਸ਼ਲੀਆਂ ਦੀ ਹੀ ਗਤ ਬਣਾ ਦਿੱਤੀ ਸੀ । ਜੇ ਹੁਣ ਵਕਤੀ ਤੌਰ ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਮਧਵਰਗੀ ਸਿੱਖ ਹਲਕੇ ਫਿਰਕੂ ਜ਼ਹਿਰ ਅਧੀਨ ਵਾਹਵਾ ਕਰਨ ਲੱਗੇ ਹਨ ਤਾਂ ਤੁਸੀਂ ਓਧਰ ਉਲਰ ਗਏ ਹੋ । ਇਹ ਤਾਂ ਦੱਸੋ, ਹੁਣ ਅੱਗੋਂ ਕਿਹਦੇ ਪਿੱਛੇ ਲੱਗਣਾ ਹੈ । ਸਾਧਾਂ ਦੀ ਕੁੱਤੀ ਵਾਲੀ ਤਾਂ ਨਾ ਕਰੋ, ਕਿ ਜਿਸਦੇ ਪਿੰਡੇ ਨੂੰ ਸਵਾਂ ਲੱਗੀ ਵੇਖਦੀ ਹੈ, ਉਹਦੇ ਮਗਰ ਹੀ ਪੂਛ ਹਲਾਉਂਦੀ ਤੁਰ ਪੈਂਦੀ ਹੈ । ਸੰਭਲੋ, ਕੰਵਲ ਜੀ, ਸਿੱਖੀ ਦੀਆਂ ਰਵਾਇਤਾਂ ਬੇਸ਼ੱਕ ਯਾਦ ਰੱਖੋ, ਪਰ ਆਪਣੀ ਪਿਛੋਕੜ ਅਤੇ ਰਵਾਇਤਾਂ ਤਾਂ ਨਾ ਭੁੱਲੋ ।○

Post Office No. P/AR—133
Registered with the Registrar, News Papers, Vide No. MA/12397-D dated 14 8 80

## 3. ਜਸਵੰਤ ਸਿੰਘ ਕੰਵਲ ਬਾਰੇ/ਬਖਸ਼ਿੰਦਰ ਸਿੰਘ

ਜਸਵੰਤ ਸਿੰਘ ਕੰਵਲ ਨੇ ਪੰਜਾਬੀ ਸਭਿਆਚਾਰ ਨੂੰ ਖਤਰੇ ਦਾ ਅਨੁਭਵ ਕੀਤਾ ਹੈ। ਅਕਾਲੀਆਂ ਵਲੋਂ ਉਠਾਈਆਂ ਗਈਆਂ ਮੰਗਾਂ ਦਾ ਉਸ ਵਲੋਂ ਸਮਰਥਨ ਦਲੀਲ ਵਾਲੀ ਗੱਲ ਕਿਹਾ ਜਾ ਸਕਦਾ ਹੈ, ਪਰ ਟਪਲਾ ਕੰਵਲ ਨੇ ਉਸ ਵੇਲੇ ਖਾਧਾ ਜਦੋਂ ਮੰਗਾਂ ਦਾ ਸਮਰਥਨ ਕਰਦੇ ਹੋਏ ਉਹਨੇ ਸੰਤ ਭਿੰਡਰਾਂ ਵਾਲਿਆਂ ਨੂੰ ਵੀ ਵਡਿਆਇਆ ਅਤੇ ਉਹਦੇ ਮਨਫੀ ਕਿਰਦਾਰ ਦਾ ਨੋਟਿਸ ਨਾ ਲਿਆ। ਭਿੰਡਰਾਂ ਵਾਲਿਆਂ ਦੀਆਂ ਟੇਪਾਂ ਸੁਣਕੇ ਹਰ ਸੋਚ ਵਾਲਾ ਬੰਦਾ ਇਹ ਅਨੁਭਵ ਕਰ ਸਕਦਾ ਹੈ ਕਿ ਇਸ ਬੰਦੇ ਦੀ ਸੋਚ ਮਨੁੱਖਤਾ ਲਈ ਕਿਸ ਤਰ੍ਹਾਂ ਖਤਰਨਾਕ ਸਾਬਤ ਹੋ ਸਕਦੀ ਹੈ। ਦੂਜਾ ਟਪਲਾ ਜਸਵੰਤ ਸਿੰਘ ਕੰਵਲ ਨੇ ਉਸ ਵੇਲੇ ਖਾਧਾ ਜਦੋਂ ਉਸਨੇ ਭਈਆਂ ਵਿਰੁਧ ਬਿਆਨ ਦੇ ਦਿਤੇ ਕਿ ਉਹ ਪੰਜਾਬ ਦੇ ਸਭਿਆਚਾਰ ਲਈ ਖਤਰਾ ਹਨ। ਕੰਵਲ ਜਦੋਂ ਹਿੰਦੋਸਤਾਨ ਦੀ ਸਰਮਾਏਦਾਰੀ ਉਤੇ ਉਂਗਲ ਰਖਦਾ ਹੈ ਤਾਂ ਉਹ 'ਲਹੂ ਦੀ ਲੋਅ' ਦਾ ਲੇਖਕ ਲਗਦਾ ਹੈ, ਪਰ ਜਦੋਂ ਉਹ ਗਰੀਬ ਭਈਆਂ ਉਪਰ ਉਂਗਲ ਰਖਦਾ ਹੈ ਤਾਂ ਇਕ ਫਾਸ਼ੀ ਜ਼ਹਿਨੀਅਤ ਦਾ ਪਰਗਟਾਵਾ ਕਰਦਾ ਹੈ। ਰੁਜ਼ਗਾਰ ਲਈ ਬਾਹਰੋਂ ਆਏ ਮਜ਼ਦੂਰ ਲੋਕਾਂ ਵਾਸਤੇ ਪ੍ਰਗਟਾਈ ਨਫਰਤ ਦਸਦੀ ਹੈ ਕਿ ਬੁਨਿਆਦੀ ਤੌਰ ਤੇ ਉਹ ਆਪਣੇ ਜੱਟਵਾਦ ਨੂੰ ਨਹੀਂ ਮੁਕਾ ਸਕਿਆ। ਜੱਟ ਹੋਣਾ ਚੰਗੀ ਗੱਲ ਹੈ, ਕਿਉਂਕਿ ਜੱਟ ਸ਼ਬਦ ਨਾਲ ਮਿੱਟੀ ਨਾਲ ਮਿੱਟੀ ਹੋਣ ਵਾਲੇ ਕਿਸਾਨ ਦਾ ਨਾਂ ਜੁੜਦਾ ਹੈ, ਪਰ ਜੱਟਵਾਦ ਫੁਕਰੀਆਂ ਸਰਦਾਰੀਆਂ ਦਾ ਪ੍ਰਤੀਕ ਹੈ। ਤੀਜਾ ਟਪਲਾ ਕੰਵਲ ਨੇ ਉਸ ਵੇਲੇ ਖਾਧਾ ਜਦੋਂ ਪ੍ਰਦੇਸ ਗਏ ਪੰਜਾਬੀਆਂ ਵਿਰੁਧ ਉਸਨੇ ਨਿਖੇਧਾਤਮਕ ਰੂਪ ਵਿਚ ਵਿਚਾਰ ਦਿਤੇ। ਕੰਵਲ ਵਿਰੁਧ ਦੇਸ ਅਤੇ ਪ੍ਰਦੇਸ ਦੋਨਾਂ ਥਾਵਾਂ ਤੇ ਤਿਖੇ ਪ੍ਰਤੀਕਰਮ ਹੋਏ ਹਨ। ਉਹ ਉਹਦੇ ਇਕ ਵੱਲ ਦੇ ਪ੍ਰਸੰਸਕਾਂ ਵਲੋਂ ਹੋਏ ਹਨ। ਕੰਵਲ ਨੂੰ ਉਹਨਾਂ ਵਲ ਧਿਆਨ ਦੇਣਾ ਚਾਹੀਦਾ ਹੈ। ਆਪਣੇ ਸਟੈਂਡ ਤੇ ਡਟੇ ਰਹਿਣ ਵਾਲੀ ਜ਼ਿਦ (ਜਨਵਰੀ 1984-ਸਮਤਾ) ਨਹੀਂ ਕਰਨੀ ਚਾਹੀਦੀ। ਲੇਖਕ ਨੂੰ ਆਪਣੇ ਆਲੋਚਕਾਂ ਦੀ ਰਾਏ ਦਾ ਸਤਿਕਾਰ ਕਰਨਾ ਚਾਹੀਦਾ ਹੈ। ਰਾਜਨੀਤੀ ਦੇ ਲੋਕਾਂ ਵਾਂਗਨ ਜ਼ਿਦੀ, ਹੈਂਕੜਬਾਜ਼ ਜਾਂ ਸਿਰਫ ਧੜੇ ਨੂੰ ਪਾਲਣ ਵਾਲਾ ਨਹੀਂ ਹੋਣਾ ਚਾਹੀਦਾ। ਲੇਖਕ ਕਿਸੇ ਕੁਰਸੀ ਦੇ ਦਾਅ ਵਿਚ ਨਹੀਂ ਹੁੰਦਾ। ਮੈਂ ਕੰਵਲ ਦੇ ਆਲੋਚਕਾਂ ਅਗੇ ਵੀ ਬੇਨਤੀ ਕਰਾਂਗਾ ਕਿ ਵਿਚਾਰਾਂ ਦੀ ਲੜਾਈ ਵਿਚ ਬਹੁਤਾ ਨਿੱਜ ਦੀਆਂ ਗੱਲਾਂ ਲੈ ਕੇ ਭੰਡੀ ਪ੍ਰਚਾਰ ਕਰਨਾ ਅੱਛਾ ਅਮਲ ਨਹੀਂ।

ਪ੍ਰੋ: ਭਾਰਦਵਾਜ, ਜਸਵੰਤ ਸਿੰਘ ਕੰਵਲ, ਤੇ ਹੁਣ ਸੰਤ ਰਾਮ ਉਦਾਸੀ (ਵਤਨੋਂ ਦੂਰ—ਜੁਲਾਈ ਅੰਕ) ਜੇਕਰ ਪੰਜਾਬ ਬਾਰੇ, ਕਿਸਾਨੀ ਬਾਰੇ ਕੁਝ ਫਿਕਰ ਜ਼ਾਹਰ ਕਰਦੇ ਹਨ ਤਾਂ ਉਹਨਾਂ ਦੀ ਸ਼ਖਸੀਅਤਾਂ ਵਿਚ ਆਈਆਂ ਤਬਦੀਲੀਆਂ ਦੀ ਵਿਗਿਆਨਕ ਚੀਰਫਾੜ ਤਾਂ ਹੋ ਸਕਦੀ ਹੈ ਪਰ ਉਹਨਾਂ ਦੀ ਸੁਹਿਰਦਤਾ ਤੇ ਸ਼ੰਕਾ ਕਰਦੇ ਇਕ ਦਮ ਉਹਨਾਂ ਦੀ ਸਾਰੀ ਦੇਣ ਤੇ ਲੀਕ ਫੇਰ ਦੇਣੀ ਠੀਕ ਨਹੀਂ ਹੋਵੇਗਾ। ○

## 4. ਕੰਵਲ ਬਨਾਮ ਨੁਟ ਹੈਮਸਨ/ਅਮਰਜੀਤ ਢਿਲੋਂ

ਨਾਰਵੇ ਦਾ ਸਰਵ-ਸਰੇਸ਼ਟ ਨਾਵਲਕਾਰ ਨੁਟ ਹੈਮਸਨ (ਜਿਸਨੂੰ ਉਸਦੇ ਭੁੱਖ ਨਾਵਲ ਨੇ ਸਿਖਰਾਂ ਤੇ ਪਹੁੰਚਾ ਦਿੱਤਾ ਸੀ)—ਜਦ ਪਹਿਲੀ ਸੰਸਾਰ ਜੰਗ ਵਿਚ ਹਿਟਲਰ ਤੇ ਨਾਜ਼ੀ ਜਰਮਨੀ ਦੇ ਹੱਕ ਵਿਚ ਆਵਾਜ਼ ਉਠਾਉਣ ਲੱਗ ਪਿਆ ਤਾਂ ਉਸ ਦੇ ਪਾਠਕਾਂ ਨੇ ਪ੍ਰੋਟੈਸਟ ਕੀਤਾ ਪਰ ਨੁਟ ਹੈਮਸਨ ਨੇ ਆਪਣਾ ਰਵੱਈਆ ਨਾ ਬਦਲਿਆ ਤੇ ਉਸੇ ਤਰ੍ਹਾਂ ਹਿਟਲਰ ਦੇ ਗੁਣ ਗਾਉਂਦਾ ਰਿਹਾ। ਅਖੀਰ ਲੋਕਾਂ ਨੇ ਆਪਣੀ ਨਾਰਾਜ਼ਗੀ ਅਤੇ ਨਫ਼ਰਤ ਜ਼ਾਹਿਰ ਕਰਨ ਲਈ 'ਭੁੱਖ' ਨਾਵਲ ਦੀਆਂ ਕਾਪੀਆਂ ਇਕੱਠੀਆਂ ਕਰਕੇ ਇਕ ਜਗ੍ਹਾ ਅੱਗ ਲਗਾ ਦਿੱਤੀ ਸੀ।

ਜਸਵੰਤ ਸਿੰਘ ਕੰਵਲ ਜਿਸ ਨੂੰ 'ਰਾਤ ਬਾਕੀ ਹੈ' ਅਤੇ 'ਲਹੂ ਦੀ ਲੋਅ' ਨੇ ਮਸ਼ਹੂਰੀ ਦੀ ਸਿਖਰ ਤੇ ਪਹੁੰਚਾ ਦਿੱਤਾ। ਅੱਜ ਨੁਟ ਹੈਮਸਨ ਵਾਂਗ ਭਿੰਡਰਾਂ ਵਾਲਿਆਂ ਦੇ ਗੁਣ ਗਾ ਰਿਹਾ ਹੈ। ਕਿਉਂ ਨਾ ਅਸੀਂ ਸਾਰੇ ਇਕੋ ਦਿਨ ਪੰਜਾਬੀ ਦੇ ਇਸ ਨੁਟ ਹੈਮਸਨ ਨੂੰ ਸਜ਼ਾ ਦੇਣ ਲਈ ਆਪਣੇ ਘਰਾਂ ਚੋਂ ਲਹੂ ਦੀ ਲੋਅ ਦੀਆਂ ਕਾਪੀਆਂ ਇਕ ਜਗ੍ਹਾ ਲਿਆ ਕੇ ਇਕੱਠੀਆਂ ਕਰਕੇ ਅੱਗ ਦੀ ਭੇਟ ਕਰ ਦੇਈਏ ਅਤੇ ਅਗਾਂਹ ਤੋਂ ਕਸਮ ਪਾ ਲਈਏ ਇਸ ਲੇਖਕ ਦਾ ਨਾਮ ਵੀ ਨਾ ਸੁਣਨ ਜਾਂ ਪੜ੍ਹਨ ਦੀ। ਸਾਡੀ ਵੀ ਤਾਂ ਕਮਜ਼ੋਰੀ ਹੈ ਅਸੀਂ ਇਕ ਆਦਮੀ ਨੂੰ ਆਪਣੇ ਜਜ਼ਬਾਤ ਨਾਲ ਖਿਲਵਾੜ ਕਰਨ ਦੇਈ ਜਾ ਰਹੇ ਹਾਂ। ਪ੍ਰੋ. ਭਾਰ-ਦਵਾਜ ਅਤੇ ਕੰਵਲ ਨੂੰ ਅਕਾਲੀ ਟਿਕਟ ਤੇ ਚੋਣ ਲੜਨ ਦਿਉ। ਅਸੀਂ ਉਹਨਾਂ ਦਾ ਜ਼ਿਕਰ ਕਰਕੇ ਖਾਹ-ਮਖਾਹ ਵਕਤ ਬਰਬਾਦ ਕਿਉਂ ਕਰੀਏ। ਕੰਵਲ ਦੇ ਇਸ ਭਾਵਕ ਰੋਮਾਂਟਿਕ-ਇਨਕਲਾਬ ਦਾ ਸ਼ਿਕਾਰ ਹੋ ਕੇ ਪੰਜਾਬ ਦੇ ਸੈਂਕੜੇ ਨੌਜਵਾਨ ਦਮ ਤੋੜ ਚੁੱਕੇ ਹਨ। ਹੁਣ ਫਿਰ ਅਸੀਂ ਉਸਦੇ ਅੰਨ੍ਹੇ ਜੱਟਵਾਦ ਦਾ ਸ਼ਿਕਾਰ ਹੋ ਕੇ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਿਉਂ ਕਰੀਏ। ਮਹਿਲਾਂ 'ਚ ਬੈਠ-ਹਾਣੀ, ਰਾਤ ਬਾਕੀ ਹੈ ਅਤੇ ਲਹੂ ਦੀ ਲੋਅ ਲਿਖਣੇ ਸੁਖਾਲੇ ਹਨ ਪਰ ਆਪਣੇ ਲੋਕਾਂ ਦਾ ਸਾਥ ਦੇਣਾ ਬਹੁਤ ਔਖਾ ਹੈ। ਰਾਤ ਬਾਕੀ ਹੈ ਦਾ 'ਚਰਨ' ਅਤੇ ਲਹੂ ਦੀ ਲੋਅ ਦਾ 'ਪ੍ਰੀਤੂ' ਸਾਡੇ ਕੋਲ ਸ਼ਰਮਿੰਦੇ ਹੋਏ ਖੜੇ ਹਨ। ਉਹ ਵਾਰ ਵਾਰ ਕਹਿ ਰਹੇ ਹਨ ਅਸੀਂ ਮਰੇ ਨਹੀਂ, ਸਾਨੂੰ ਮਾਰਿਆ ਗਿਆ ਹੈ। ਸਾਡੀ ਕਾਤਲ ਇਕੱਲੀ ਪੁਲੀਸ ਹੀ ਨਹੀਂ, ਜਸਵੰਤ ਸਿੰਘ ਕੰਵਲ ਵੀ ਹੈ। ਤੇ ਮੈਂ ਵਾਰ ਵਾਰ ਸੋਚ ਰਿਹਾ ਹਾਂ ਕਿ ਕਿਉਂ ਨਾ ਇਨ੍ਹਾਂ ਪਾਤਰਾਂ ਦਾ ਸੰਸਕਾਰ ਵੀ ਕਰ ਦਿੱਤਾ ਜਾਵੇ। ਇਨ੍ਹਾਂ ਨੂੰ ਨਾਵਲਾਂ ਦੀ ਅੱਗ ਦੀ ਭੇਟ ਕਰਕੇ। ○